ਬਾਰ੍ਹਵਾਂ ਸਾਲ

PARDES TIMES

12th year in Publication

# ਪਰਦੇਸ ਟਾਇਮਜ਼

www.pardestimes.com

ਬਲਬੀਰ ਸਿੰਘ ਐਮ ਏ (ਮੁੱਖ ਸੰਪਾਦਕ)

ਮਾਂ ਬੋਲੀ ਨੂੰ ਸਮਰਪਿਤ

pardestimes

ਰਣਜੀਤ ਕੰਦੋਲਾ ਐਮ. ਬੀ. ਏ. ਮੈਨੇਜਿੰਗ ਐਡੀਟਰ

VOL- 12 No. 290 March 14, 2018 E-mali : info@pardestimes.com Ph 510-938-7771 Ph510-516-3536 (Yuba City) 530-315-1020


# ਕੌਮੀ ਏਕਤਾ ਨੂੰ ਮੁੱਖ ਰੱਖਦਿਆਂ ਕੈਲੇਫੋਰਨੀਆਂ ਦੇ ਫਰੀਮੌਂਟ ਗੁਰੂ ਘਰ ਵਿੱਚ ਸਰਬ-ਸੰਮਤੀ ਨਾਲ ਚੋਣ ਹੋਈ













ਸੇਨਫਰਾਂਸਿਸਕੋ- ਲੰਘ ਰਹੇ ਸਮੇ ਵਿੱਚ ਸਿੱਖ ਕੌਮ ਨੂੰ ਬਹੁਤ ਵੱਡੀਆਂ ਦਰਪੇਸ਼ ਚਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਦੁਸ਼ਮਣ ਕਈ ਢੰਗਾਂ ਨਾਲ ਸਾਡੇ ਵਿੱਚ ਪ੍ਰਵੇਸ਼ ਕਰ ਚੁੱਕਾ ਹੈ, ਉਸ ਨੂੰ ਮਾਤ ਦੇਣ ਲਈ ਸਿੱਖਾਂ ਨੂੰ ਜਾਗਣਾ ਜਰੂਰੀ ਹੋ ਗਿਆ ਹੈ, ਕਿਉਕਿ ਸਾਡੇ ਆਪਣੇ ਹੀ ਭਰਾ ਇਕ ਦੂਜੇ ਦੇ ਦੁਸ਼ਮਣ ਬਣੀ ਬੈਠੇ ਹੋਏ ਹਨ।

ਵਿਦੇਸ਼ਾਂ ਵਿੱਚ ਸਿੱਖ ਦੀ ਅਜਾਦ ਸੋਚ ਹੋਣ ਕਰਕੇ ਕੌਮ ਪ੍ਰਤੀ ਸੱਚੀਆਂ ਭਾਵਨਾਵਾਂ ਬਣ ਰਹੀਆਂ ਹਨ ਜੋ ਕਿ ਸਿੱਖ ਕੌਮ ਲਈ ਲਾਹੇਵੰਦ ਸਾਬਤ ਹੋ ਸਕਦੀਆਂ ਹਨ। ਸਮੇਂ ਦੀ ਨਜਾਕਤ ਨੂੰ ਸਮਝਦਿਆਂ ਕੈਲੇਫੋਰਨੀਆਂ ਦੇ ਫਰੀਮਾਂਟ ਗੁਰਦਵਾਰਾ ਸਾਹਿਬ ਵਿੱਚ ਸੁਚੱਜੇ ਗੁਰਸਿੱਖਾਂ ਵੱਲੋ "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ" ਦੀ ਅਪਾਰ ਕਿਰਪਾ ਨਾਲ "ਕੌਮੀ ਏਕਤਾਂ" ਨੂੰ ਮੱਦੇ ਨਜਰ ਰੱਖਦਿਆਂ ਗੁਰਬਾਣੀ ਫੁਰਮਾਨ:

ਹੋਇ ਇਕਤ੍ਰ ਮਿਲਹੁ ਮੇਰੇ ਭਾਈ,
ਦੁਬਿਧਾ ਦੂਰਿ ਕਰਹੁ ਲਿਵ ਲਾਇ॥
ਗੁਰ ਸਿਖ ਮੀਤ ਚਲਹੁ ਗੁਰ ਚਾਲੀ॥
ਜੋ ਗੁਰੁ ਕਹੈ ਸੋਈ ਭਲ ਮਾਨਹੁ ਹਰਿ
ਹਰਿ ਕਥਾ ਨਿਰਾਲੀ॥

ਦੇ ਹੁਕਮ ਅਨੁਸਾਰ ਗੁਰਦਵਾਰਾ ਫਰੀਮਾਂਟ ਕੈਲੇਫੋਰਨੀਆਂ ਲਈ ਪੰਜ ਮੈਂਬਰਾਂ ਦੀ ਚੋਣ ਕੀਤੀ ਗਈ। ਸੰਗਤ ਦੀ ਹਾਜਰੀ ਵਿੱਚ ਅੱਜ ਗੁਰੂ ਘਰ ਵਿਖੇ ਭਾਈ ਜਸਵਿੰਦਰ ਸਿੰਘ ਜੰਡੀ, ਭਾਈ ਹਰਿੰਦਰਪਾਲ ਸਿੰਘ, ਹਰਮਿੰਦਰਪਾਲ ਸਿੰਘ ਸੋਢੀ, ਭਾਈ ਕੁਲਜੀਤ ਸਿੰਘ ,ਬੀਬੀ ਅਰਵਿੰਦਰਜੀਤ ਕੌਰ, ਪੰਜ ਮੈਬਰਾਂ ਨੂੰ ਸਿਰਪਾਉ ਦੇ ਕੇ ਗੁਰੂ ਘਰ ਦਾ ਪ੍ਰਬੰਧ ਚਲਾਉਣ ਲਈ ਸੰਗਤ ਵੱਲੋ ਸੇਵਾ ਦਿੱਤੀ ਗਈ। ਇਸ ਤਰਾਂ ਗੁਰੂ ਘਰ ਦੀ ਸਰਬਸੰਮਤੀ ਨਾਲ ਹੋਰ ਵੀ ਦੇਸ਼ਾਂ ਵਿਦੇਸ਼ਾਂ ਦੇ ਗੁਰੂ ਘਰ ਦੇ ਪ੍ਰਬੰਧਕਾਂ ਅਤੇ ਪੰਥਕ ਜਥੇਬੰਦੀਆਂ ਤੇ ਕੌਮੀ ਏਕਤਾ ਦਾ ਚੰਗਾ ਪ੍ਰਭਾਵ ਪਏਗਾ। ਸਿਆਣੇ (ਗੁਰ ਸਿੱਖਾਂ) ਨੂੰ ਬੇਨਤੀ ਹੈ ਕਿ ਆਪਣੀਆਂ ਹਉਮੇ, ਚੌਧਰਾਂ ਨੂੰ ਤਿਆਗ ਕੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਹੁਕਮ :-

ਸਭੇ ਛਡਿ ਸਿਆਣਪਾ ਗੁਰ ਕੀ
ਪੈਰੀ ਪਾਹਿ॥"

ਦੇ ਅਨੁਸਾਰ ਸਮੇਂ ਦੀ ਮੁੱਖ ਮੰਗ "ਸਰਬਸੰਮਤੀਆਂ" ਕਰੋ ਅਤੇ ਸੁੱਚਜੇ ਪ੍ਰਬੰਧਕ ਬਣਕੇ ਪੰਥ ਦੀ ਗੁਰ ਸੰਗਤਾਂ ਦੀ ਸੇਵਾ ਕਰੋ ਤੇ ਦੁਸ਼ਮਣ ਤਾਕਤਾਂ ਦਾ ਮੂੰਹ ਭੰਨ ਦਿਉ।

*******************************


A-1 INTERIOR DECORATION INC.
BEST PRICES IN THE BAY AREA
- KITCHEN CABINETS
- GRANITE COUNTERTOPS
- SINKS & FAUCETS
- HARDWOOD & LAMINATE FLOORS
- DOORS AND WINDOWS
- REMODLING & NEW CONSTRUCTION
FREE ESTIMATES

CELL 510 565-6667 OFFICE 510 732-1555 FAX 510 732-0555
Visit our showroom NOW!!!
3165 ARDEN ROAD, HAYWARD CA- 94545


Allstate. You're in good hands.
Avninder Singh
Insurance Specialist, CA Lic. # 0822501
Auto - Home - Life - Health - Business - Commercial
PH.(510) 441-7490
Toll free (877) 441-7490
30042 MISSION BLVD. SUITE 221 HAYWARD, CA 94544

ਜਸਪਰੀਤ ਸਿੰਘ

ਅਟਾਰਨੀ ਐਟ ਲਾਅ, ਨਿਊਯਾਰਕ ਤੇ ਕੈਲੀਫੋਰਨੀਆ
ਰਫਿਊਜੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ, ਵਿਆਹ, ਐਚ ਵਨ, ਐਲ ਵਨ, ਲੇਬਰ ਸਰਟੀਫਿਕੇਸ਼ਨ ਦੀ ਮੁਫਤ ਸਲਾਹ ਲਈ ਸੰਪਰਕ ਕਰੋ
ਕੈਲੀਫੋਰਨੀਆ ਦਫਤਰ: 44790 S. Grimmer blvd. # 204 Fremont, CA 94538 510-657-6444
ਨਿਊਯਾਰਕ ਦਫਤਰ: 37-18-73rd ST. Ste 401 Jackson Height. NY 11372 718-533-8444
ਸੈਕਰਾਮੈਂਟੋ ਦਫਤਰ: 2945 W. Capitol Ave. West Sacramento CA-95691 916-372-448
ਫਰਿਜ਼ਨੋ ਦਫਤਰ: 4491 w. Shaw Ave # 300B Near Costco Fresno, CA 93722 phone 559-271-5511

Joshi Law Firm
Attorneys at Law ਅਟਾਰਨੀ ਐਟ ਲਾਅ
www.joshilawfirm.com info@joshilawfirm.com
ਇਮੀਗ੍ਰੇਸ਼ਨ ਡਿਪੋਰਟੇਸ਼ਨ ਅਸਾਈਲਮ ਸਿਟੀਜਨਸ਼ਿਪ ਗਰੀਨ ਕਾਰਡ ਫੈਮਲੀ ਪਟੀਸ਼ਨ ਵਿਆਹ ਦੇ
ਆਧਾਰ ਤੇ ਗਰੀਨ ਕਾਰਡ ਐਡਜਸਟਮੈਂਟ ਆਫ ਸਟੇਟਸ ਫੈਮਲੀ ਲਾਅ ਤਲਾਕ ਦੀ
ਪਟੀਸ਼ਨ ਬੱਚੇ ਦੀ ਕਸਟਡੀ ਭੱਤਾ ਜਾਂ ਖਰਚਾ ਬੱਚਿਆਂ ਲਈ ਖਰਚਾ

TANVIR JOSHI
SBN: 302226
(559) 312-0083 (O) (888) 630-1230 (F)
516 W. SHAW AVE STE 200 FRESNO, CA 93704

COVERED CALIFORNIA
Certified Insurance Agent
Global Green INSURANCE AGENCY

Gurdawar Singh Mann
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM

Gurcharan Singh Mann
Mann Insurance Brokers Inc.
4123 Dyer St., #230, Union City, CA 94587


See me today and get the discounts and service you deserve
STATE FARM INSURANCE
Gurbinder S Mavi
Insurance Lic# 0F22244
Bus: 650-326-0660, Cell : 408-829-6284
988 El Monte Ave Mountain View, CA 94040
Like a Good Neighbor, State Farm is There www.gmavi.com
State farm mutual Automobile Insurance Company. State Farm Indemnity Company Bloomington. IL

AUTOBAHN Body & Paint

Specializing in Convenience & Quality

ਡੈਂਟਿੰਗ ਅਤੇ ਪੇਂਟ ਦਾ ਕੰਮ ਕਰਵਾਉਣ ਲਈ ਮਿਲੋ
Baghel Singh Jaswal
Ph: (650) 966-1840, Fax: (650) 966-1023
www.autobahnbodypaint.com
778 Yuba Drive, Mountain View, CA 94041

COVERED CALIFORNIA
Punjab Insurance Brokers Inc.
www.punjabinsurance.com
DBA in CA Punjab Financial & Insurance Services

MONEY BACK LIFE INSURANCE
MONEY BACK CRITICAL ILLNESS INSURANCE
MONEY BACK DISABILITY INSURANCE
DENTAL INSURANCE & VISITORS INSURANCE
Call: 1-888-978-6522
CA LIc# 0I27763
Inderjeet S Mann

# ਭਾਰਤ 'ਚ ਸਿਆਸਤ ਸਭ ਤੋਂ ਬਿਹਤਰ ਧੰਦਾ ਬਣ ਗਈ ਹੈ



ਪੂਨਮ ਆਈ ਕੌਸ਼ਿਸ਼

ਨੀਰਵ ਮੋਦੀ ਵੱਲੋਂ ਪੰਜਾਬ ਨੈਸ਼ਨਲ ਬੈਂਕ ਨਾਲ ਕੀਤੇ ਗਏ 11400 ਕਰੋੜ ਰੁਪਏ ਦੇ ਘਪਲੇ ਦੌਰਾਨ ਝੂਠ, ਕੋਰੇ ਝੂਠ ਸੁਣਨ ਨੂੰ ਮਿਲ ਰਹੇ ਹਨ ਅਤੇ ਵੱਖ-ਵੱਖ ਤਰ੍ਹਾਂ ਦੇ ਅੰਕੜੇ ਦਿਖਾਏ ਜਾ ਰਹੇ ਹਨ, ਜਿਸ ਕਾਰਨ ਭ੍ਰਿਸ਼ਟਾਚਾਰ ਵਿਰੁੱਧ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਨਾਅਰਾ ਬੇਅਸਰ ਸਿੱਧ ਹੋ ਰਿਹਾ ਹੈ। ਲੱਗਦਾ ਹੈ ਕਿ ਅੱਜ ਸਿਆਸਤ ਸਭ ਤੋਂ ਬਿਹਤਰ ਧੰਦਾ ਬਣ ਗਈ ਹੈ ਅਤੇ ਸਾਡੇ ਨੇਤਾਵਾਂ ਦੀ ਸਭ ਤੋਂ ਵੱਡੀ ਜਾਇਦਾਦ ਉਨ੍ਹਾਂ ਦੀ ਜ਼ਿੰਮੇਵਾਰੀ ਬਣ ਗਈ ਹੈ। ਲੋਕ ਸਭਾ ਦੇ 26, ਰਾਜ ਸਭਾ ਦੇ 11 ਪਾਰਲੀਮੈਂਟ ਮੈਂਬਰਾਂ ਅਤੇ 257 ਵਿਧਾਇਕਾਂ ਦੀ ਆਮਦਨ ਅਤੇ ਜਾਇਦਾਦਾਂ ਵਿੱਚ 2009-14 ਦਰਮਿਆਨ 500 ਤੋਂ ਲੈ ਕੇ 1200 ਫੀਸਦੀ ਤੱਕ ਵਾਧਾ ਹੋਇਆ ਹੈ ਅਤੇ ਇਹ ਗੱਲ ਉਨ੍ਹਾਂ ਵੱਲੋਂ ਚੋਣ ਕਮਿਸ਼ਨ ਨੂੰ ਦਿੱਤੇ ਗਏ ਹਲਫਨਾਮੇ ਵਿੱਚ ਕਹੀ ਗਈ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਉਨ੍ਹਾਂ ਨੇ ਆਪਣੇ ਅਹੁਦੇ ਦੀ ਕਿਸ ਤਰ੍ਹਾਂ ਦੁਰਵਰਤੋਂ ਕੀਤੀ ਹੈ। ਇਸ ਗੱਲ ਤੋਂ ਚਿੰਤਤ ਸੁਪਰੀਮ ਕੋਰਟ ਨੇ ਉਮੀਦਵਾਰਾਂ ਲਈ ਇਹ ਲਾਜ਼ਮੀ ਕਰ ਦਿੱਤਾ ਹੈ ਕਿ ਉਹ ਆਪਣੇ ਬੱਚਿਆਂ, ਪਤੀ/ਪਤਨੀ ਦੀ ਆਮਦਨ ਦੇ ਜਾਣਕਾਰ ਸੋਮਿਆਂ ਨੂੰ ਜਨਤਕ ਕਰਨ ਤੇ ਨਾਲ ਸਰਕਾਰੀ ਠੇਕਿਆਂ ਆਦਿ ਵਿੱਚ ਆਪਣੀ ਹਿੱਸੇਦਾਰੀ ਬਾਰੇ ਵੀ ਦੱਸਣ ਤਾਂ ਕਿ ਵੋਟਰ ਕਿਸੇ ਉਮੀਦਵਾਰ ਬਾਰੇ ਆਪਣੀ ਰਾਏ ਬਣਾ ਸਕਣ।

ਅਦਾਲਤ ਨੇ ਪਾਰਲੀਮੈਂਟ ਅਤੇ ਚੋਣ ਕਮਿਸ਼ਨ ਦੀ ਇਸ ਗੱਲ ਲਈ ਆਲੋਚਨਾ ਕੀਤੀ ਹੈ ਕਿ ਇਸ ਸਮੱਸਿਆ ਵੱਲ ਉਨ੍ਹਾਂ ਨੇ ਕੋਈ ਧਿਆਨ ਨਹੀਂ ਦਿੱਤਾ। ਅਦਾਲਤ ਨੇ ਹੈਰਾਨੀ ਪ੍ਰਗਟਾਈ ਕਿ ਕਾਰਜ ਪਾਲਿਕਾ ਨੇ ਚੋਣ ਨਿਯਮਾਂ 'ਚ ਤਬਦੀਲੀ ਕਿਉਂ ਨਹੀਂ ਕੀਤੀ, ਤਾਂ ਕਿ ਗਲਤ ਢੰਗ ਨਾਲ ਬਣਾਈ ਜਾਇਦਾਦ ਨੂੰ ਚੋਣ ਲੜਨ ਲਈ ਅਯੋਗਤਾ ਮੰਨਿਆ ਜਾਵੇ ਤੇ ਨਾਲ ਅਪਰਾਧ ਵੀ। ਸਵਾਲ ਉਠਦਾ ਹੈ ਕਿ ਕੋਈ ਬੇਰੋਜ਼ਗਾਰ ਲੋਕ ਸੇਵਕ ਭਾਰੀ ਜਾਇਦਾਦਾਂ ਕਿਵੇਂ ਬਣਾ ਸਕਦਾ ਹੈ? ਕੀ ਉਹ ਕੋਈ ਨਿੱਜੀ ਕਾਰੋਬਾਰ ਕਰਦੇ ਹਨ? ਕੀ ਉਹ ਦੇਸ਼ ਦੇ ਹਿੱਤ ਵਿੱਚ ਜਾਂ ਆਪਣੇ ਹਿੱਤ ਵਿੱਚ ਕੰਮ ਕਰਦੇ ਹਨ? ਕੀ ਉਹ ਆਮਦਨ ਟੈਕਸ ਦਿੰਦੇ ਹਨ? ਕੀ ਕੋਈ ਅਜਿਹਾ ਨਿਯਮ ਜਾਂ ਕਾਨੂੰਨ ਹੈ, ਜਿਸ ਨਾਲ ਉਨ੍ਹਾਂ ਨੂੰ ਪੁੱਛਿਆ ਜਾਵੇ ਕਿ ਉਨ੍ਹਾਂ ਨੇ ਇਹ ਜਾਇਦਾਦ ਕਿਵੇਂ ਬਣਾਈ? ਸਵਿਸ ਬੈਂਕ ਤੇ ਹੋਰ ਥਾਵਾਂ 'ਤੇ ਰੱਖੇ ਕਾਲੇ ਧਨ ਬਾਰੇ ਸਰਕਾਰ ਦੀ ਕੀ ਰਾਏ ਹੈ? ਸਾਡੇ ਟੈਕਸ ਅਧਿਕਾਰੀਆਂ ਨੇ ਇਨ੍ਹਾਂ ਖਾਤਿਆਂ ਅਤੇ ਪਨਾਮਾ ਪੇਪਰਜ਼ ਬਾਰੇ ਕੋਈ ਕਾਰਵਾਈ ਨਹੀਂ ਕੀਤੀ, ਜਦ ਕਿ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੂੰ ਅਜਿਹੇ ਹੀ ਮਾਮਲੇ ਵਿੱਚ ਸਜ਼ਾ ਵੀ ਸੁਣਾਈ ਗਈ ਹੈ।

ਉਮੀਦਵਾਰਾਂ ਵੱਲੋਂ ਆਪਣੇ ਨਾਮਜ਼ਦਗੀ ਪੱਤਰ ਭਰਦੇ ਸਮੇਂ ਕੀਤੇ ਐਲਾਨਾਂ ਨੂੰ ਦੇਖ ਕੇ ਹਾਸਾ ਆਉਂਦਾ ਹੈ। ਜ਼ਿਆਦਾ ਲੋਕਾਂ ਦੇ ਐਫੀਡੇਵਿਟ ਵਿੱਚ ਬਹੁਤ ਘੱਟ ਜਾਇਦਾਦਾਂ ਦਿਖਾਈਆਂ ਜਾਂਦੀਆਂ ਹਨ। ਇਸੇ ਲਈ ਕਹਿੰਦੇ ਹਨ ਕਿ ਕਿਸੇ ਦੇਸ਼ ਲਈ ਸਭ ਤੋਂ ਮਹਿੰਗਾ ਉਸ ਦਾ ਸਸਤਾ ਰਾਜਨੇਤਾ ਪੈਂਦਾ ਹੈ। ਨਹਿਰੂ-ਗਾਂਧੀ ਖਾਨਦਾਨ ਤੋਂ ਹੀ ਸ਼ੁਰ ਕਰੀਏ। ਇਸ ਪਰਵਾਰ ਨੇ ਭਾਰਤ 'ਤੇ ਲਗਭਗ ਛੇ ਦਹਾਕੇ ਰਾਜ ਕੀਤਾ। ਸੋਨੀਆ ਤੇ ਉਨ੍ਹਾਂ ਦੇ ਬੇਟੇ ਰਾਹੁਲ ਗਾਂਧੀ ਦੀ ਜਾਇਦਾਦ ਕਰੋੜਾਂ ਰੁਪਏ ਦੀ ਹੈ। ਸੋਨੀਆ ਗਾਂਧੀ ਦੀ ਜਾਇਦਾਦ 2.81 ਕਰੋੜ ਰੁਪਏ ਹੈ ਅਤੇ ਉਨ੍ਹਾਂ ਕੋਲ 6.26 ਲੱਖ ਦੇ ਦੋ ਪਲਾਟ ਅਤੇ ਇਟਲੀ ਵਿੱਚ 19.1 ਲੱਖ ਦਾ ਮਕਾਨ ਹੈ। ਇੰਨੀ ਰਕਮ ਨਾਲ ਉਹ ਦਿੱਲੀ ਵਿੱਚ ਡੀ ਡੀ ਏ ਦਾ ਫਲੈਟ ਖਰੀਦਣ ਬਾਰੇ ਵੀ ਕਦੇ ਨਹੀਂ ਸੋਚ ਸਕਦੀ। ਇਸ ਤੋਂ ਇਲਾਵਾ ਉਨ੍ਹਾਂ ਕੋਲ 62.26 ਲੱਖ ਰੁਪਏ ਦੇ ਗਹਿਣੇ ਵੀ ਹਨ। ਰਾਹੁਲ ਗਾਂਧੀ ਕੋਲ ਕੁੱਲ 9.40 ਕਰੋੜ ਰੁਪਏ ਦੀਆਂ ਜਾਇਦਾਦਾਂ ਹਨ, ਜਿਨ੍ਹਾਂ 'ਚੋਂ ਮਹਿਰੋਲੀ 'ਚ 1.32 ਕਰੋੜ ਰੁਪਏ ਦਾ ਫਾਰਮ ਹਾਊਸ ਹੈ, ਜਿਸ ਦਾ ਰਕਬਾ 4.69 ਕਰੋੜ ਹੈ। ਕੀ ਇਹ ਕੀਮਤ ਗਲਤ ਦੱਸੀ ਗਈ ਹੈ? ਇਸ ਦੀ ਕੀਮਤ 100 ਕਰੋੜ ਰੁਪਏ ਤੋਂ ਜ਼ਿਆਦਾ ਹੋਵੇਗੀ। ਇਸ ਤੋਂ ਇਲਾਵਾ ਉਨ੍ਹਾਂ ਕੋਲ ਫਰੀਦਾਬਾਦ ਵਿੱਚ ਛੇ ਏਕੜ ਦਾ ਇੱਕ ਪਲਾਟ ਹੈ, ਜਿਸ ਦੀ ਕੀਮਤ 28 ਲੱਖ ਰੁਪਏ ਹੈ, ਤਾਂ ਕਿ ਮਾਲ 'ਚ 1.58 ਕਰੋੜ ਰੁਪਏ ਦੀਆਂ ਦੋ ਦੁਕਾਨਾਂ ਹਨ। ਇਨ੍ਹਾਂ ਦੋਵਾਂ ਕੋਲ ਕਾਰਾਂ ਨਹੀਂ ਹਨ ਤੇ ਹੋਣਗੀਆਂ ਵੀ ਕਿਉਂ, ਕਿਉਂਕਿ ਸਾਰਾ ਭਾਰਤ ਉਨ੍ਹਾਂ ਦਾ ਹੈ।

ਭਾਜਪਾ ਦੇ ਪ੍ਰਧਾਨ ਅਮਿਤ ਸ਼ਾਹ ਨੇ 34.31 ਕਰੋੜ ਰੁਪਏ ਦੀ ਜਾਇਦਾਦ ਦਾ ਐਲਾਨ ਕੀਤਾ ਹੋਇਆ ਹੈ, ਜਿਸ ਵਿੱਚੋਂ 19.1 ਕਰੋੜ ਦੀਆਂ ਚੱਲ ਅਤੇ 15.30 ਕਰੋੜ ਦੀਆਂ ਅਚੱਲ ਜਾਇਦਾਦਾਂ ਹਨ। 2012 ਵਿੱਚ ਇੱਕ ਵਿਧਾਇਕ ਵਜੋਂ ਕੀਤੇ ਗਏ ਉਨ੍ਹਾਂ ਦੇ ਐਲਾਨ ਨੂੰ ਦੇਖੀਏ ਤਾਂ ਇਸ ਵਿੱਚ 300 ਫੀਸਦੀ ਦਾ ਵਾਧਾ ਹੋਇਆ ਹੈ, ਜਿਸ ਵਿੱਚ ਉਨ੍ਹਾਂ ਨੇ 1.90 ਕਰੋੜ ਰੁਪਏ ਦੀਆਂ ਚੱਲ ਅਤੇ 6.63 ਕਰੋੜ ਰੁਪਏ ਦੀਆਂ ਅਚੱਲ ਜਾਇਦਾਦਾਂ ਦਾ ਐਲਾਨ ਕੀਤਾ ਹੈ। ਬਸਪਾ ਦੀ ਨੇਤਾ ਮਾਇਆਵਤੀ ਦਾ ਆਪਣੀ ਅਥਾਹ ਜਾਇਦਾਦ ਬਾਰੇ ਕਹਿਣਾ ਹੈ ਕਿ ਜੇ ਠਾਕੁਰ ਅਤੇ ਬ੍ਰਾਹਮਣ ਕਰੋੜਪਤੀ ਹੋ ਸਕਦੇ ਹਨ ਤਾਂ ਦਲਿਤ ਦੀ ਧੀ ਕਿਉਂ ਨਹੀਂ? ਉਹ ਆਪਣੇ ਜਨਮ ਦਿਨਾਂ 'ਤੇ ਹੀਰਿਆਂ ਦੇ ਹਾਰ ਝਲਕਾਉਂਦੀ ਹੈ ਤਾਂ ਉਨ੍ਹਾਂ ਬਾਰੇ ਕੁਝ ਨਹੀਂ ਕਹਿੰਦੀ। ਇਸ 'ਤੇ ਮਾਇਆਵਤੀ ਦਾ ਕਹਿਣਾ ਹੈ ਕਿ ਇਹ ਸਾਰੀ ਮਾਇਆ ਉਸ ਦੇ ਸਮਰਥਕਾਂ ਦਾ ਪਿਆਰ ਹੈ।

ਸਮਾਜਵਾਦੀ ਪਾਰਟੀ ਦੇ ਮੁਖੀ ਮੁਲਾਇਮ ਸਿੰਘ ਯਾਦਵ ਦੀ ਜਾਇਦਾਦ ਵਿੱਚ 613 ਫੀਸਦੀ, ਉਨ੍ਹਾਂ ਦੀ ਨੂੰਹ ਡਿੰਪਲ ਦੀ ਜਾਇਦਾਦ ਵਿੱਚ 210 ਫੀਸਦੀ, ਮਰਾਠਾ ਨੇਤਾ ਸ਼ਰਦ ਪਵਾਰ ਦੀ ਧੀ ਦੀ ਜਾਇਦਾਦ ਵਿੱਚ ਦੁੱਗਣਾ ਵਾਧਾ ਹੋਇਆ ਹੈ। 2ਜੀ ਘਪਲੇ ਦੇ ਦੋਸ਼ੀ ਰਹੇ ਏ. ਰਾਜਾ ਦੀ ਜਾਇਦਾਦ ਸਿਰਫ 3.16 ਕਰੋੜ ਰੁਪਏ ਹੈ। ਚਾਰਾ ਘਪਲੇ ਦੇ ਦੋਸ਼ੀ ਲਾਲੂ ਯਾਦਵ ਦੀਆਂ ਜਾਇਦਾਦਾਂ ਬਾਰੇ ਕੁਝ ਨਾ ਹੀ ਕਿਹਾ ਜਾਵੇ ਤਾਂ ਚੰਗਾ ਹੈ। ਉਨ੍ਹਾਂ ਦੇ ਬੱਚੇ ਕਰੋੜਪਤੀ ਹਨ। ਕਾਂਗਰਸ ਦੇ ਇੱਕ ਪਾਰਲੀਮੈਂਟ ਮੈਂਬਰ ਦੀ ਜਾਇਦਾਦ 2004 ਵਿੱਚ ਸਿਰਫ 9.6 ਕਰੋੜ ਰੁਪਏ ਸੀ, ਜੋ 2009 ਤੱਕ ਵਧ ਕੇ 299 ਕਰੋੜ ਰੁਪਏ ਹੋ ਗਈ, ਭਾਵ ਇਸ ਦਾ 3000 ਫੀਸਦੀ ਦਾ ਵਾਧਾ ਹੋਇਆ ਹੈ। ਚਾਰ ਪਾਰਲੀਮੈਂਟ ਮੈਂਬਰਾਂ ਦੀ ਜਾਇਦਾਦ ਵਿੱਚ 12 ਫੀਸਦੀ ਵਾਧਾ ਹੋਇਆ, ਤਾਂ 12 ਪਾਰਲੀਮੈਂਟ ਮੈਂਬਰਾਂ ਨੇ 500 ਫੀਸਦੀ ਦਾ ਵਾਧਾ ਦਰਸਾਇਆ। ਇਸੇ ਤਰ੍ਹਾਂ ਰਾਜ ਸਭਾ ਦੇ ਅੱਠ ਮੈਂਬਰਾਂ ਨੇ 200 ਫੀਸਦੀ ਦਾ ਵਾਧਾ ਦਿਖਾਇਆ ਅਤੇ ਇਹ ਸਾਰੇ ਲੋਕ ਕਹਿੰਦੇ ਹਨ ਕਿ ਉਨ੍ਹਾਂ ਕੋਲ ਕੋਈ ਕੰਮ ਨਹੀਂ, ਫਿਰ ਵੀ 58 ਫੀਸਦੀ ਪਾਰਲੀਮੈਂਟ ਮੈਂਬਰ ਕਰੋੜਪਤੀ ਹਨ ਅਤੇ ਉਨ੍ਹਾਂ ਦੀ ਜਾਇਦਾਦ ਪੰਜ ਕਰੋੜ ਰੁਪਏ ਤੋਂ ਜ਼ਿਆਦਾ ਦੀ ਹੈ। ਜ਼ਿਆਦਾਤਰ ਨੇਤਾਵਾਂ ਨੇ ਐਫੀਡੇਵਿਟ ਵਿੱਚ ਆਪਣਾ ਕਾਰੋਬਾਰ ਖੇਤੀਬਾੜੀ, ਸਮਾਜਕ ਸੇਵਾ ਤੇ ਵਪਾਰ ਦਰਸਾਇਆ ਹੈ। ਇੱਕ ਨੇਤਾ ਨੇ ਆਪਣੇ ਕਾਰੋਬਾਰ ਨੂੰ 'ਸਰਕਾਰੀ ਸੇਵਾ' ਦੱਸਿਆ ਹੈ ਅਤੇ ਆਪਣੀ ਆਮਦਨ ਤਿੰਨ ਕਰੋੜ ਰੁਪਏ ਸਾਲਾਨਾ ਦਰਸਾਈ ਹੈ।

ਉਨ੍ਹਾਂ ਨੂੰ ਪੁੱਛਿਆ ਜਾਣਾ ਚਾਹੀਦਾ ਹੈ ਕਿ ਕਿਹੜੀ ਅਜਿਹੀ ਸਰਕਾਰੀ ਸੇਵਾ ਹੈ, ਜਿਸ ਵਿੱਚ ਸਾਲ ਦੇ ਤਿੰਨ ਕਰੋੜ ਰੁਪਏ ਮਿਲਦੇ ਹਨ? ਸਾਡੇ ਨੇਤਾ ਬਹੁਤ ਪੁਰਾਣੇ ਸਮੇਂ ਤੋਂ ਹਮੇਸ਼ਾ ਭ੍ਰਿਸ਼ਟਾਚਾਰ ਦਾ ਗੀਤ ਗਾਉਂਦੇ ਰਹੇ ਹਨ। ਇਸ ਕਾਰਨ 'ਭ੍ਰਿਸ਼ਟਾਚਾਰ ਮੁਕਤ ਭਾਰਤ' ਦਾ ਮੋਦੀ ਵੱਲੋਂ ਲਿਆ ਗਿਆ ਸੰਕਲਪ ਖੋਖਲਾ ਹੀ ਸਿੱਧ ਹੋਵੇਗਾ। ਜਦੋਂ ਜਨਤਕ ਕੰਮਾਂ ਦੀ ਵਰਤੋਂ ਨਿੱਜੀ ਲਾਭ ਲਈ ਅਤੇ ਜਾਇਦਾਦਾਂ ਬਣਾਉਣ ਲਈ ਕੀਤੀ ਜਾਂਦੀ ਹੈ ਤਾਂ ਸਿਆਸਤ ਵਪਾਰ ਬਣ ਜਾਂਦੀ ਹੈ। ਇਸੇ ਕਾਰਨ ਸਾਡੇ ਨੇਤਾਵਾਂ ਦੀ ਜਾਇਦਾਦ ਵਿੱਚ ਭਾਰੀ ਵਾਧਾ ਹੁੰਦਾ ਜਾਂਦਾ ਹੈ। ਲੋਕਾਂ ਨੂੰ ਇਹ ਗੱਲ ਸਮਝਣੀ ਪਵੇਗੀ।

ਦੇਖਣਾ ਇਹ ਹੈ ਕਿ ਕੀ ਸੁਪਰੀਮ ਕੋਰਟ ਦੇ ਫੈਸਲੇ ਨਾਲ ਕੇਂਦਰ ਨੂੰ ਕਾਨੂੰਨ ਬਦਲਣ ਲਈ ਮਜਬੂਰ ਹੋਣਾ ਪਵੇਗਾ ਤੇ ਜੇ ਅਜਿਹਾ ਹੁੰਦਾ ਹੈ ਤਾਂ ਇਹ ਨੇਤਾ ਅਯੋਗ ਕਰਾਰ ਦਿੱਤੇ ਜਾ ਸਕਦੇ ਹਨ। ਇਸ ਸਮੱਸਿਆ ਦੇ ਹੱਲ ਲਈ ਚੋਣ ਕਮਿਸ਼ਨ ਨੂੰ ਮਜ਼ਬੂਤ ਬਣਾਉਣਾ ਪਵੇਗਾ ਤੇ ਉਸ ਨੂੰ ਹੋਰ ਤਾਕਤਾਂ ਦੇਣੀਆਂ ਪੈਣਗੀਆਂ। ਕਮਿਸ਼ਨ ਨੂੰ ਅਜਿਹੇ ਨੇਤਾਵਾਂ ਵਿਰੁੱਧ ਕਾਰਵਾਈ ਕਰਨ ਦੀ ਤਾਕਤ ਦਿੱਤੀ ਜਾਣੀ ਚਾਹੀਦੀ ਹੈ, ਜਿਨ੍ਹਾਂ ਦੀ ਆਮਦਨ ਪੰਜ ਸਾਲਾਂ ਵਿੱਚ ਬਹੁਤ ਜ਼ਿਆਦਾ ਵਧ ਗਈ ਹੈ। ਉਨ੍ਹਾਂ ਦੀ ਪ੍ਰਾਪਰਟੀ ਦਾ ਬਾਜ਼ਾਰੀ ਮੁੱਲ ਜਾਣਨ ਲਈ ਮਾਹਰਾਂ ਦੀਆਂ ਸੇਵਾਵਾਂ ਲਈਆਂ ਜਾ ਸਕਦੀਆਂ ਹਨ ਅਤੇ ਉਨ੍ਹਾਂ ਲਈ ਇਨਕਮ ਟੈਕਸ ਰਿਟਰਨ ਭਰਨੀ ਵੀ ਲਾਜ਼ਮੀ ਕੀਤੀ ਜਾਣੀ ਚਾਹੀਦੀ ਹੈ। ਇਸ ਤੋਂ ਇਲਾਵਾ ਆਮਦਨ ਟੈਕਸ ਵਿਭਾਗ ਨੂੰ ਨੇਤਾਵਾਂ ਦੇ ਐਫੀਡੇਵਿਟ ਅਤੇ ਆਮਦਨ ਟੈਕਸ ਵੇਰਵੇ ਨਾਲ ਮਿਲਾਉਣਾ ਚਾਹੀਦਾ ਹੈ। ਜੇ ਜ਼ਰੂਰੀ ਹੋਵੇ ਤਾਂ ਇਸ ਦੇ ਲਈ ਅਕਾਊਂਟੈਂਟਸ ਦੀਆਂ ਸੇਵਾਵਾਂ ਲਈਆਂ ਜਾ ਸਕਦੀਆਂ ਹਨ। ਕਿਸੇ ਵਿਅਕਤੀ ਵੱਲੋਂ ਜਨਤਕ ਅਹੁਦਾ ਸੰਭਾਲਣ ਦੇ ਕਾਰਜਕਾਲ ਦੀ ਹੱਦ ਤੈਅ ਕੀਤੀ ਜਾ ਸਕਦੀ ਹੈ। ਸਾਡੇ ਨੇਤਾਵਾਂ ਨੂੰ ਸੀਜ਼ਰ ਦੀ ਪਤਨੀ ਵਾਂਗ ਸ਼ੱਕ ਤੋਂ ਪਰ੍ਹੇ ਰਹਿਣਾ ਚਾਹੀਦਾ ਹੈ ਤੇ ਲੋਕਾਂ ਸਾਹਮਣੇ ਮਿਸਾਲ ਬਣ ਕੇ ਪੇਸ਼ ਹੋਣਾ ਚਾਹੀਦਾ ਹੈ। ਕੀ ਸਾਡੇ ਨੇਤਾ 'ਸੱਤਯਮੇਵ ਜਯਤੇ' ਦੇ ਪ੍ਰਤੀਕ ਹਨ ਜਾਂ 'ਅਸੱਤਯਮੇਵ ਜਯਤੇ' ਦੇ?

ਮੋਦੀ ਨੂੰ ਇਸ ਸਿਆਸੀ ਗੰਦਗੀ ਨੂੰ ਸਾਫ ਕਰਨਾ ਪਵੇਗਾ, ਕਿਉਂਕਿ ਇਹ ਲੋਕਤੰਤਰ ਦੇ ਅਸਫਲ ਹੋਣ ਦਾ ਹੀ ਸੰਕੇਤ ਹੈ। ਜੇ ਇਸ ਸਮੱਸਿਆ ਵੱਲ ਧਿਆਨ ਨਾ ਦਿੱਤਾ ਗਿਆ ਤਾਂ ਇਸ ਨਾਲ ਲੋਕਤੰਤਰ ਬਰਬਾਦ ਹੋਵੇਗਾ ਤੇ ਮਾਫੀਆ ਦੇ ਰਾਜ ਦਾ ਰਾਹ ਪੱਧਰਾ ਹੋਵੇਗਾ। ਇਸ ਲਈ ਸਮਾਂ ਆ ਗਿਆ ਹੈ ਕਿ ਅਸੀਂ ਉਮੀਦਵਾਰਾਂ ਦੀ ਖੁਦ ਐਲਾਨੀ ਈਮਾਨਦਾਰੀ ਅਤੇ ਨੈਤਿਕਤਾ 'ਤੇ ਭਰੋਸਾ ਨਾ ਕਰੀਏ।

ਲੋਕਤੰਤਰ 'ਚ ਪ੍ਰਭੂਸੱਤਾ ਦੇ ਆਖਰੀ ਪਹਿਰੇਦਾਰ ਵਜੋਂ ਲੋਕਾਂ ਨੂੰ ਇਹ ਯਕੀਨੀ ਬਣਾਉਣਾ ਪਵੇਗਾ ਕਿ ਸਾਡੀ ਸਿਆਸਤ ਸਾਫ-ਸੁਥਰੀ ਹੋਵੇ। ਇਹ ਹੁਣ ਮੋਦੀ ਸਰਕਾਰ 'ਤੇ ਨਿਰਭਰ ਕਰਦਾ ਹੈ ਕਿ ਉਹ ਇਸ ਗੱਲ ਨੂੰ ਅਮਲ ਵਿੱਚ ਲਿਆਵੇ। ਕੀ ਮੋਦੀ ਇਸ ਦਿਸ਼ਾ ਵਿੱਚ ਠੋਸ ਕਦਮ ਚੁੱਕਣ ਲਈ ਤਿਆਰ ਹਨ?

# 'ਇੱਕ ਦੇਸ਼, ਇੱਕ ਚੋਣ' ਦੀਆਂ ਗੋਂਦਾਂ ਦਾ ਚੁਸਤ ਨਾਅਰਾ



ਜਤਿੰਦਰ ਪਨੂੰ

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਇਸ ਵੇਲੇ ਖੁਸ਼ ਹੋਣਗੇ ਕਿ ਕੈਨੇਡਾ ਦੇ ਪ੍ਰਧਾਨ ਮੰਤਰੀ ਅਤੇ ਉਨ੍ਹਾਂ ਦੀ ਟੀਮ ਵੱਲ ਜੋ ਪੈਂਤੜਾ ਉਨ੍ਹਾਂ ਨੇ ਅਪਨਾਇਆ ਸੀ, ਉਸ ਵਿਚ ਆਖਰੀ ਪੜਾਅ ਉਤੇ ਗੱਲ ਉਹੋ ਹੋਈ ਹੈ, ਜਿਹੜੀ ਉਨ੍ਹਾਂ ਨੇ ਚਿਤਵੀ ਸੀ। ਇਸ ਵਿਚ ਉਨ੍ਹਾਂ ਲਈ ਸਭ ਤੋਂ ਵੱਧ ਮਦਦ ਕੈਨੇਡਾ ਦੇ ਉਨ੍ਹਾਂ ਲੋਕਾਂ ਨੇ ਕੀਤੀ, ਜਿਨ੍ਹਾਂ ਵਿਰੁਧ ਇਸ ਤਰ੍ਹਾਂ ਦਾ ਪੈਂਤੜਾ ਅਪਨਾਇਆ ਗਿਆ ਸੀ। ਉਹ ਲੋਕ ਕੈਨੇਡਾ ਦੇ ਪ੍ਰਧਾਨ ਮੰਤਰੀ ਨੂੰ ਆਪਣੀ ਸੋਚ ਲਈ ਵਰਤਣ ਦੇ ਚੱਕਰ ਵਿਚ ਹੱਦ ਤੋਂ ਅੱਗੇ ਨਿਕਲ ਗਏ ਤੇ ਫਿਰਇਹ ਹੀ ਮੂਰਖਤਾ ਉਨ੍ਹਾਂ ਦੀ ਅਤੇ ਉਨ੍ਹਾਂ ਦੇ ਪ੍ਰਧਾਨ ਮੰਤਰੀ ਦੀ ਪੁਜ਼ੀਸ਼ਨ ਖਰਾਬ ਕਰਨ ਦਾ ਕਾਰਨ ਬਣ ਗਈ। ਪ੍ਰਧਾਨ ਮੰਤਰੀ ਵਜੋਂ ਆਪਣੀ ਪਹਿਲੀ ਭਾਰਤ ਯਾਤਰਾ ਦੌਰਾਨ ਹੀ ਜਸਟਿਨ ਟਰੂਡੋ ਨੂੰ ਕਈ ਕਿਸਮ ਦੀਆਂ ਸਫਾਈਆਂ ਦੇਣੀਆਂ ਪੈ ਗਈਆਂ ਤਾਂ ਇਸ ਤੋਂ ਮੋਦੀ ਸਰਕਾਰ ਖੁਸ਼ ਹੈ, ਕੈਪਟਨ ਅਮਰਿੰਦਰ ਸਿੰਘ ਵੀ। ਗੱਲ ਸਿਰਫ ਏਨੀ ਨਹੀਂ, ਸਗੋਂ ਹੁਣ ਅਮਰਿੰਦਰ ਸਿੰਘ ਇਹ ਵੀ ਕਹਿ ਸਕਦੇ ਹਨ ਕਿ ਪਹਿਲ ਮੈਂ ਹੀ ਕੀਤੀ ਸੀ।

ਜਿਸ ਮਸਲੇ ਉਤੇ ਕੈਪਟਨ ਅਮਰਿੰਦਰ ਸਿੰਘ ਆਪਣੇ ਦੇਸ਼ ਦੀ ਸਰਕਾਰ ਤੋਂ ਸਿਹਰਾ ਲੈ ਸਕਦੇ ਹਨ ਕਿ ਪਹਿਲ ਮੈਂ ਕੀਤੀ ਸੀ, ਉਸ ਦੀ ਕਹਾਣੀ ਫਿਰ ਕਿਸੇ ਵੇਲੇ ਪਾਈ ਜਾਵੇਗੀ, ਇਸ ਵਕਤ ਸਾਡਾ ਧਿਆਨ ਇਹ ਸੋਚਣ ਉਤੇ ਹੈ ਕਿ ਉਨ੍ਹਾਂ ਨੂੰ ਵੋਟਾਂ ਪੰਜਾਬ ਦਾ ਮੁੱਖ ਮੰਤਰੀ ਬਣਨ ਲਈ ਮਿਲੀਆਂ ਸਨ, ਦੇਸ਼ ਦਾ ਵਿਦੇਸ਼ ਮੰਤਰੀ ਬਣਨ ਵਾਸਤੇ ਨਹੀਂ। ਜਿਨ੍ਹਾਂ ਲੋਕਾਂ ਨੇ ਉਨ੍ਹਾਂ ਨੂੰ ਵੋਟਾਂ ਪਾ ਕੇ ਗਿਆਰਾਂ ਮਹੀਨੇ ਪਹਿਲਾਂ ਪੰਜਾਬ ਦੀ ਵਾਗਡੋਰ ਸੌਂਪੀ ਸੀ, ਉਨ੍ਹਾਂ ਲਈ ਹੁਣ ਤੱਕ ਕਿੰਨਾ ਤੇ ਕਿੱਦਾਂ ਦਾ ਕੰਮ ਕੀਤਾ ਹੈ ਤੇ ਜੋ ਕੁਝ ਹੁਣ ਤੱਕ ਕੀਤਾ ਨਹੀਂ ਗਿਆ, ਉਹ ਕਦੋਂ ਕਰਨਾ ਹੈ? ਲੋਕ ਬਹੁਤੀ ਉਡੀਕ ਨਹੀਂ ਕਰਦੇ ਹੁੰਦੇ।

ਹਾਲਾਤ ਵੀ ਇਸ ਤਰ੍ਹਾਂ ਬਦਲ ਰਹੇ ਹਨ ਕਿ ਖੁਦ ਅਮਰਿੰਦਰ ਸਿੰਘ ਨੂੰ ਉਡੀਕਣ ਲਈ ਵਕਤ ਨਹੀਂ ਮਿਲ ਸਕਣਾ। ਉਨ੍ਹਾਂ ਨੂੰ ਇਹ ਚੇਤਾ ਕਰ ਲੈਣਾ ਚਾਹੀਦਾ ਹੈ ਕਿ ਜਦੋਂ ਪਿਛਲੀ ਵਾਰੀ ਉਹ ਪੰਜਾਬ ਦੇ ਮੁੱਖ ਮੰਤਰੀ ਬਣੇ ਸਨ ਤਾਂ ਅਗਲੇਰੇ ਸਾਲ ਲੋਕ ਸਭਾ ਦੀਆਂ ਚੋਣਾਂ ਆ ਗਈਆਂ ਸਨ ਤੇ ਪੰਜਾਬ ਦੀਆਂ ਤੇਰਾਂ ਸੀਟਾਂ ਵਿਚੋਂ ਕਾਂਗਰਸ ਪਾਰਟੀ ਨੂੰ ਸਿਰਫ ਦੋ ਮਿਲੀਆਂ ਸਨ, ਗਿਆਰਾਂ ਸੀਟਾਂ ਅਕਾਲੀ-ਭਾਜਪਾ ਗੱਠਜੋੜ ਜਿੱਤ ਗਿਆ ਸੀ। ਸਿਰਫ ਉਨ੍ਹਾਂ ਨਾਲ ਹੀ ਏਦਾਂ ਨਹੀਂ ਸੀ ਹੋਈ, ਉਨ੍ਹਾਂ ਤੋਂ ਪਹਿਲਾਂ ਜਦੋਂ ਅਕਾਲੀ-ਭਾਜਪਾ ਗੱਠਜੋੜ ਦੀ ਪਹਿਲੀ ਸਰਕਾਰ ਬਣੀ ਤਾਂ ਅਗਲੇ ਸਾਲ ਹੋਈਆਂ ਲੋਕ ਸਭਾ ਚੋਣਾਂ ਵਿਚ ਅਕਾਲੀ-ਭਾਜਪਾ ਗੱਠਜੋੜ ਬਾਰਾਂ ਸੀਟਾਂ ਲੈ ਗਿਆ ਤੇ ਤੇਰਵੀਂ ਜਲੰਧਰ ਵਾਲੀ ਸੀਟ ਜਨਤਾ ਦਲ ਵੱਲੋਂ ਇੰਦਰ ਕੁਮਾਰ ਗੁਜਰਾਲ ਹੁਰੀਂ ਅਕਾਲੀ-ਭਾਜਪਾ ਦੀ ਮਦਦ ਨਾਲ ਜਿੱਤ ਗਏ ਸਨ। ਜਦੋਂ ਉਸੇ ਬਾਦਲ ਸਰਕਾਰ ਦਾ ਦੂਸਰਾ ਸਾਲ ਲੰਘਿਆ ਤਾਂ ਕਾਰਗਿਲ ਦੀ ਜੰਗ ਦੇ ਹੁਲਾਰੇ ਨਾਲ ਕੇਂਦਰ ਵਿਚ ਭਾਜਪਾ ਦੀ ਅਗਵਾਈ ਵਿਚ ਸਰਕਾਰ ਬਣ ਗਈ ਸੀ, ਪੰਜਾਬ ਵਿਚ ਇਸ ਗੱਠਜੋੜ ਦੇ ਪੱਲੇ ਸਿਰਫ ਤਿੰਨ ਸੀਟਾਂ ਪਈਆਂ ਸਨ ਅਤੇ ਨੌਂ ਸੀਟਾਂ ਕਾਂਗਰਸ ਅਤੇ ਸੀ ਪੀ ਆਈ ਦਾ ਗੱਠਜੋੜ ਲੈ ਗਿਆ ਸੀ। ਤੇਰ੍ਹਵੀਂ ਸੀਟ ਉਦੋਂ ਸੰਗਰੂਰ ਤੋਂ ਸਿਮਰਨਜੀਤ ਸਿੰਘ ਮਾਨ ਨੇ ਜਿੱਤ ਲਈ ਸੀ। ਦਿੱਲੀ ਦੀ ਗੱਲ ਹੋਵੇ ਤਾਂ ਉਥੇ ਵੋਟਰ ਇਹ ਵੇਖਦੇ ਹਨ ਕਿ ਕੇਂਦਰ ਸਰਕਾਰ ਵਿਚ ਕੌਣ ਚਾਹੀਦਾ ਹੈ ਅਤੇ ਦਿੱਲੀ ਦੇ ਸ਼ਹਿਰ ਲਈ ਕਿਹੜਾ ਠੀਕ ਰਹੇਗਾ, ਪਰ ਪੰਜਾਬ ਵਿਚ ਚੋਣ ਲੋਕ ਸਭਾ ਦੀ ਹੋਵੇ ਜਾਂ ਵਿਧਾਨ ਸਭਾ ਦੀ, ਲੋਕ ਇਸ




ਰਾਜ ਵਿਚ ਰਾਜ ਕਰਦੀ ਧਿਰ ਦਾ ਕੰਮ ਵੇਖ ਕੇ ਭੁਗਤਦੇ ਹਨ। ਇਹੋ ਕਾਰਨ ਹੈ ਕਿ ਉਦੋਂ ਬਾਦਲ ਸਰਕਾਰ ਦੇ ਦੋ ਸਾਲ ਬੀਤਣ ਪਿੱਛੋਂ ਦੇ ਚੋਣ ਨਤੀਜੇ ਨੂੰ ਤੇ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦੇ ਦੋ ਸਾਲਾਂ ਪਿੱਛੋਂ ਦੇ ਚੋਣ ਨਤੀਜੇ ਨੂੰ ਕੇਂਦਰ ਨਾਲ ਜੋੜਨ ਦੀ ਥਾਂ ਪੰਜਾਬ ਸਰਕਾਰ ਦੀ ਕਾਰਗੁਜ਼ਾਰੀ ਦਾ ਲੋਕਾਂ ਵੱਲੋਂ ਹੁੰਗਾਰਾ ਜਾਂ ਵਿਰੋਧ ਮੰਨਿਆ ਗਿਆ ਸੀ। ਹੁਣ ਵੀ ਫਿਰ ਪੰਜਾਬ ਸਰਕਾਰ ਦਾ ਇੱਕ ਸਾਲ ਲੰਘਣ ਵਾਲਾ ਹੈ ਤੇ ਦੂਸਰਾ ਲੰਘਦੇ ਸਾਰ ਜਦੋਂ ਅਗਲੇ ਸਾਲ ਲੋਕ ਸਭਾ ਚੋਣ ਹੋਈ ਤਾਂ ਲੋਕ ਇਸ ਸਰਕਾਰ ਦੀ ਕਾਰਗੁਜ਼ਾਰੀ ਵੇਖ ਕੇ ਵੋਟਾਂ ਪਾਉਣਗੇ। ਮੁੱਖ ਮੰਤਰੀ ਅਮਰਿੰਦਰ ਸਿੰਘ ਦੀ ਟੀਮ ਨੂੰ ਇਸ ਗੱਲ ਦੀ ਕੋਈ ਚਿੰਤਾ ਹੀ ਨਹੀਂ ਜਾਪਦੀ। ਉਨ੍ਹਾਂ ਨੂੰ ਚਿੰਤਾ ਕਰਨੀ ਚਾਹੀਦੀ ਹੈ ਤੇ ਸਗੋਂ ਇਸ ਤੋਂ ਵੀ ਵੱਧ ਕਰਨੀ ਚਾਹੀਦੀ ਹੈ।

ਇਸ ਤੋਂ ਵੱਧ ਦਾ ਭਾਵ ਇਹ ਕਿ ਲੋਕ ਸਭਾ ਵਾਲੀ ਚੋਣ ਹੀ ਨਹੀਂ, ਅਗਲੇ ਸਾਲ ਪੰਜਾਬ ਵਿਧਾਨ ਸਭਾ ਦੀ ਚੋਣ ਦਾ ਸਬੱਬ ਵੀ ਬਣ ਸਕਦਾ ਹੈ। ਸਾਨੂੰ ਪਤਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਕੋਲ ਏਨੇ ਵਿਧਾਇਕ ਹਨ ਕਿ ਬਾਹਰੋਂ ਤਾਂ ਕੀ, ਪਾਰਟੀ ਵਿਚੋਂ ਵੀ ਢਾਹ ਲਾਈ ਜਾਣ ਲੱਗੀ ਤਾਂ ਬਹੁਤਾ ਖਤਰਾ ਨਹੀਂ ਹੋਣਾ, ਪਰ ਜਦੋਂ ਅਗਲੇ ਸਾਲ ਚੋਣਾਂ ਵਾਲੀ ਗੱਲ ਅਸੀਂ ਕਹਿ ਰਹੇ ਹਾਂ ਤਾਂ ਇਹ ਸਿਰਫ ਪੰਜਾਬ ਦੀਆਂ ਨਹੀਂ, ਸਾਰੇ ਦੇਸ਼ ਦੇ ਰਾਜਾਂ ਦੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ ਕਰਵਾਏ ਜਾਣ ਦੀ ਗੱਲ ਕਹਿਣੀ ਪੈ ਰਹੀ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਜਪਾ ਦੇ ਪ੍ਰਧਾਨ ਅਮਿਤ ਸ਼ਾਹ ਦਾ ਸਾਰਾ ਜ਼ੋਰ ਇਸ ਗੱਲ ਲਈ ਲੱਗਾ ਪਿਆ ਹੈ ਕਿ ਅਗਲੀ ਵਾਰੀ ਪਾਰਲੀਮੈਂਟ ਤੇ ਵਿਧਾਨ ਸਭਾ ਚੋਣਾਂ ਇਕੱਠੀਆਂ ਕਰਾਈਆਂ ਜਾਣ। ਉਹ 'ਇੱਕ ਦੇਸ਼, ਇੱਕ ਚੋਣ' ਦਾ ਬਹੁਤ ਚੁਸਤ ਨਾਅਰਾ ਉਭਾਰ ਰਹੇ ਹਨ। ਭਾਜਪਾ ਦੇ ਹਰਿਆਣਾ ਵਾਂਗ ਕਈ ਸਰਕਾਰਾਂ ਦੇ ਮੰਤਰੀ ਅਤੇ ਵਿਧਾਇਕ ਵੀ ਇਸ ਤੋਂ ਨਾਰਾਜ਼ ਹਨ, ਪਰ ਉਭਾਸਰ ਕੇ ਬੋਲਣ ਦੀ ਹਿੰਮਤ ਨਹੀਂ ਕਰਦੇ। ਹਾਲੇ ਗੁਜਰਾਤ ਦੀ ਮਸਾਂ ਜਿੱਤੀ ਗਈ ਚੋਣ ਨਾਲ ਬਣੀ ਸਰਕਾਰ ਦੀ ਇੱਕ ਤਿਮਾਹੀ ਨਹੀਂ ਹੋਈ ਅਤੇ ਉਸ ਦਾ ਫਸਤਾ ਵੀ ਭਾਜਪਾ ਦੀ 'ਇੱਕ ਦੇਸ਼, ਇੱਕ ਚੋਣ' ਮੁਹਿੰਮ ਨਾਲ ਵੱਢੇ ਜਾਣ ਵਾਲੀ ਹਾਲਤ ਬਣਨ ਲੱਗ ਪਈ ਹੈ। ਜਦੋਂ ਉਨ੍ਹਾਂ ਨੇ ਆਪਣੇ ਰਾਜਾਂ ਵਿਚ ਇਹ ਚੋਣਾਂ ਕਰਵਾ ਲੈਣੀਆਂ ਹਨ ਤਾਂ ਪੰਜਾਬ ਨੂੰ ਕਿਸੇ ਨੇ ਬਖਸ਼ ਨਹੀਂ ਦੇਣਾ।

ਕੈਪਟਨ ਅਮਰਿੰਦਰ ਸਿੰਘ ਨਾਲ ਉਨ੍ਹਾਂ ਦਾ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਵੀ ਕਹੀ ਜਾਂਦਾ ਹੈ ਕਿ ਪੰਜਾਬ ਦਾ ਚੌਥਾ ਬਜਟ ਘਾਟੇ ਦਾ ਨਹੀਂ, ਮੁਨਾਫੇ ਦਾ ਬਣਾ ਕੇ ਵਿਖਾ ਦਿਆਂਗੇ। ਉਹ ਸਮਝ ਨਹੀਂ ਰਹੇ ਕਿ ਚੌਥਾ ਸਾਲ ਹੋਣ ਤੱਕ ਉਨ੍ਹਾਂ ਦੀ ਸਰਕਾਰ ਦਾ ਚੌਥਾ ਕਰਨ ਦੀਆਂ ਗੋਂਦਾਂ ਜਦੋਂ ਦਿੱਲੀ ਵਿਚ ਗੁੰਦੀਆਂ ਜਾ ਰਹੀਆਂ ਹਨ ਤਾਂ ਉਨ੍ਹਾਂ ਨੂੰ ਲੰਮੀ ਵਾਟ ਵਾਲੇ ਘੋੜੇ ਵਾਂਗ ਨਹੀਂ, ਸੌ ਮੀਟਰ ਦੀ ਦੌੜ ਵਾਲੇ ਓਸਾਨ ਬੁਲੇਟ ਵਾਂਗ ਇੱਕਦਮ ਤੇਜ਼ੀ ਨਾਲ ਰਫਤਾਰ ਫੜ੍ਹਨ ਦੀ ਲੋੜ ਹੈ, ਜਿਸ ਬਾਰੇ ਉਹ ਸੋਚ ਵੀ ਨਹੀਂ ਰਹੇ। ਇਸ ਵੇਲੇ ਅਸੀਂ ਇਸ ਸਰਕਾਰ ਅਤੇ ਇਸ ਦੇ ਮੁਖੀ ਵੱਲੋਂ ਚੋਣਾਂ ਵਿਚ ਪੇਸ਼ ਕੀਤੇ ਗਏ ਮੈਨੀਫੈਸਟੋ ਤੇ ਕੀਤੇ ਗਏ ਵਾਅਦਿਆਂ ਦੀ ਚਰਚਾ ਨਹੀਂ ਛੇੜਨੀ ਚਾਹੁੰਦੇ, ਜਿਨ੍ਹਾਂ ਦਾ ਹਾਲ ਮਸਾਂ ਗੋਹੜੇ ਵਿਚੋਂ ਪੂਣੀ ਚੁੱਕਣ ਤੱਕ ਸੀਮਤ ਹੈ। ਉਨ੍ਹਾਂ ਦੇ ਆਪਣੇ ਟੱਬਰ ਵਿਚ ਛਿੜਦੀ ਜਾਂਦੀ ਖਾਨਾਜੰਗੀ ਦੀਆਂ ਕਨਸੋਆਂ ਵੀ ਮਿਲ ਰਹੀਆਂ ਹਨ। ਵਜ਼ੀਰੀ ਦੀ ਝਾਕ ਵਾਲੇ ਸੱਜਣਾਂ ਨੇ ਜਦੋਂ ਇਹ ਵੇਖ ਲਿਆ ਕਿ ਇਨ੍ਹਾਂ ਤਿਲਾਂ ਵਿਚ ਤੇਲ ਨਹੀਂ ਜਾਪਦਾ ਤਾਂ ਉਹ ਗੁਰਦਾਸਪੁਰ ਦੇ ਡੇਰੇ ਵੱਲ ਤੁਰਨ ਲੱਗੇ ਸੁਣੇ ਜਾ ਰਹੇ ਹਨ। ਇਨ੍ਹਾਂ ਗੱਲਾਂ ਬਾਰੇ ਮੁੱਖ ਮੰਤਰੀ ਨੂੰ ਕੋਈ ਚਿੰਤਾ ਹੀ ਨਹੀਂ ਜਾਪਦੀ। ਸਥਿਤੀ ਇਸ ਵਕਤ ਪੰਜਾਬ ਸਰਕਾਰ ਦੀ 'ਤਿਲ ਥੋੜਤੇ' ਵਾਲੀ ਜਾਪਦੀ ਹੈ, ਅੱਗੋਂ ਹਾਲਾਤ ਕਿਸੇ ਵੀ ਅਣਕਿਆਸੇ ਰੁਖ ਵੱਲ ਮੋੜਾ ਕੱਟ ਸਕਦੇ ਹਨ ਤੇ ਜਿਹੜੇ ਪਾਸੇ ਵੀ ਮੋੜਾ ਕੱਟਣਗੇ, ਓਧਰ ਦਾ ਪੈਂਡਾ ਪੰਜਾਬ ਦੀ ਮੌਜੂਦਾ ਸਰਕਾਰ ਤੇ ਇਸ ਦੇ ਮੁਖੀ ਲਈ ਸੁਖਾਵਾਂ ਹੋਣ ਦੀ ਬਹੁਤੀ ਆਸ ਹਾਲ ਦੀ ਘੜੀ ਨਹੀਂ ਜਾਪਦੀ। ਕਬੂਤਰ ਅੱਖਾਂ ਵੀ ਮੀਟ ਲਵੇ ਤਾਂ ਬਿੱਲੀ ਨੇ ਬਖਸ਼ ਨਹੀਂ ਦੇਣਾ। ਅਜਿਹੇ ਸੱਜਣਾਂ ਦੀ ਕਮੀ ਨਹੀਂ, ਜੋ ਆਖਦੇ ਹਨ ਕਿ ਨਰਿੰਦਰ ਮੋਦੀ ਏਡੀ ਛੇਤੀ ਇਹ ਫੈਸਲਾ ਅਮਲ ਵਿਚ ਲਾਗੂ ਕਰਨ ਵਾਲੀ ਸਥਿਤੀ ਵਿਚ ਨਹੀਂ, ਪਰ ਉਹ ਇਹ ਗੱਲ ਭੁੱਲ ਜਾਂਦੇ ਹਨ ਕਿ ਨਰਿੰਦਰ ਮੋਦੀ ਤਾਂ ਨਰਿੰਦਰ ਮੋਦੀ ਹੈ, ਇੱਕ ਵਾਰ ਫੈਸਲਾ ਕਰ ਲਵੇ ਤਾਂ ਇਸ ਨੂੰ ਪਾਸ ਕਰਵਾਉਣ ਲਈ ਮੁਲਾਇਮ ਸਿੰਘ ਅਤੇ ਸ਼ਰਦ ਪਵਾਰ ਵਰਗਿਆਂ ਨੂੰ ਵੀ ਵਰਤ ਕੇ ਦੇਸ਼ ਨੂੰ ਹਲੂਣਾ ਦੇ ਸਕਦਾ ਹੈ। ਭਾਜਪਾ ਦੀ ਮੋਹਰੀ ਟੀਮ ਗਿਣੇ ਜਾਂਦੇ ਦੋਵੇਂ ਬੰਦੇ, ਜੀ ਹਾਂ, ਸਿਰਫ ਦੋਵੇਂ ਬੰਦੇ ਹੀ ਟੀਮ ਹਨ, ਇਸ ਵੇਲੇ ਇੱਕ ਚੋਣ-ਜੂਆ ਖੇਡਣ ਦਾ ਮਨ ਬਣਾਈ ਬੈਠੇ ਜਾਪਦੇ ਹਨ। ਕੱਲ੍ਹ ਨੂੰ ਕੀ ਹੋਵੇਗਾ, ਇਹ ਕੋਈ ਨਹੀਂ ਕਹਿ ਸਕਦਾ!

Issue- 290, Vol-12, March 14, 2018

# ਜਲ੍ਹਿਆਂਵਾਲਾ ਬਾਗ ਸਾਕੇ ਦੀ ਸ਼ਤਾਬਦੀ ਦੇਸ਼ ਭਰ 'ਚ ਮਨਾਈ ਜਾਇਆ ਕਰੇਗੀ



ਅੰਮ੍ਰਿਤਸਰ- ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਦੇਸ਼ ਵਿੱਚ ਬੁੱਤ ਤੋੜਨ ਦੀਆਂ ਵਾਪਰੀਆਂ ਘਟਨਾਵਾਂ ਨੂੰ ਮੰਦਭਾਗਾ ਕਰਾਰ ਦਿੰਦਿਆਂ ਆਖਿਆ ਕਿ ਅਜਿਹੀ ਕਾਰਵਾਈ ਭਾਰਤੀ ਸੰ-ਸਕ੍ਰਿਤੀ ਦਾ ਹਿੱਸਾ ਨਹੀਂ ਹੈ। ਉਨ੍ਹਾਂ ਦੱਸਿਆ ਕਿ ਸਬੰਧਤ ਸੂਬਾ ਸਰਕਾਰਾਂ ਨੂੰ ਬੁੱਤ ਤੋੜਨ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਦੇ ਹੁਕਮ ਦਿੱਤੇ ਹਨ। ਉਹ ਇੱਥੇ ਇਤਿਹਾਸਕ ਜਲ੍ਹਿਆਂਵਾਲਾ ਬਾਗ ਵਿੱਚ ਸ਼ਹੀਦ ਊਧਮ ਸਿੰਘ ਦੇ ਸਥਾਪਤ ਕੀਤੇ ਆਦਮਕੱਦ ਬੁੱਤ ਤੋਂ ਪਰਦਾ ਹਟਾਉਣ ਲਈ ਆਏ ਸਨ। ਉਨ੍ਹਾਂ ਸ਼ਹੀਦੀ ਸਮਾਰਕ 'ਤੇ ਸ਼ਰਧਾ ਦੇ ਫੁੱਲ ਵੀ ਭੇਟ ਕੀਤੇ। ਕੌਮਾਂਤਰੀ ਸਰਵ ਕੰਬੋਜ ਸਮਾਜ ਵੱਲੋਂ ਜਲ੍ਹਿਆਂਵਾਲਾ ਬਾਗ ਵਿੱਚ ਕਰਾਏ ਸਮਾਗਮ ਦੌਰਾਨ ਕੇਂਦਰੀ ਗ੍ਰਹਿ ਮੰਤਰੀ ਨੇ ਸ਼ਹੀਦ ਊਧਮ ਸਿੰਘ ਦੇ ਬੁੱਤ ਤੋਂ ਪਰਦਾ ਹਟਾਇਆ ਅਤੇ ਮਗਰੋਂ ਇਕੱਠ ਨੂੰ ਸੰਬੋਧਨ ਕੀਤਾ। ਸ਼ਹੀਦ ਊਧਮ ਸਿੰਘ ਨੇ ਅੱਜ ਦੇ ਦਿਨ ਹੀ 13 ਮਾਰਚ 1940 ਨੂੰ ਲੰਡਨ ਦੇ ਕੈਕਸਟਨ ਹਾਲ ਵਿੱਚ ਅੰਗਰੇਜ਼ ਅਫਸਰ ਗਵਰਨਰ ਜਨਰਲ ਮਾਈਕਲ ਓ ਡਵਾਇਰ ਨੂੰ ਗੋਲੀ ਮਾਰੀ ਸੀ। ਇਸ ਅੰਗਰੇਜ਼ ਅਫਸਰ ਦੇ ਹੁਕਮਾਂ 'ਤੇ 13 ਅਪਰੈਲ 1919 ਨੂੰ ਜਲ੍ਹਿਆਂਵਾਲਾ ਬਾਗ ਵਿੱਚ ਇਕੱਠੇ ਹੋਏ ਲੋਕਾਂ 'ਤੇ ਗੋਲੀ ਚਲਾਈ ਗਈ ਸੀ। ਕੇਂਦਰੀ ਗ੍ਰਹਿ ਮੰਤਰੀ ਨੇ ਆਖਿਆ ਕਿ ਸ਼ਹੀਦ ਊਧਮ ਸਿੰਘ ਨੇ 21 ਸਾਲ ਬਦਲੇ ਦੀ ਭਾਵਨਾ ਨੂੰ ਆਪਣੇ ਦਿਲ 'ਚ ਕਾਇਮ ਰੱਖਿਆ ਸੀ ਅਤੇ ਕੌਮੀ ਸਵੈਮਾਣ ਲਈ ਅੰਗਰੇਜ਼ ਅਧਿਕਾਰੀ ਨੂੰ ਉਸ ਦੇ ਦੇਸ਼ ਵਿੱਚ ਹੀ ਸ਼ਰ੍ਹੇਆਮ ਗੋਲੀ ਮਾਰੀ ਸੀ। ਉਨ੍ਹਾਂ ਜਲ੍ਹਿਆਂਵਾਲਾ ਬਾਗ ਸਾਕੇ ਮਗਰੋਂ ਹੀ ਦੇਸ਼ ਦੇ ਨੌਜਵਾਨ ਕੌਮੀ ਸਵੈਮਾਣ ਲਈ ਦੇਸ਼ ਦੀ ਆਜ਼ਾਦੀ ਦੀ ਲੜਾਈ ਵਿੱਚ ਕੁਦ ਪਏ ਸਨ। ਇਹ ਘਟਨਾ ਨੇ ਹੀ ਸ਼ਹੀਦ ਭਗਤ ਸਿੰਘ, ਚੰਦਰ ਸ਼ੇਖਰ ਆਜ਼ਾਦ, ਅਸ਼ਫਾਕ ਉੱਲਾ ਖਾਨ, ਰਾਜਗੁਰੂ, ਸੁਖਦੇਵ ਤੇ ਕਈ ਹੋਰ ਨੌਜਵਾਨ ਪੈਦਾ ਕੀਤੇ। ਉਨ੍ਹਾਂ ਇਸ ਮੌਕੇ ਸਮੂਹ ਸ਼ਹੀਦਾਂ ਨੂੰ ਸ਼ਰਧਾਂਜਲੀ ਵੀ ਭੇਟ ਕੀਤੀ। ਜਲ੍ਹਿਆਂਵਾਲਾ ਬਾਗ ਸਾਕੇ ਦੇ ਸ਼ਤਾਬਦੀ ਵਰ੍ਹੇ ਨੂੰ 2019 ਵਿੱਚ ਇਕ ਸਾਲ ਦੇਸ਼ ਭਰ ਵਿੱਚ ਮਨਾਉਣ ਦਾ ਐਲਾਨ ਕਰਦਿਆਂ ਉਨ੍ਹਾਂ ਆਖਿਆ ਕਿ ਇਸ ਸ਼ਹੀਦੀ ਸਮਾਰਕ ਦੇ ਸੁੰਦਰੀਕਰਨ ਲਈ ਕੇਂਦਰ ਸਰਕਾਰ ਵੱਲੋਂ ਵਿਸਥਾਰਤ ਯੋਜਨਾ ਬਣਾਈ ਜਾਵੇਗੀ।

# ਫਿਲਮ 'ਕੰਡੇ' 11 ਮਈ ਨੂੰ ਦੁਨੀਆਂ ਭਰ ਵਿਚ ਰਿਲੀਜ਼ ਹੋਵੇਗੀ




ਵੀ. ਆਰ. ਵੀ. ਪ੍ਰੋਡਕਸ਼ਨ ਦੇ ਬੈਨਰ ਹੇਠ ਪ੍ਰੋਡਿਊਸਰ ਰਾਕੇਸ਼ ਸ਼ਰਮਾ, ਅਮਰਦੀਪ ਕੁਨਰ ਦੀ ਫਿਲਮ 'ਕੰਡੇ' 11 ਮਈ ਨੂੰ ਵਰਲਡ ਵਾਈਡ ਰਿਲੀਜ਼ ਹੋ ਰਹੀ ਹੈ, ਜਿਸ ਵਿਚ ਸੁਨੀਤਾ ਧੀਰ ਅਤੇ ਯੋਗਰਾਜ ਸਿੰਘ ਦਾ 25 ਸਾਲ ਬਾਅਦ ਪੰਜਾਬੀ ਸਿਨੇਮਾ 'ਤੇ ਟਾਕਰਾ ਹੋਵੇਗਾ। ਫਿਲਮ ਦਾ ਨਿਰਦੇਸ਼ਨ ਕੀਤਾ ਹੈ ਬਲੈਕ ਪ੍ਰਿੰਸ ਫੇਮ ਹਾਲੀਵੁੱਡ ਡਾਇਰੈਕਟਰ ਕਵੀ ਰਾਜ਼ ਨੇ। ਫਿਲਮ ਦੀ ਸਟੋਰੀ, ਸਕਰੀਨ ਪਲੇਅ, ਡਾਇਲਾਗ ਤੇ ਗੀਤ ਲਿਖੇ ਹਨ ਬਾਜ਼ ਨੇ।

ਕਵੀ ਰਾਜ਼ ਜੀ ਨੇ ਫਿਲਮ ਨੂੰ ਪੂਰਾ ਪੰਜਾਬੀ ਰੰਗ ਹਾਲੀਵੁੱਡ ਤਕਨੀਕ ਰਾਹੀਂ ਦਿੱਤਾ ਹੈ। ਫਿਲਮ ਵਿਚ ਮਨੋਰੰਜਨ, ਯੰਗਸਟਰ ਲਈ ਬਲਾਸਟ ਮਿਊਜ਼ੀਕਲ ਗੀਤ, ਕਬੱਡੀ, ਅਜੋਕੇ ਪੰਜਾਬ ਦਾ ਰਹਿਣ-ਸਹਿਣ, ਦੁਸ਼ਮਣੀ, ਰਿਸ਼ਤਿਆਂ ਦੀ ਮਹਿਕ ਕੁੱਟ-ਕੁੱਟ ਕੇ ਭਰੀ ਹੈ। ਫਿਲਮ ਦੇ ਟਾਈਟਲ ਗੀਤ ਨੂੰ ਕਨਵਰ ਗਰੇਵਾਲ ਨੇ ਗਾਇਆ ਤੇ ਖੁਦ ਵੀ ਐਕਟਿੰਗ ਕੀਤੀ ਹੈ। ਮੀਤ ਸਿੰਘ ਦੇ ਮਿਊਜ਼ਿਕ 'ਚ ਨਛੱਤਰ ਗਿੱਲ, ਸੋਨੂੰ ਕੱਕੜ, ਗੀਤਾ ਜ਼ੈਲਦਾਰ, ਜਸਵੀਰ ਜੱਸੀ, ਫਿਰੋਜ਼ ਖਾਨ ਨੇ ਗੀਤਾਂ ਨੂੰ ਆਵਾਜ਼ ਦਿੱਤੀ। ਫਿਲਮ ਦੀ ਸਟਾਰ ਕਾਸਟ ਵਿਚ ਯੋਗਰਾਜ ਸਿੰਘ, ਸੁਨੀਤਾ ਧੀਰ, ਬੀ. ਐਨ. ਸ਼ਰਮਾ, ਪ੍ਰੀਤ ਬਾਠ, ਕਮਲ ਵਿਰਕ, ਬਾਜ਼, ਜੋਬਨਪ੍ਰੀਤ, ਜੀਤ ਰੁੜਕਾ, ਗੁਰਪ੍ਰੀਤ ਭੰਗੂ, ਸਿਮਰਨ ਸਹਿਜਪਾਲ, ਰਾਜ ਹੁੰਦਲ, ਅਰਵਿੰਦਰ ਭੱਟੀ ਵਰਗੇ ਕਲਾਕਾਰਾਂ ਨੇ ਕੰਮ ਕੀਤਾ ਹੈ। ਫਿਲਮ 11 ਮਈ ਨੂੰ ਵਰਲਡ ਵਾਈਡ ਸਿਨੇਮਾ ਘਰਾਂ ਵਿਚ ਆ ਜਾਵੇਗੀ। ਪੰਜਾਬ ਫਿਲਮ ਇੰਡਸਟਰੀ ਅਤੇ ਲੋਕਾਂ ਦੀਆਂ ਨਜ਼ਰਾਂ 'ਕੰਡੇ' ਫਿਲਮ 'ਤੇ ਟਿਕੀਆਂ ਹਨ।

# ਲਾਲ ਬਹਾਦੁਰ ਸ਼ਾਸਤਰੀ ਨੇ ਪੀਐਨ.ਬੀ. ਤੋਂ ਕਰਜ਼ਾ ਲੈ ਕੇ ਖ਼ਰੀਦੀ ਸੀ ਆਪਣੀ ਕਾਰ



ਨਵੀਂ ਦਿੱਲੀ-ਹੀਰਾ ਕਾਰੋਬਾਰੀ ਨੀਰਵ ਮੋਦੀ ਪੰਜਾਬ ਨੈਸ਼ਨਲ ਬੈਂਕ (ਪੀ.ਐਨ.ਬੀ) ਦਾ 11,400 ਕਰੋੜ ਰੁਪਏ ਦਾ ਕਰਜ਼ਾ ਮੋੜੇ ਬਿਨਾਂ ਦੇਸ਼ ਤੋਂ ਭੱਜ ਗਿਆ ਹੈ ਤੇ ਕਰਜ਼ਾ ਮੋੜਨ ਦੀ ਬਜਾਏ ਉਸ ਨੇ ਪੱਤਰ ਲਿਖ ਕੇ ਬੈਂਕ ਨੂੰ ਕਿਹਾ ਹੈ ਕਿ ਉਹ ਹੁਣ ਕਰਜ਼ੇ ਦਾ ਇਕ ਵੀ ਪੈਸਾ ਨਹੀਂ ਮੋੜੇਗਾ । ਇਸ ਵਕਤ ਭਾਰਤ ਦੇ ਮਰਹੂਮ ਸਾਬਕਾ ਪ੍ਰਧਾਨ ਮੰਤਰੀ ਲਾਲ ਬਹਾਦੁਰ ਸ਼ਾਸਤਰੀ ਦੀ ਯਾਦ ਆ ਰਹੀ ਹੈ, ਜਿਨ੍ਹਾਂ ਪੀ.ਐਨ.ਬੀ. ਤੋਂ 5 ਹਜ਼ਾਰ ਦਾ ਕਰਜ਼ਾ ਲੈ ਕੇ ਇਕ ਕਾਰ ਖਰੀਦੀ ਸੀ ਪਰ ਕਰਜ਼ੇ ਦੀ ਰਕਮ ਮੋੜਨ ਤੋਂ ਪਹਿਲਾਂ ਹੀ ਉਨ੍ਹਾਂ ਦੀ ਅਚਾਨਕ ਮੌਤ ਹੋ ਗਈ । ਦੱਸਣਯੋਗ ਗੱਲ ਹੈ ਕਿ ਸ਼ਾਸਤਰੀ ਜੀ ਦੀ ਮੌਤ ਤੋਂ ਬਾਅਦ ਕਰਜ਼ੇ ਦੀ ਰਕਮ ਦੀ ਅਦਾਇਗੀ ਉਨ੍ਹਾਂ ਦੀ ਪਤਨੀ ਨੇ ਆਪਣੀ ਪੈਨਸ਼ਨ ਦੀ ਰਕਮ ਨਾਲ ਕੀਤੀ ਸੀ । ਸ਼ਾਸਤਰੀ ਜੀ ਦੀ ਮੌਤ ਤੋਂ ਬਾਅਦ ਇੰਦਰਾ ਗਾਂਧੀ ਦੇ ਪ੍ਰਧਾਨ ਮੰਤਰੀ ਬਣਨ 'ਤੇ ਪੀ.ਐਨ. ਬੀ. ਨੇ ਇਹ ਰਕਮ ਮਾਫ ਕਰਨ ਦੀ ਪੇਸ਼ਕਸ਼ ਕੀਤੀ ਸੀ ਪਰ ਉਨ੍ਹਾਂ ਦੀ ਪਤਨੀ ਲਲਿਤਾ ਸ਼ਾਸਤਰੀ ਨੇ ਇਸ ਤੋਂ ਮਨ੍ਹਾ ਕਰਦਿਆ ਆਪਣੀ ਪੈਨਸ਼ਨ 'ਚੋਂ ਪੈਸੇ ਬਚਾਅ ਕੇ ਕਰਜ਼ਾ ਵਾਪਸ ਕੀਤਾ ਸੀ । ਕਿਹਾ ਜਾਂਦਾ ਹੈ ਕਿ ਜਦੋਂ ਸ਼ਾ-ਸਤਰੀ ਜੀ ਪ੍ਰਧਾਨ ਮੰਤਰੀ ਬਣੇ ਤਾਂ ਉਨ੍ਹਾਂ ਕੋਲ ਆਪਣੀ ਕੋਈ ਨਿੱਜੀ ਕਾਰ ਨਹੀਂ ਸੀ ਤੇ ਉਨ੍ਹਾਂ ਦੇ ਬੱਚਿਆਂ ਨੇ ਕਿਹਾ ਕਿ ਆਪ ਦੇਸ਼ ਦੇ ਪ੍ਰਧਾਨ ਮੰਤਰੀ ਹੋ ਤੁਹਾਡੀ ਕੋਲ ਆਪਣੀ ਕਾਰ ਹੋਣੀ ਚਾਹੀਦੀ ਹੈ । ਉਸ ਸਮੇਂ ਫੀਅਟ ਕਾਰ ਦੀ ਕੀਮਤ 12,000 ਰੁਪਏ ਸੀ ਤੇ ਸ਼ਾਸਤਰੀ ਜੀ ਕੋਲ ਕੇਵਲ 7,000 ਰੁਪਏ ਸਨ।

# ਭਾਰਤੀ ਮੀਡੀਆ ਦਾ ਮੁਨਾਫਾ ਵਧਿਆ ਪਰ ਪ੍ਰੈਸ ਦੀ ਅਜ਼ਾਦੀ ਘਟੀ




ਨਵੀਂ ਦਿੱਲੀ – ਅਮਰੀਕਾ ਦੇ ਉੱਘੇ ਅਖ਼ਬਾਰ 'ਵਾਸ਼ਿੰਗਟਨ ਪੋਸਟ' ਨੇ ਆਪਣੀ ਇਕ ਰਿਪੋਰਟਵਿਚ ਖੁਲਾਸਾ ਕੀਤਾ ਹੈ ਕਿ ਭਾਰਤ ਵਿੱਚ ਮੀਡੀਆ ਅਦਾਰਿਆਂ ਦਾ ਮੁਨਾਫਾ ਵਧ ਰਿਹਾ ਹੈ ਜਦੋਂਕਿ ਪ੍ਰੈਸ ਦੀ ਅਜ਼ਾਦੀ ਦਾ ਦਾਇਰਾ ਸੁੰਗੜ ਰਿਹਾ ਹੈ। ਰਿਪੋਰਟ ਦੀ ਸ਼ੁਰੂਆਤ ਵਿੱਚ ਪੱਤਰਕਾਰ ਰਚਨਾ ਖਹਿਰਾ ਦਾ ਹਵਾਲਾ ਦਿੱਤਾ ਹੈ ਜਿਸ "ਦਾ ਟ੍ਰਿਬਿਊਨ" ਅਖ਼ਬਾਰ ਵਿਚ ਅਧਾਰ ਕਾਰਡਾਂ ਬਾਰੇ ਖੁਲਾਸਾ ਕੀਤਾ ਸੀ ਕਿ ਕਿਵੇਂ ਅਧਾਰ ਨਾਲ ਜੁੜੇ ਲੋਕ 500 ਰੁਪਏ ਬਦਲੇ ਸਾਰਾ ਅਧਾਰ ਡਾਟਾ ਵੇਚ ਰਹੇ ਹਨ। ਇਸ ਰਿਪੋਰਟ ਤੋਂ ਬਾਅਦ ਰਚਨਾ ਖਹਿਰਾ 'ਤੇ ਪੁਲਿਸ ਕੇਸ ਦਰਜ਼ ਕਰ ਦਿੱਤਾ ਗਿਆ ਸੀ।

'ਵਾਸ਼ਿੰਗਟਨ ਪੋਸਟ' ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ 'ਮੋਦੀ ਸਰਕਾਰ' ਦੇ ਰਾਜ ਅੰਦਰ ਪ੍ਰੈਸ ਦੀ ਅਜ਼ਾਦੀ ਦਾ ਦਾਇਰਾ ਘਟ ਰਿਹਾ ਹੈ ਤੇ ਪੱਤਰਕਾਰਾਂ 'ਤੇ ਹਮਲਿਆਂ ਦੀਆਂ ਘਟਨਾਵਾਂ ਵਧੀਆਂ ਹਨ।ਪ੍ਰੈਸ ਦੀ ਅਜ਼ਾਦੀ ਦੇ ਮਾਮਲੇ ਵਿੱਚ ਸੰਸਾਰ ਭਰ ਦੇ ਦੇਸ਼ਾਂ ਦੀ ਸੂਚੀ ਵਿੱਚ ਭਾਰਤ 136ਵੀਂ ਥਾਂ 'ਤੇ ਹੈ। ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਪ੍ਰੈਸ ਦੀ ਅਜ਼ਾਦੀ ਦੇ ਮਾਮਲੇ ਵਿੱਚ ਭਾਰਤ ਅਫਗਾਨਿਸਤਾਨ ਤੇ ਬਰਮਾ ਤੋਂ ਵੀ ਪਿੱਛੇ ਹੈ।

'ਵਾਸ਼ਿੰਗਟਨ ਪੋਸਟ' ਨੇ ਕਿਹਾ ਹੈ ਕਿ ਪੱਤਰਕਾਰਾਂ ਤੇ ਸੰਪਾਦਕਾਂ ਨੇ ਗੱਲਬਾਤ ਦੌਰਾਨ ਦੱਸਿਆ ਕਿ ਹਿੰਦੂ ਰਾਂਸ਼ਟਰਵਾਦੀ ਪ੍ਰਧਾਨ ਮੰਤਰੀ ਦੀ ਸਰਕਾਰ ਹੁੰਦਿਆਂ ਉਨ੍ਹਾਂ ਨੂੰ ਕਈ ਤਰ੍ਹਾਂ ਦੀਆਂ ਚਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤੇ ਉਹ ਭੈਅ ਦੇ ਮਹੌਲ ਵਿੱਚ ਕੰਮ ਕਰ ਰਹੇ ਹਨ। "ਟ੍ਰਿਬਿਊਨ" ਦੇ ਸੰਪਾਦਕ ਹਰੀਸ਼ ਖਰੇ ਨੇ 'ਵਾਸ਼ਿੰਗਟਨ ਪੋਸਟ' ਨਾਲ ਗੱਲਬਾਤ ਦੌਰਾਨ ਕਿਹਾ ਕਿ: 'ਇਹ ਸਰਕਾਰ ਬਿਰਤਾਂਤ ਨੂੰ ਆਪਣੀ ਸਮਰੱਥਾ ਦੀ ਹੱਦ ਤੱਕ ਕਾਬੂ ਹੇਠ ਰੱਖਣ ਲਈ ਪੂਰੀ ਤਰ੍ਹਾਂ ਸੁਚੇਤ ਹੈ। ਅਜਿਹਾ ਪਹਿਲੀ ਵਾਰ ਵਾਪਰ ਰਿਹਾ ਹੈ ਤੇ ਪਹਿਲਾਂ ਅਜਿਹਾ ਕਦੇ ਨਹੀਂ ਸੀ ਹੋਇਆ ਕਿ ਆਪਣੇ ਗੱਲ ਨੂੰ ਆਖਰੀ ਗੱਲ ਸਥਾਪਤ ਕਰਨ ਲਈ ਏਨੀ ਜਿਆਦਾ ਤਾਕਤ ਤੇ ਸਾਧਨ ਝੋਕ ਦਿੱਤੇ ਜਾਣ'।

ਮੋਦੀ ਸਰਕਾਰ ਦਾ ਪੱਖ ਲੈਂਦਿਆਂ ਪਾਰਲੀਮੈਂਟ ਮੈਂਬਰ ਚੰਦਰ ਸ਼ੇਖਰ ਨੇ ਕਿਹਾ ਕਿ ਭਾਵੇਂ ਕਿ ਇਸ ਤਰ੍ਹਾਂ ਦਾ ਪ੍ਰਭਾਵ ਬਣਾਉਣ ਲਈ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਮੀਡੀਆ ਦੀ ਅਜ਼ਾਦੀ ਮੋਦੀ ਸਰਕਾਰ ਦੇ ਰਾਜ ਹੇਠ ਦਬਾਅ ਹੇਠ ਆਈ ਹੈ ਪਰ ਇਹ ਗੱਲ ਸੱਚ ਨਹੀਂ ਹੈ। ਉਸਨੇ ਕਿਹਾ ਕਿ ਭਾਰਤ ਵਿੱਚ ਮੀਡੀਆ ਹਮੇਸ਼ਾ ਹੀ ਚੰਗੇ ਤੇ ਬਹੁਤ ਮਾੜੇ ਦਾ ਮਿਸ਼ਰਣ ਰਿਹਾ ਹੈ। ਉਸਨੇ ਕਿਹਾ ਕਿ ਮੀਡੀਆ ਹਮਲੇ ਹੇਠ ਨਹੀਂ ਹੈ ਬੱਸ ਫਰਕ ਸਿਰਫ ਏਨਾ ਹੈ ਕਿ ਕਿ ਪ੍ਰਧਾਨ ਮੰਤਰੀ ਮੋਦੀ ਟਵਿੱਟਰ ਤੇ ਫੇਸਬੁੱਕ ਰਾਹੀਂ ਲੋਕਾਂ ਨਾਲ ਸਿੱਧਾ ਰਾਬਤਾ ਬਣਾ ਰਿਹਾ ਹੈ।

ਮੀਡੀਆ ਅਲੋਚਕ ਸੇਵਾਂਤੀ ਨੀਨਾਂ ਨੇ ਕਿਹਾ ਕਿ ਬਿਨਾ ਸ਼ੱਕ ਭਾਰਤ ਵਿੱਚ ਮੀਡੀਆ ਸਾਹਮਣੇ ਚੁਣੌਤੀਆਂ ਹਨ ਪਰ ਜਦੋਂ ਵੀ ਪ੍ਰੈਸ ਦੀ ਅਜ਼ਾਦੀ ਦੇ ਮਾਮਲੇ ਅਦਾਲਤਾਂ ਵਿੱਚ ਗਏ ਹਨ ਤਾਂ ਅਦਾਲਤਾਂ ਨੇ ਆਮ ਤੌਰ 'ਤੇ ਪ੍ਰੈਸ ਦੀ ਅਜ਼ਾਦੀ ਦੀ ਹਾਮੀ ਭਰੀ ਹੈ।




Sex Problem

ਮਰਦਾਨਾ ਕਮਜ਼ੋਰੀ

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ

E-mail:- shweat077@yahoo.com
www.surajvanshipharmacy.com

ਅਸਰ 3 ਦਿਨਾਂ ਤੋਂ ਸ਼ੁਰੂ

ਬੁਢਾਪੇ 'ਚ ਜਵਾਨੀ ਮਾਣੋ

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।



ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ: 59/AY/PB.

ਸੈਕਸ ਵਿਚ ਭਰਪੂਰ ਜੋਸ਼ ਅਤੇ ਮਨਚਾਹਾ ਟਾਈਮ

ਵਿਆਹ ਤੋਂ ਪਹਿਲਾਂ ਜਾਂ ਵਿਆਹ ਤੋਂ ਬਾਅਦ ਹਰ ਉਮਰ 'ਚ ਹਾਸਲ ਕਰੋ

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ, ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਸਿਹਤ ਬਣਾਓ

ਵਾਲ ਝੜਨਾ ਜਾਂ ਸਫੈਦ ਹੋਣਾ

Surajvanshi Pharmacy (R)
MANUFACTURE & EXPORTER OF HERBAL PRODUCTS
25, New Model Town, Jalandhar (Punjab) INDIA.
Contact : Dr. Shweat Oberoi +91-98155-33933



Low Rate Loans



Real Estate Loans
Construction Loans
Commercial Loans
Business Loans
Apartment Loans
Loans up to $30 Million

Credit or income problems are welcome

ਜੇ ਤੁਹਾਡਾ ਕਰੈਡਿਟ ਨਹੀਂ ਜਾਂ ਇਨਕਮ ਘੱਟ ਹੈ, ਕੋਈ ਗੱਲ ਨਹੀਂ, ਬੱਸ ਇਕ ਵਾਰ ਫੋਨ ਕਰੋ

For more information Call:-
(408) 307-6331

# ਸੰਪਾਦਕੀ

## ਜਨ ਪ੍ਰਤੀਨਿਧੀਆਂ ਦਾ ਅਪਰਾਧੀਕਰਨ

ਹਾਲ ਹੀ ਵਿਚ ਆਈ ਇਕ ਰਿਪੋਰਟ ਮੁਤਾਬਕ ਭਾਰਤ ਦੀਆਂ ਵਿਧਾਨ ਸਭਾਵਾਂ ਅਤੇ ਲੋਕ ਸਭਾ-ਰਾਜ ਸਭਾ ਅਤੇ ਸਥਾਨਕ ਸਰਕਾਰਾਂ ਵਿਚ 1765 ਅਜਿਹੇ ਲੋਕ ਹਨ, ਜਿਹਨਾਂ ਤੇ ਕਿਸੇ ਅਪਰਾਧ ਦਾ ਦੋਸ਼ ਹੈ। ਇਹ ਬਹੁਤ ਸ਼ਰਮਨਾਕ ਗੱਲ ਹੈ ਕਿ ਭਾਰਤ ਦੇ ਲੋਕ ਜਿਹਨਾਂ ਨੁਮਾਇੰਦਿਆਂ ਨੂੰ ਚੁਣ ਕੇ ਭੇਜਦੇ ਹਨ, ਉਹਨਾਂ ਤੇ ਅਪਰਾਧ ਦੇ ਦੋਸ਼ ਹਨ। ਜੇਕਰ ਉਹਨਾਂ ਦੇ ਕਿਰਦਾਰ ਹੀ ਸ਼ੱਕੀ ਹੋਣਗੇ ਤਾਂ ਉਹ ਲੋਕਰਾਜ ਦੀ ਮਜ਼ਬੂਤੀ ਲਈ ਕੀ ਕਰ ਸਕਦੇ ਹਨ। ਹਾਲ ਹੀ ਵਿਚ ਇਹ ਅੰਕੜੇ ਕੇਂਦਰ ਸਰਕਾਰ ਨੇ ਮੁਲਕ ਦੀਆਂ ਹਾਈ ਕੋਰਟਾਂ ਤੋਂ ਇਕੱਠੇ ਕੀਤੇ ਹਨ ਅਤੇ ਇਹਨਾਂ ਵਿਚ ਬੰਬੇ ਹਾਈ ਕੋਰਟ ਦੇ ਅੰਕੜੇ ਸ਼ਾਮਲ ਨਹੀਂ ਹਨ। ਕੇਂਦਰ ਸਰਕਰ ਨੇ ਇਹ ਸਾਰੇ ਵੇਰਵੇ ਸੁਪਰੀਮ ਕੋਰਟ ਵਿਚ ਪੇਸ਼ ਕੀਤੇ ਹਨ। ਪੈਸੇ ਅਤੇ ਤਾਕਤ ਦੀ ਵਰਤੋਂ ਨਾਲ ਅਜਿਹੇ ਦਾਗੀ ਲੀਡਰ ਸੱਤਾ ਦੀ ਤਾਕਤ ਹਾਸਲ ਕਰ ਲੈਂਦੇ ਹਨ ਤੇ ਆਪਣੀ ਮਨਮਰਜ਼ੀ ਦੇ ਕਾਨੂੰਨ ਬਣਾ ਕੇ ਆਪਣਾ ਰੋਅਬ-ਦਾਬ ਚਲਾਉਣ ਦੇ ਯਤਨ ਕਰਦੇ ਹਨ। ਸੱਤਾ ਦੇ ਲੱਗਭੱਗ ਹਰੇਕ ਪੱਧਰ ਤੇ ਅਜਿਹੇ ਦਾਗੀ ਲੀਡਰਾਂ ਨੇ ਆਪਣੀ ਚੜ੍ਹਤ ਬਣਾ ਕੇ ਰੱਖੀ ਹੋਈ ਹੈ। ਸਿਆਸੀ ਪਾਰਟੀਆਂ ਵੀ ਦਾਨ ਦੇ ਨਾਂ ਤੇ ਮੋਟੀਆਂ ਰਕਮਾਂ ਲੈਂਦੀਆਂ ਹਨ ਅਤੇ ਬਅਦ ਵਿਚ ਉਹਨਾਂ ਨੂੰ ਮੈਂਬਰ ਬਣਾ ਲੈਂਦੀਆਂ ਹਨ। ਭਾਰਤ ਵਿਚ ਸਿਆਸਤ ਦਾ ਅਪਰਾਧੀਕਰਨ ਪਿਛਲੇ ਕਈ ਦਹਾਕਿਆਂ ਤੋਂ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਇਸ ਸਮੱਸਿਆ ਨੂੰ ਖਤਮ ਕਰਨ ਲਈ ਮੁਲਕ ਦੀਆਂ ਦੋ ਪ੍ਰਮੁੱਖ ਸੰਸਥਾਵਾਂ ਸੁਪਰੀਮ ਕੋਰਟ ਅਤੇ ਚੋਣ ਕਮਿਸ਼ਨ ਨੇ ਅਹਿਮ ਭੂਮਿਕਾ ਨਿਭਾਈ ਹੈ। ਦਾਗੀ ਲੀਡਰਾਂ ਦਾ ਹਮੇਸ਼ਾ ਲਈ ਖਾਤਮਾ ਕਰਨ ਦੀ ਸਮਰੱਥਾ ਹਾਲਾਂਕਿ ਇਹਨਾਂ ਸੰਸਥਾਵਾਂ ਵਿਚ ਹੈ, ਇਸ ਕਰਕੇ ਸਮੂਹ ਭਾਰਤੀਆਂ ਦਾ ਇਹਨਾਂ 'ਤੇ ਅਟੁੱਟ ਵਿਸ਼ਵਾਸ ਹੈ। ਇਹ ਦੋਵੇਂ ਦਾਗੀ ਉਮੀਦਵਾਰਾਂ 'ਤੇ ਉਮਰ ਭਰ ਲਈ ਪਾਬੰਦੀਆਂ ਲਗਾਉਣ ਲਈ ਵਿਚਾਰ ਹੋ ਰਿਹਾ ਹੈ। ਹਾਲਾਂਕਿ ਇਸ ਤਸਵੀਰ ਨੂੰ ਬਹੁਤ ਸਖਤ ਦੱਸਿਆ ਗਿਆ ਸੀ ਪਰ ਮੁਲਕ ਦੀ ਸਿਆਸਤ ਨੂੰ ਸਾਫ-ਸੁਥਰਾ ਬਣਾਉਣ ਦੀ ਮੁਹਿੰਮ ਨੂੰ ਅਸੀਂ ਲਾਂਭੇ ਨਹੀਂ ਕਰ ਸਕਦੇ। ਲੋਕ ਨੁਮਾਇੰਦਗੀ ਕਾਨੂੰਨ 1951 ਦੀ ਧਾਰਾ 8 ਮੁਤਾਬਕ ਜੇ ਅਦਾਲਤ ਕਿਸੇ ਵਿਅਕਤੀ ਨੂੰ ਦੋ ਜਾਂ ਵੱਧ ਸਾਲਾਂ ਦੀ ਸਜ਼ਾ ਸੁਣਾ ਕੇ ਦੋਸ਼ੀ ਕਰਾਰ ਦੇ ਚੁੱਕੀ ਹੈ, ਉਹ ਭਾਰਤ ਵਿਚ ਚੋਣ ਨਹੀ ਲੜ ਸਕਦਾ ਪਰ ਜਿਹੜੇ ਵਿਅਕਤੀਆ ਖਿਲਾਫ ਮੁਕੱਦਮੇ ਫਿਲਹਾਲ ਅਦਾਲਤਾਂ ਵਿਚ ਪੈਂਡਿੰਗ ਹਨ, ਉਹ ਚੋਣ ਲੜ ਸਕਦੇ ਹਨ। ਸਾਲ 2002 ਵਿਚ ਸੁਪਰੀਮ ਕੋਰਟ ਨੇ ਸਾਰੇ ਉਮੀਦਵਾਰਾਂ ਲਈ ਇਕ ਹਲਫੀਆ ਬਿਆਨ ਰਿਟਰਨਿੰਗ ਅਫਸਰ ਸਾਹਮਣੇ ਪੇਸ਼ ਕਰਨਾ ਲਾਜ਼ਮੀ ਕੀਤਾ ਸੀ, ਜਿਸ ਵਿਚ ਉਸ ਲਈ ਇਹ ਦੱਸਣਾ ਜ਼ਰੂਰੀ ਹੈ ਕਿ ਉਸ ਵਿਰੁੱਧ ਹੁਣ ਤੱਕ ਕਿੰਨੇ ਮੁਕੱਦਮੇ ਚੱਲ ਚੁੱਕੇ ਜਾਂ ਚੱਲ ਰਹੇ ਹਨ। ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਰਮਜ਼ ਵਰਗੀਆਂ ਸੰਸਥਾਵਾਂ ਇਸ ਜਾਣਕਾਰੀ ਦੀ ਪੜਚੋਲ ਕਰਦੀਆਂ ਹਨ ਅਤੇ ਪ੍ਰਦਰਸ਼ਿਤ ਵੀ ਕਰਦੀਆਂ ਹਨ। ਇਕ ਨਵਾਂ ਕਾਨੂੰਨ 'ਨੋਟਾ' ਵੀ ਸਿਆਸੀ ਪਾਰਟੀਆਂ ਨੂੰ ਕਿਸੇ ਅਪਰਾਧੀ ਵਿਅਕਤੀ ਨੂੰ ਟਿਕਟ ਦੇਣ ਤੋਂ ਪਹਿਲਾਂ ਵਿਚਾਰ ਕਰਨ ਲਈ ਪ੍ਰੇਰਦਾ ਹੈ। 2017 ਦੀ ਪੜਚੋਲ ਮੁਤਾਬਕ ਲੋਕ ਸਭਾ ਵਿਚ 187 (34.4 ਪ੍ਰਤੀਸ਼ਤ) ਲੋਕ ਸਭਾ ਮੈਂਬਰਾਂ ਖਿਲਾਫ ਅਪਰਾਧਿਕ ਦੋਸ਼ ਲੱਗੇ ਹਨ, ਜਿਹਨਾਂ ਵਿਚੋਂ 113 ਉਤੇ ਗੰਭੀਰ ਕਿਸਮ ਦੇ ਇਲਜ਼ਾਮ ਹਨ। ਸਾਲ 2009 ਵਿਚ ਇਹ ਗਿਣਤੀ 183 ਸੀ, ਜਿਹਨਾਂ ਵਿਚੋਂ 76 ਉਤੇ ਗੰਭੀਰ ਦੋਸ਼ ਸਨ। ਜੇਕਰ ਹੋਰ ਪਿੱਛੇ ਦੇਖੀਏ ਤਾਂ 2004 ਵਿਚ 128 ਲੋਕ ਸਭਾ ਮੈਂਬਰਾਂ ਖਿਲਾਫ ਅਜਿਹੇ ਹੀ ਅਪਰਾਧਿਕ ਦੋਸ਼ ਸਨ, ਜਿਹਨਾਂ ਵਿਚੋਂ 58 ਗੰਭੀਰ ਕਿਸਮ ਦੇ ਸਨ। ਇਹਨਾਂ ਅੰਕੜਿਆਂ ਤੋਂ ਜ਼ਾਹਿਰ ਹੈ ਕਿ ਅਪਰਾਧਿਕ ਕਿਸਮ ਦੇ ਸਿਆਸੀ ਲੋਕਾਂ ਵਿਚ ਲਗਾਤਾਰ ਵਾਧਾ ਹੁੰਦਾ ਜਾ ਰਿਹਾ ਹੈ। ਇਸ ਮੁੱਦੇ ਉਤੇ ਸਿਆਸੀ ਪਾਰਟੀਆਂ ਨੂੰ ਸਖਤ ਹੋਣਾ ਪਵੇਗਾ, ਨਹੀਂ ਤਾਂ ਜਨਤਾ ਇਹਨਾ ਅਪਰਾਧੀਆਂ ਦੇ ਹੱਥਾਂ ਵਿਚ ਖੇਡਣ ਲਈ ਮਜਬੂਰ ਹੋਵੇਗੀ।

**-ਬਲਬੀਰ ਸਿੰਘ ਐਮ ਏ**

Balbir Singh M.A.
Editor in Chief & Publisher
e-mail: bsma54@gmail.com
Tel : 510-938-7771, Ph : 510-516-3536
36415 RUSCHIN DR. NEWARK, CA 94560
Pardes Times (2nd office)
Ranjit Kandola ,Managing Editor
530-315-1020, email-Kandola@macloans.net
Buta Ram joshi Staff Reporter, Fresno 559-803-0055
Web designed www.pardestimes.com
by Aman Bansil 510-589-2245

The Pardes Times And People Associated With It Are Not Responsible For Any Claims Made By The Advertisers And Don't Endorse Any Product Or Services Advertised In The Pardes Times. Please Consult Your Attorney Before , Buying/Hiring Contracting Through The Ads Published In The News Paper. The Pardes Times Is In Business Of Selling Spaces And Claims Made By Advertisers Are Not Tested/Confirmed By An Independent Source.

# ਟਰੰਪ ਦੇ ਇਕ ਫੈਸਲੇ ਨਾਲ ਦੁਨੀਆਂ ਵਿਚ ਹੰਗਾਮਾ



Sinder Singh Pasiana
(Advocate)
Email - sindersingh2009@gmail.com
(91-86991-19745 M)

ਅਮਰੀਕਾ ਵਿਚ ਸਟੀਲ ਦੀ ਸਭ ਤੋਂ ਵੱਡੀ ਕੰਪਨੀ ਨਿਊਕੋਰ ਦੇ ਸੀ. ਈ. ਓ. ਜਾਨ ਫੇਰੀਓਲਾ ਨੂੰ 25 ਫਰਵਰੀ ਨੂੰ ਵਾਈਟ ਹਾਊਸ ਤੋਂ ਇਕ ਫੋਨ ਕੀਤਾ ਗਿਆ। ਉਹਨਾਂ ਨੂੰ ਕਿਹਾ ਗਿਆ ਕਿ ਕੀ ਉਹ ਇਕ ਦਿਨ ਬਅਦ ਵਾਸ਼ਿੰਗਟਨ ਆ ਸਕਦੇ ਹਨ। ਜਾਨ ਉਥੇ ਪਹੁੰਚੇ ਤਾਂ ਉਹਨਾਂ ਨੂੰ ਮੈਟਲ ਕੰਪਨੀਆਂ ਦੇ ਕਈ ਸੀ. ਈ. ਓ. ਉਥੇ ਮਿਲੇ। ਉਹਨਾਂ ਨੂੰ ਕਿਹਾ ਗਿਆ ਕਿ ਉਹਨਾਂ ਦੀ ਇਕ ਗੁਪਤ ਮੀਟਿੰਗ ਜਲਦੀ ਹੀ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਹੋਣ ਵਾਲੀ ਹੈ। ਸਾਰੇ ਡਰੇ ਹੋਏ ਸਨ। ਟਰੰਪ ਨਾਲ ਮੀਟਿੰਗ ਆਰੰਭ ਹੋਈ ਤਾਂ ਪਤਾ ਲੱਗਿਆ ਕਿ ਉਹ ਆਯਾਤ ਸਟੀਲ 'ਤੇ ਟੈਰਿਫ (ਟੈਕਸ) ਵਧਾਉਣਾ ਚਾਹੁੰਦੇ ਹਨ। ਮੀਟਿੰਗ ਦੇ ਖਤਮ ਹੋਣ ਤੱਕ ਸਾਰੇ ਸੀ. ਈ. ਓ. ਟਰੰਪ ਦੀ ਗੱਲ ਨਾਲ ਸਹਿਮਤ ਦਿੱਸੇ। ਬੈਠਕ ਤੋਂ ਤੁਰੰਤ ਬਅਦ ਟਰੰਪ ਨੇ ਪ੍ਰੈਸ ਨੂੰ ਕਹਿ ਦਿੱਤਾ ਕਿ ਉਹ ਇੰਪੋਰਟਡ ਸਟੀਲ 'ਤੇ 25 ਫੀਸਦੀ ਸਰਚਾਰਜ ਲਗਾਉਣਾ ਚਾਹੁੰਦੇ ਹਨ, ਜਦਕਿ ਐਲਮੀਨੀਅਮ 'ਤੇ 10 ਫੀਸਦੀ। ਟਰੰਪ ਨੇ ਕਿਹਾ ਕਿ ਲੋਕਾਂ ਨੂੰ ਇਸ ਗੱਲ ਦਾ ਪਤਾ ਨਹੀਂ ਹੈ ਕਿ ਕਿਸ ਤਰ੍ਹਾਂ ਦਾ ਮਾੜਾ ਵਤੀਰਾ ਸਾਡੇ ਦੇਸ਼ ਦੇ ਨਾਲ ਹੁੰਦਾ ਹੈ। ਆਯਾਤ ਸਟੀਲ ਨੇ ਸਾਡੇ ਮੁਲਕ ਦੇ ਇਸਪਾਤ ਉਦਯੋਗ ਨੂੰ ਤਬਾਹ ਕਰ ਦਿੱਤਾ ਹੈ ਪਰ ਅਸੀਂ ਉਸਦੇ ਪੁਰਾਣੇ ਮਾਣ ਨੂੰ ਬਹਾਲ ਕਰਕੇ ਰਹਾਂਗੇ। ਰਿਪਬਲਿਕਨ ਸਾਥੀਆਂ ਨੇ ਚਿਤਾਵਨੀ ਦਿੱਤੀ ਸੀ ਕਿ ਇਸ ਕਿਸਮ ਦੇ ਕਦਮਾਂ ਨਾਲ 'ਟ੍ਰੇਡ ਵਾਰ' ਆਰੰਭ ਹੋ ਜਾਵੇਗੀ। ਇਹਨਾਂ ਸਾਰੀਆਂ ਚਿਤਾਵਨੀਆਂ ਦੀ ਅਣਦੇਖੀ ਕਰਦੇ ਹੋਏ ਸਟੀਲ ਅਤੇ ਐਲਮੀਨੀਅਮ ਦੇ ਆਯਾਤ 'ਤੇ ਨਵੇਂ ਟੈਰਿਫ ਦਾ ਐਲਾਨ ਕਰ ਦਿੱਤਾ।

ਰਾਸ਼ਟਰਪਤੀ ਟਰੰਪ ਦੀ ਬੈਠਕ ਤੋਂ ਬਅਦ ਅਮਰੀਕਾ ਵਿਚ ਹੰਗਾਮਾ ਮੱਚ ਗਿਆ। ਸ਼ੇਅਰ ਬਾਜ਼ਾਰ ਵਿਚ ਗਿਰਾਵਟ ਆ ਗਈ। ਰਿਪਬਲਿਕਨ ਨੇ ਟਰੰਪ ਨੂੰ ਇਸ ਐਲਾਨ ਦੇ ਮਾੜੇ ਨਤੀਜੇ ਭੁਗਤਣ ਲਈ ਤਿਆਰ ਰਹਿਣ ਲਈ ਕਿਹਾ। ਬਹੁਤ ਸਾਰੇ ਆਲੋਚਕਾਂ ਦੀ ਅਣਦੇਖੀ ਕਰਦੇ ਹੋਏ ਅਗਲੇ ਦਿਨ ਸਵੇਰੇ ਟਰੰਪ ਨੇ ਕਿਹਾ, ਟ੍ਰੇਡ ਵਾਰ ਚੰਗੀ ਰਹਿੰਦੀ ਹੈ ਅਤੇ ਆਸਾਨੀ ਨਾਲ ਜਿੱਤੀ ਜਾ ਸਕਦੀ ਹੈ। ਅਗਲੇ 15 ਦਿਨਾਂ ਵਿਚ ਨਵੀਆਂ ਦਰਾਂ ਲਾਗੂ ਹੋ ਜਾਣਗੀਆਂ।

ਇਸ ਕਿਸਮ ਦਾ ਕਦਮ 2002 ਵਿਚ ਤਤਕਾਲੀ ਰਾਸ਼ਟਰਪਤੀ ਜਾਰਜ ਡਬਲਿਊ ਬੁਸ਼ ਨੇ ਵੀ ਚੁੱਕਿਆ ਸੀ, ਜਿਸ ਕਾਰਨ ਅਮਰੀਕਾ ਵਿਚ 2 ਲੱਖ ਨੌਕਰੀਆਂ ਚਲੀਆਂ ਗਈਆਂ ਸਨ। 21 ਮਹੀਨੇ ਵਿਚ ਹੀ ਇਸ ਨੂੰ ਹਟਾਉਣਾ ਪਿਆ।

ਟਰੰਪ ਦੀ ਬੈਠਕ ਤੋਂ ਬਅਦ ਭਾਰਤੀ ਸਟੀਲ ਕੰਪਨੀਆਂ ਨੇ ਚਿੰਤਾ ਜਾਹਿਰ ਕੀਤੀ ਹੈ ਕਿ ਜੇਕਰ ਅਜਿਹਾ ਹੁੰਦਾ ਹੈ ਤਾਂ ਦੁਨੀਆਂ ਦੇ ਬਹੁਤ ਸਾਰੇ ਸਟੀਲ ਨਿਰਮਾਤਾ ਭਾਰਤ ਵਿਚ ਸਟੀਲ ਦਾ ਨਿਰਯਾਤ ਕਰਨ ਲੱਗਣਗੇ, ਜੋ ਡੰਪਿੰਗ ਹੋਵੇਗੀ। ਇੰਡੀਅਨ ਸਟੀਲ ਐਸੋਸੀਏਸ਼ਨ ਮੁਤਾਬਕ ਇਸ ਨਾਲ ਭਾਰਤੀ ਬਾਜ਼ਾ ਰਦੇ ਵੀ ਖਰਾਬ ਹੋਣ ਦਾ ਸ਼ੱਕਾ ਹੈ।

ਟ੍ਰੇਡ ਵਾਰ ਦੀ ਸ਼ੁਰੂਆਤ 20ਵੀਂ ਸਦੀ ਵਿਚ 1930 ਵਿਚ ਹੋਈ। ਉਦੋਂ ਸਮੂਟ ਹੇਵਲੇ ਟੈਰਿਫ ਲਗਾਇਆ ਗਿਆ ਸੀ। 20 ਹਜ਼ਾਰ ਆਯਾਤ ਕੀਤੀਆਂ ਵਸਤੂਆਂ 'ਤੇ ਭਾਰੀ ਟੈਕਸ ਲਗਾਇਆ ਗਿਆ ਸੀ। ਦੂਜੇ ਮੁਲਕਾਂ ਨੇ ਜਦੋਂ ਇਸਦੇ ਲਈ ਉਪਾਅ ਕੀਤਾ ਤਾਂ ਅਮਰੀਕਾ ਦਾ ਐਕਸਪੋਰਟ 51 ਫੀਸਦੀ ਘਟ ਗਿਆ ਸੀ। ਇਸਨੂੰ 1934 ਵਿਚ ਹਟਾ ਲਿਆ ਗਿਆ। 19ਵੀਂ ਸਦੀ ਵਿਚ ਟ੍ਰੇਡ ਵਾਰ ਵਿਚ ਕੈਨੇਡਾ ਨੂੰ ਫਾਇਦਾ ਹੋਇਆ ਸੀ। ਉਸਨੂੰ ਬ੍ਰਿਟੇਨ ਵਰਗਾ ਬਾਜ਼ਾਰ ਐਕਸਪੋਰਟ ਦੇ ਲਈ ਮਿਲ ਗਿਆ ਸੀ। ਜਦਕਿ ਅਮਰੀਕਾ ਵਿਚ ਜਨਰਲ ਮੋਟਰਸ ਅਤੇ ਕ੍ਰਾਈਜ਼ਲਰ ਦੀਵਾਲੀਆ ਹੋਣ ਦੇ ਕਿਨਾਰੇ ਆ ਗਈਆਂ ਸਨ।

ਟਰੰਪ ਦੇ ਐਲਾਨ ਦਾ ਸਬੰਧ 2016 ਵਿਚ ਵੋਟਰਾਂ ਨਾਲ ਕੀਤੇ ਗਏ ਵਾਅਦੇ ਨਾਲ ਸੀ। ਕਾਰੋਬਾਰ ਦੀ ਨੀਤੀ ਨੂੰ ਲੈ ਕੇ ਵਾਈਟ ਹਾਊਸ ਵਿਚ ਹਮੇਸ਼ਾ ਤੋਂ ਹੀ ਖਿੱਚੋਤਾਣ ਚਲੀ ਆ ਰਹ ਹੈ। ਟਰੰਪ ਦੇ ਪ੍ਰਮੁੱਖ ਆਰਥਿਕ ਸਲਾਹਕਾਰ ਅਤੇ ਮੁਕਤ ਬਾਜ਼ਾਰ ਨੀਤੀ ਦੇ ਸਮਰਥਕ ਗੋਲਡਮੈਨ ਸੈਕ ਦੇ ਗੈਰੀ ਕਾਨ ਨੇ ਇਸ ਐਲਾਨ ਤੋਂ ਬਅਦ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ।

ਜਿਵੇਂ ਹੀ ਕਾਨ ਨੇ ਅਸਤੀਫਾ ਦਿੱਤਾ, ਪੂਰੀ ਦੁਨੀਆਂ ਦੇ ਬਾਜ਼ਾਰ ਹਿੱਲ ਗਏ, ਕਿਉਂਕਿ ਕਾਨ ਨੂੰ ਟਰੰਪ ਦੀ ਜਿੱਤ ਦਾ ਰਚੇਤਾ ਮੰਨਿਆ ਜਾਂਦਾ ਰਿਹਾ ਹੈ। ਇਸ ਤੋਂ ਬਅਦ ਟੈਕਸ ਸੁਧਾਰਾਂ ਵਿਚ ਵੀ ਉਹਨਾਂ ਦਾ ਯੋਗਦਾਨ ਸੀ। ਕਾਨ ਹਮੇਸ਼ਾ ਤੋਂ ਟ੍ਰੇਡ ਵਾਰ ਦੇ ਖਿਲਾ ਫਸੀ। ਉਹਨਾਂ ਦੇ ਅਸਤੀਫੇ ਤੋਂ ਬਅਦ ਟਰੰਪ ਨੇ ਟਵਿਟਰ 'ਤੇ ਕਿਹਾ ਕਿ ਉਹ ਜਲਦੀ ਹੀ ਮੁੱਖ ਆਰਥਿਕ ਸਲਾਹਕਾਰ ਦੀ ਨਿਯੁਕਤੀ ਕਰਨ ਵਾਲੇ ਹਨ। ਕਈ ਲੋਕ ਇਸ ਅਹੁਦੇ ਨੂੰ ਪ੍ਰਾਪਤ ਕਰਨ ਦੇ ਲਈ ਸੁਪਨੇ ਦੇਖ ਰਹੇ ਹੋਣਗੇ। ਇਹਨਾਂ ਵਿਚੋਂ ਇਕ ਨਾਂ ਸਭ ਤੋਂ ਪਹਿਲਾਂ ਜੋ ਉਭਰਿਆ ਹੈ, ਉਹ ਪੀਟਰ ਨੇਵਾਰੋ ਦਾ ਹੈ।

ਪੀਟਰ ਨੂੰ ਉਹਨਾਂ ਦੇ ਬਚਾਅਕਾਰੀ ਰਵੱਈਏ ਦੇ ਕਾਰਨ ਜਾਣਿਆ ਜਾਂਦਾ ਹੈ ਪਰ ਹੁਣ ਤੱਕ ਉਹਨਾਂ ਨੂੰ ਰੋਕਣ ਵਾਲੇ ਕਾਨ ਟਰੰਪ ਦੀ ਟੀਮ ਵਿਚ ਸਨ, ਉਹ ਹੁਣ ਨਹੀਂ ਹਨ। ਟਰੰਪ ਅਤੇ ਕਾਨ ਵਿਚਕਾਰ ਕਈ ਵਾਰ ਅਸਹਿਮਤੀ ਰਹੀ, ਪਰ ਹੁਣ ਤੱਕ ਟਰੰਪ ਉਹਨਾਂ ਦੇ ਬਿਜਨਸ ਕੈਰੀਅਰ ਦੇ ਕਾਰਨ ਉਹਨਾਂ ਦਾ ਸਨਮਾਨ ਕਰਦੇ ਸਨ। ਇਹ ਹੁਣ ਮੁਸ਼ਕਿਲ ਨਜ਼ਰ ਆਉਂਦਾ ਹੈ ਕਿ ਕਾਨ ਦੀ ਥਾਂ ਤੇ ਜੋ ਵੀ ਆਵੇਗਾ, ਉਹ ਟਰੰਪ ਦੇ ਬਚਾਅਕਾਰੀ ਰਵੱਈਏ ਨੂੰ ਰੋਕ ਸਕੇਗਾ। ਕੈਪੀਟਲ ਹਿਲ ਵਿਚ ਹਾਊਸ ਸਪੀਕਰ ਪਾਲ ਰੇਆਨ ਨੇ ਵੀ ਟਰੰਪ ਨੂੰ ਟੈਰਿਫ ਦੇ ਐਲਾਨ ਤੇ ਮੁੜ ਵਿਚਾਰ ਕਰਨ ਲਈ ਕਿਹਾ ਹੈ, ਪਰ ਕਾਨੂੰਨ ਰਾਸ਼ਟਰਪਤੀ ਨੂੰ ਇਸ ਸਬੰਧ ਵਿਚ ਪੂਰੇ ਅਧਿਕਾਰ ਦਿੰਦਾ ਹੈ।

ਹਾਲਾਂਕਿ ਹੁਣ ਤੱਕ ਇਹ ਤਹਿ ਨਹੀਂ ਹੈ ਕਿ ਟਰੰਪ ਸਾਹਿਬ ਆਪਣੇ ਐਲਾਨ 'ਤੇ ਕਿਸ ਤਰ੍ਹਾਂ ਅਮਲ ਕਰਦੇ ਹਨ। ਫਿਰ ਵੀ ਕਾਰੋਬਾਰ ਦੇ ਮਾਮਲੇ ਵਿਚ ਉਹ ਪੱਕੇ ਹਨ ਅਤੇ ਰਿਪਬਲਿਕਨ ਨੀਤੀ ਦੀ ਪਾਲਣਾ ਕਰਦੇ ਹਨ। 1980 ਦੇ ਦਹਾਕੇ ਵਿਚ ਜਦੋਂ ਟਰੰਪ ਸਾਹਿਬ ਕਾਰੋਬਾਰੀ ਸਨ, ਉਦੋਂ ਤੋਂ ਉਹਨਾਂ ਨੂੰ ਸ਼ਿਕਾਇਤ ਰਹੀ ਹੈ ਕਿ ਗਲਤ ਤਰੀਕੇ ਦੇ ਵਿਦੇਸ਼ੀ ਮੁਕਾਬਲਿਆਂ ਦੇ ਕਾਰਨ ਅਮਰੀਕਾ ਦੇ ਨਾਲ ਧੋਖਾ ਹੁੰਦਾ ਰਿਹਾ ਹੈ।

ਰਾਸ਼ਟਰਪਤੀ ਟਰੰਪ ਚੋਣ ਮੁਹਿੰਮ ਦੇ ਦੌਰਾਨ ਹੀ ਕਹਿ ਚੁੱਕੇ ਸਨ ਕਿ ਉਹ ਕਾਰੋਬਾਰ ਦੇ ਮਾਮਲੇ ਵਿਚ ਸਖਤ ਕਦਮ ਚੁੱਕਣਗੇ। ਕਾਰੋਬਾਰ ਦੇ ਲਈ ਉਹਨਾਂ ਦਾ ਜੋ ਰਵੱਈਆ ਹੈ, ਉਹ ਹੋਰ ਰਿਪਬਲਿਕਨਾਂ ਤੋਂ ਵੱਖਰਾ ਹੈ। ਇਸ ਕਿਸਮ ਦੇ ਐਲਾਨਾਂ ਨਾਲ ਰਾਸ਼ਟਰਪਤੀ ਟਰੰਪ ਅਮਰੀਕਾ ਨੂੰ ਵਾਪਸ ਮੈਨੂਫੈਕਚਰਿੰਗ ਦਾ ਗੜ੍ਹ ਬਣਾਉਣ ਦਾ ਵਾਅਦਾ ਕਰਨ ਦੀ ਕੋਸ਼ਿਸ਼ ਕਰਦੇ ਮਹਿਸੂਸ ਹੁੰਦੇ ਹਨ। ਕਾਰੋਬਾਰ ਨੂੰ ਲੈ ਕੇ ਹਮੇਸ਼ਾ ਹੀ ਲੋਕਪ੍ਰਿਆ ਵਾਅਦੇ ਰਿਪਬਲਿਕਨ ਕਰਦੇ ਆਏ ਹਨ ਪਰ ਟਰੰਪ ਸਾਹਿਬ ਦੇ ਐਲਾਨ ਬਾਰੇ ਹੁਣ ਵਕਤ ਹੀ ਦੱਸੇਗਾ।

### ਕੀ ਸਾਡੇ ਬਜ਼ੁਰਗ ਸਾਡੇ ਤੋਂ ਕਿਤੇ ਵੱਧ ਸਿਆਣੇ ਸਨ !

ਦੁਨੀਆਂ ਦੇ ਕਈ ਆਰਕਿਆਲਾਜਿਸਟਾਂ ਨੂੰ ਖੁਦਾਈ ਦੇ ਦੌਰਾਨ ਕਈ ਅਜਿਹੀਆਂ ਚੀਜ਼ਾਂ ਮਿਲਦੀਆਂ ਹਨ, ਜੋ ਹੈਰਾਨ ਕਰਨ ਵਾਲੀਆਂ ਹੁੰਦੀਆਂ ਹਨ। ਇਹ ਚੀਜ਼ਾਂ ਸਦੀਆਂ ਪਹਿਲਾਂ ਕਿਸੇ ਨਾ ਕਿਸੇ ਕਾਰਨ ਵੱਸ ਜ਼ਮੀਨ ਦੇ ਕਾਫੀ ਹੇਠਾਂ ਲੁਕੋ ਦਿੱਤੀਆਂ ਗਈਆਂ ਸਨ ਜਾਂ ਦੱਬ ਗਈਆਂ ਸਨ। ਇਕ ਅਜਿਹਾ ਹੀ ਭੇਦਭਰਿਆ ਘੜਾ

(ਬਾਕੀ ਸਫਾ 21 'ਤੇ)

# ਸਿੱਖ ਸੁਭਾਅ ਦਾ ਹਿੱਸਾ ਨਹੀ ਵੱਖਵਾਦੀ ਸਿਆਸਤ



ਬਲਕਾਰ ਸਿੰਘ (ਪ੍ਰੋ.)

ਭਾਰਤ ਦੀ ਸਿਆਸਤ ਵਿਚ ਪੰਜਾਬ ਸਦਾ ਹੀ ਇਕ ਤੋਂ ਵੱਧ ਕਾਰਨਾਂ ਕਰ ਕੇ ਸੂਬਾਈ ਸਿਆਸਤ ਵਜੋਂ ਸਾਹਮਣੇ ਆਉਂਦਾ ਰਿਹਾ ਹੈ ਪਰ ਜਿਸ ਤਰ੍ਹਾਂ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਭਾਰਤੀ ਫੇਰੀ ਦੇ ਹਵਾਲੇ ਨਾਲ ਸਿੱਖ ਭਾਈਚਾਰੇ ਨੂੰ ਲੈ ਕੇ ਸਿਆਸਤ ਭਖੀ ਹੈ, ਇਸ ਨਾਲ ਸਿੱਖ ਸਿਆਸਤ ਦੀ ਖਾਲਿਸਤਾਨੀ ਪਰਤ ਚਰਚਾ ਦੇ ਕੇਂਦਰ ਵਿਚ ਆ ਗਈ ਹੈ। ਪੰਜਾਬ ਵਿਚਲਾ ਖਾੜਕੂ ਵਰਤਾਰਾ ਬਹੁਤ ਦੇਰ ਦਾ ਹਿਜਰਤ ਕਰ ਚੁੱਕਾ ਹੈ; ਉਂਜ, ਇਸ ਦੇ ਹਵਾਲੇ ਨਾਲ ਦੇਸ਼-ਪੰਜਾਬ ਦੀ ਗੱਲ ਕਿਸੇ ਨਾ ਕਿਸੇ ਰੂਪ ਵਿਚ ਚੱਲਦੀ ਰਹਿੰਦੀ ਹੈ। ਪੰਜਾਬ ਆਉਣ ਤੋਂ ਪਹਿਲਾਂ ਟਰੂਡੋ ਦਾ ਦਿੱਲੀ, ਮਹਾਰਾਸ਼ਟਰ, ਯੂਪੀ ਅਤੇ ਗੁਜਰਾਤ ਵਿਚ ਬਿਨਾਂ ਢੋਲ-ਢਮੱਕੇ ਦੇ ਸੁਆਗਤ ਜਾ ਚੁੱਕਾ ਸੀ। ਉਸ ਉਪਰ ਗਰਮਦਲੀਏ ਸਿੱਖਾਂ ਪ੍ਰਤੀ ਨਰਮ ਹੋਣ ਦੇ ਦੋਸ਼ ਲੱਗ ਚੁੱਕੇ ਸਨ ਅਤੇ ਭਾਰਤੀ ਮੀਡੀਆ ਵਿਚ ਇਸ ਫੇਰੀ ਨੂੰ "ਖਾਲਿਸਤਾਨ-2" ਵੀ ਕਿਹਾ ਜਾ ਚੁੱਕਾ ਸੀ। ਇਸ ਨਾਲ ਜੁੜੇ ਕਿਸੇ ਵਿਸਥਾਰ ਵਿਚ ਜਾਏ ਬਿਨਾਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਵੇਂ 2014 ਦੀ ਮੋਦੀ ਹਨੇਰੀ ਨੂੰ ਪੰਜਾਬ ਨੇ ਨੇੜੇ ਨਹੀਂ ਆਉਣ ਦਿੱਤਾ ਸੀ, ਉਸੇ ਤਰ੍ਹਾਂ ਕੈਨੇਡੀਅਨ ਪ੍ਰਧਾਨ ਮੰਤਰੀ ਦੇ ਦੌਰੇ ਨੂੰ ਲੈ ਕੇ ਵੀ ਪੰਜਾਬ ਨੇ ਸੁਤੰਤਰ ਸਿਆਸੀ ਪੈਂਤੜਾ ਲੈ ਕੇ ਦੱਸ ਦਿੱਤਾ ਕਿ ਪੰਜਾਬ, ਪੰਜਾਬੀ ਸੂਬੇ ਦੀ ਸ਼ਕਲ ਵਿਚ ਵੀ ਦੇਸ਼-ਪੰਜਾਬ ਦੀ ਭੂਮਿਕਾ ਨਿਭਾ ਸਕਦਾ ਹੈ। ਆਪਣੀ ਇਸ ਵਿਲੱਖਣਤਾ ਦੀ ਕੀਮਤ ਜੋ ਪੰਜਾਬ ਅਤੇ ਪੰਜਾਬੀਆਂ ਨੂੰ ਚੁਕਾਉਣੀ ਪੈਂਦੀ ਰਹੀ ਹੈ, ਉਸ ਨੂੰ ਸਿਆਸੀ ਰੋਟੀਆਂ ਸੇਕਣ ਲਈ ਜਿਸ ਬੇਦਰਦੀ ਨਾਲ ਸਿਆਸਤਦਾਨਾਂ ਵਲੋਂ ਲਗਾਤਾਰ ਵਰਤਿਆ ਜਾ ਰਿਹਾ ਹੈ, ਉਸ ਦੇ ਹਵਾਲੇ ਨਾਲ ਹੀ ਕੈਨੇਡੀਅਨ ਪ੍ਰਧਾਨ ਮੰਤਰੀ ਦੇ ਭਾਰਤ ਦੌਰੇ ਨੂੰ ਸਮਝਣ ਦੀ ਲੋੜ ਹੈ।

ਭਾਰਤ ਸਰਕਾਰ ਦੀ ਬੇਰੁਖੀ ਨੂੰ ਲੈ ਕੇ ਜਿਹੋ ਜਿਹੀਆਂ ਕੁਟਨੀਤਕ ਟਿੱਪਣੀਆਂ ਸਾਹਮਣੇ ਆ ਰਹੀਆਂ ਹਨ, ਉਸ ਉਤੇ ਭਾਜਪਾ ਦੀ ਟਿਪਣੀ 'ਉਲਟਾ ਚੋਰ ਕੋਤਵਾਲ ਨੂੰ ਡਾਂਟੇ' ਦੇ ਨਾਲ ਨਾਲ ਟਰੂਡੋ ਫੇਰੀ ਨੂੰ ਸੈਰ ਸਪਾਟਾ ਜਾਂ ਛੁੱਟੀ ਹਫਤਾ ਵੀ ਕਿਹਾ ਜਾ ਰਿਹਾ ਹੈ। ਕੁਝ ਵੀ ਹੋਵੇ, ਦੋਹਾਂ ਦੇਸ਼ਾਂ ਦੀਆਂ ਸਰਕਾਰਾਂ ਨੇ ਉਹੀ ਕੀਤਾ ਜੋ ਦੋਹਾਂ ਦੀ ਸਿਆਸਤ ਨੂੰ ਠੀਕ ਬੈਠਦਾ ਸੀ ਪਰ ਇਸ ਨਾਲ ਖਾਲਿਸਤਾਨ ਦਾ ਮੁੱਦਾ ਇਕ ਵਾਰ ਫਿਰ ਸਾਹਮਣੇ ਆ ਗਿਆ ਹੈ। ਕਹਿਣ ਨੂੰ ਭਾਵੇਂ ਇਸ ਨੂੰ ਕੁਝ ਵੀ ਕਹੀ ਜਾਈਏ ਪਰ ਸਿੱਖ ਭਾਈਚਾਰੇ ਨੂੰ ਇਹ ਸਾਬਤ ਕਰਨ ਦਾ ਮੌਕਾ ਮਿਲ ਗਿਆ ਹੈ ਕਿ ਕਿਸੇ ਵੀ ਦੇਸ਼ ਦੀ ਵਿਧਾਨਿਕਤਾ ਦੇ ਮਾਣ ਸਤਿਕਾਰ ਨਾਲ ਨਿਭਣ ਦਾ ਸਲੀਕਾ ਜਿਵੇਂ ਸਿੱਖਾਂ ਨੇ ਦੁਨੀਆਂ ਭਰ ਵਿਚ ਹੰਢਾਇਆ ਤੇ ਪ੍ਰਗਟਾਇਆ ਹੈ, ਉਸ ਨੂੰ ਧਿਆਨ ਵਿਚ ਰੱਖ ਕੇ ਵੱਖਵਾਦ ਵਰਗਾ ਠੱਪਾ ਸਿੱਖ ਭਾਈਚਾਰੇ 'ਤੇ ਨਹੀਂ ਲਾਇਆ ਜਾ ਸਕਦਾ। ਸਿੱਖਾਂ ਦੀ ਨਾਬਰੀ-ਨੈਤਿਕਤਾ ਨੂੰ ਸਿੱਖ ਪ੍ਰਸੰਗ ਵਿਚੋਂ ਕੱਢ ਕੇ ਵੱਖਵਾਦੀ ਸਿਆਸਤ ਸਮਝਣ ਦੀ ਗ਼ਲਤੀ ਕਰਾਂਗੇ ਤਾਂ ਨਤੀਜੇ ਇਹੋ ਜਿਹੇ ਹੀ ਨਿਕਲਣਗੇ ਜਿਸ ਤਰ੍ਹਾਂ ਦੇ ਪ੍ਰਭਾਵ ਖਾਲਿਸਤਾਨੀਆਂ ਦੇ ਬਹਾਨੇ ਨਾਲ ਭਾਰਤ ਨੂੰ ਤੋੜਨ ਦੀਆਂ ਟਿੱਪਣੀਆਂ ਸਾਹਮਣੇ ਲਿਆਂਦੇ ਜਾ ਰਹੇ ਹਨ। ਅਜਿਹਾ ਕਰਨ ਵਾਲਿਆਂ ਤੋਂ ਇਹ ਪੁੱਛਿਆ ਜਾ ਸਕਦਾ ਹੈ ਕਿ ਜਿਹੋ ਜਿਹੀ ਖਾਲਿਸਤਾਨੀਆਂ ਬਾਰੇ ਕੈਨੇਡੀਅਨ ਵਿਧਾਨ ਵਿਚ ਵਿਵਸਥਾ ਹੈ, ਉਹੋ ਜਿਹੀ ਵਿਵਸਥਾ ਭਾਰਤੀ ਵਿਧਾਨ ਵਿਚ ਵੀ ਹੈ। ਭਾਰਤ ਦੀ ਭਾਜਪਾ ਦੀ ਪਹੁੰਚ ਤਾਂ ਟਰੂਡੋ ਫੇਰੀ ਨੂੰ ਭਾਰਤ-ਵਿਰੋਧੀ ਕਹਿਣ ਦੀ ਥਾਂ ਮੋਦੀ-ਵਿਰੋਧੀ ਕਹੀ ਜਾ ਰਹੀ ਹੈ ਅਤੇ ਹਰ ਸੁਹਿਰਦ ਕੋਸ਼ਿਸ਼ ਨੂੰ ਵੀ ਗੋਗਲੂਆਂ ਤੋਂ ਮਿੱਟੀ ਝਾੜਨਾ ਹੀ ਕਹੀ ਜਾ ਰਹੀ ਹੈ। ਜਿਹੜੇ ਸਿਆਸਤਦਾਨ ਚੇਸ਼ਟਾ ਨੂੰ ਚੇਤਨਾ ਸਮਝਣ ਦਾ ਭਰਮ ਪਾਲ ਲੈਣਗੇ, ਉਨ੍ਹਾਂ ਨੂੰ ਤਾਂ ਇਹੀ ਲੱਗੇਗਾ ਕਿ ਟਰੂਡੋ ਫੇਰੀ ਵੱਲ ਪਿੱਠ ਕਰ ਕੇ ਜਿੱਤ ਦਾ ਪਰਚਮ ਲਹਿਰਾ ਦਿੱਤਾ ਗਿਆ ਹੈ।

ਮੋਦੀ ਨੂੰ ਤਾਂ ਉਸ ਦੀ ਚੜ੍ਹਤ ਵੇਲੇ 2014 ਵਿਚ ਬਹੁਤ ਸਾਰੇ ਸੂਬਿਆਂ ਨੇ ਨੇੜੇ ਨਹੀਂ ਫਟਕਣ ਦਿੱਤਾ ਸੀ ਪਰ ਸੂਬਾਈ ਸਿਆਸਤ ਨਾਲ ਜੁੜੇ ਹੋਏ ਮੁੱਦਿਆਂ ਨੂੰ ਪੰਜਾਬ ਵਾਂਗ ਭਾਰਤ ਦੇ ਕਿਸੇ ਵੀ ਹੋਰ ਸੂਬੇ ਨੇ ਲਿਆ ਹੋਵੇ, ਉਹ ਕਿਧਰੇ ਨਜ਼ਰ ਨਹੀ ਆਉਂਦਾ। ਸੂਬਾਈ ਸਿਆਸਤ ਨੂੰ ਲੈ ਕੇ ਜਿਹੜਾ ਮੁੱਦਾ ਆਨੰਦਪੁਰ ਸਾਹਿਬ ਦੇ ਮਤੇ ਰਾਹੀਂ ਪੰਜਾਬ ਨੇ ਸਾਹਮਣੇ ਲਿਆਂਦਾ ਸੀ, ਉਹ ਜੇ ਖਾਲਿਸਤਾਨੀ ਸਿਆਸਤ ਦੀ ਭੇਟ ਨਾ ਚੜ੍ਹਦਾ ਤਾਂ ਸੂਬਾਈ ਸਿਆਸਤ ਵਲੋਂ ਕੇਂਦਰੀਕਰਨ ਦੀ ਰਾਜਨੀਤੀ ਤੋਂ ਮੁਕਤੀ ਪ੍ਰਾਪਤ ਕਰਨ ਦਾ ਰਾਹ ਪੱਧਰਾ ਹੋ ਸਕਦਾ ਸੀ। ਸਪਸ਼ਟ ਹੈ ਕਿ ਛਾਂਗੇ ਹੋਏ ਪੰਜਾਬ ਵਿਚ ਵੀ ਵਿਰਾਸਤੀ ਪੰਜਾਬ ਵਾਲਾ ਫਖ਼ਰ ਅੰਗੜਾਈਆਂ ਲੈਂਦਾ ਰਹਿੰਦਾ ਹੈ। ਕੈਨੇਡੀਅਨ ਰਾਜਨੀਤੀ ਵਿਚ ਸਿੱਖ ਭੂਮਿਕਾ ਦਾ ਜੋ ਪ੍ਰਗਟਾਵਾ ਟਰੂਡੋ ਸਰਕਾਰ ਵਿਚ ਨਜ਼ਰ ਆ ਰਿਹਾ ਹੈ, ਇਸ ਨਾਲ ਸਿੱਖਾਂ ਨੂੰ ਅਜਿਹੀ ਸਿਆਸਤ ਤੋਂ ਪਾਸੇ ਹੋਣ ਦੀ ਲੋੜ ਮਹਿਸੂਸ ਹੋਣ ਲੱਗ ਪਈ ਹੈ, ਜਿਸ ਨਾਲ ਸਿੱਖ ਭਾਈਚਾਰੇ ਨੂੰ ਇਸਲਾਮੀ ਸਿਆਸਤ ਵਾਲੇ ਰਾਹ ਪੈਣ ਤੋਂ ਰੋਕਿਆ ਜਾ ਸਕੇ। ਇਸ ਪੱਖ ਤੋਂ ਭਾਰਤ ਦੀ ਟਰੂਡੋ ਫੇਰੀ ਦੀ ਅਹਿਮੀਅਤ ਸਿੱਖ ਭਾਈਚਾਰੇ ਨੂੰ ਖਾਸ ਤੌਰ 'ਤੇ ਅਹਿਮ ਲੱਗਣ ਲੱਗ ਪਈ ਹੈ। ਹਰ ਰੰਗ ਦੇ ਸਿੱਖ ਕੈਨੇਡੀਅਨ ਪ੍ਰਧਾਨ ਮੰਤਰੀ ਬਾਰੇ ਜੋ ਦਿੱਲੀ ਤੇ ਮੁੰਬਈ ਵਿਚ ਨਹੀਂ ਸਨ ਕਰ ਸਕੇ, ਉਹ ਪੰਜਾਬ ਵਿਚ ਹੋਇਆ ਦੇਖਣ ਦੀ ਰੀਝ ਪਾਲ ਰਹੇ ਸਨ।

ਪੰਜਾਬ ਸਰਕਾਰ ਅਤੇ ਸ਼੍ਰੋਮਣੀ ਕਮੇਟੀ ਨੇ ਇਸ ਅਵਸਰ ਨੂੰ ਸ਼ਾਨਾਮੱਤੇ ਢੰਗ ਨਾਲ ਸੰਭਾਲਣ ਦਾ ਫੈਸਲਾ ਕਰ ਕੇ ਦੁਨੀਆਂ ਭਰ ਦੇ ਪੰਜਾਬੀਆਂ ਦੀ ਵਾਹ ਵਾਹ ਖੱਟ ਲਈ ਹੈ। ਇਸ ਨਾਲ ਇਹ ਨੁਕਤਾ ਵੀ ਉਭਰ ਕੇ ਸਾਹਮਣੇ ਆ ਗਿਆ ਹੈ ਕਿ ਜੋ ਸਿਆਸੀ ਪੈਂਤੜਾ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੈਨੇਡੀਅਨ ਰੱਖਿਆ ਮੰਤਰੀ

(ਬਾਕੀ ਸਫਾ 21 'ਤੇ)

# ਵਿੱਤੀ ਤੰਗੀ 'ਚੋਂ ਨਿਕਲਣ ਲਈ ਪੰਜਾਬ ਸਰਕਾਰ ਸਾਰੇ ਯਤਨ ਅਸਫਲ

ਚੰਡੀਗੜ੍ਹ - ਪੰਜਾਬ ਨੂੰ ਗੰਭੀਰ ਵਿੱਤੀ ਸੰਕਟ ਵਿਚੋਂ ਕੱਢਣ ਲਈ ਕੈਪਟਨ ਅਮਰਿੰਦਰ ਸਿੰਘ ਸਰਕਾਰ ਹਰ ਮੋਰਚੇ ਉਤੇ ਅਸਫਲ ਹੋ ਰਹੀ ਹੈ। ਚਲੰਤ ਮਾਲੀ ਸਾਲ ਦੇ ਬਜਟ ਦਾ ਲੇਖਾ ਜੋਖਾ ਕਰਦਿਆਂ ਇਹ ਤੱਥ ਸਾਹਮਣੇ ਆਉਂਦੇ ਹਨ ਕਿ ਖਰਚਾ 107 ਫੀਸਦੀ ਤੱਕ ਪਹੁੰਚ ਗਿਆ ਹੈ ਤੇ ਬਝਵੇਂ ਖਰਚੇ ਵੀ ਕਰਜ਼ਾ ਚੁੱਕ ਕੇ ਕੀਤੇ ਜਾਂਦੇ ਹਨ। ਪੰਜਾਬ ਸਰਕਾਰ ਦੀ ਵਿੱਤੀ ਫਰੰਟ ਉਤੇ ਹਾਲਤ ਇੰਨੀ ਮਾੜੀ ਬਣੀ ਹੋਈ ਹੈ ਕਿ ਸਾਲਾਨਾ ਆਮਦਨ ਨਾਲੋਂ ਖਰਚੇ ਜ਼ਿਆਦਾ ਹਨ।

ਸਰਕਾਰ ਦੀ ਸਾਰੇ ਸਰੋਤਾਂ ਤੋਂ ਆਮਦਨ ਸਾਲ ਵਿਚ 60 ਹਜ਼ਾਰ ਕਰੋੜ ਰੁਪਏ ਦੇ ਕਰੀਬ ਹੈ, ਜਿਸ ਵਿਚੋਂ 24 ਹਜ਼ਾਰ ਕਰੋੜ ਰੁਪਏ ਸਾਲ ਵਿਚ ਤਨਖਾਹਾਂ ਦੇ ਭੁਗਤਾਨ 'ਤੇ ਖਰਚਿਆ ਜਾਂਦਾ ਹੈ। ਇਸੇ ਤਰ੍ਹਾਂ 10 ਹਜ਼ਾਰ ਕਰੋੜ ਰੁਪਏ ਤੋਂ ਜ਼ਿਆਦਾ ਪੈਨਸ਼ਨਾਂ ਦੇ ਭੁਗਤਾਨ 'ਤੇ ਖਰਚ ਹੋ ਜਾਂਦਾ ਹੈ। ਸਰਕਾਰ ਵੱਲੋਂ ਲਏ ਗਏ ਕਰਜ਼ੇ ਦੀਆਂ ਕਿਸ਼ਤਾਂ ਦੇ ਰੂਪ ਵਿਚ ਸਾਲਾਨਾ 14 ਹਜ਼ਾਰ ਕਰੋੜ ਰੁਪਏ ਅਦਾ ਕੀਤੇ ਜਾਂਦੇ ਹਨ। ਇਸੇ ਤਰ੍ਹਾਂ 11 ਹਜ਼ਾਰ ਕਰੋੜ ਰੁਪਏ ਦੇ ਕਰੀਬ ਸਬਸਿਡੀਆਂ ਦਾ ਅਦਾ ਕਰਨਾ ਸੀ। ਸਪੱਸ਼ਟ ਹੈ ਕਿ ਸਰਕਾਰ ਕੋਲ ਵਿਕਾਸ ਕਾਰਜਾਂ ਜਾਂ ਕੇਂਦਰੀ ਸਕੀਮਾਂ ਵਿਚ ਪੈਸਾ ਪਾਉਣ ਲਈ ਧੇਲਾ ਵੀ ਨਹੀਂ।

ਸਰਕਾਰ ਵੱਲੋਂ ਵਿੱਤੀ ਹਾਲਤ ਸੁਧਾਰਨ ਅਤੇ ਇਸ ਦਿਸ਼ਾ ਵਿਚ ਅਹਿਮ ਫੈਸਲੇ ਲੈਣ ਲਈ ਸਿਹਤ ਮੰਤਰੀ ਬ੍ਰਹਮ ਮਹਿੰਦਰਾ ਅਤੇ ਵਿੱਤ ਮੰਤਰੀ ਮਨਪ੍ਰੀਤ ਬਾਦਲ 'ਤੇ ਅਧਾਰਿਤ ਇਕ ਵਿਸ਼ੇਸ਼ ਕਮੇਟੀ ਬਣਾਈ ਗਈ ਸੀ, ਪਰ ਅਜੇ ਤੱਕ ਸਾਰਥਿਕ ਨਤੀਜੇ ਸਾਹਮਣੇ ਨਹੀਂ ਆਏ। ਹਾਲਾਂਕਿ ਉਚ ਅਧਿਕਾਰੀਆਂ ਦਾ ਕਹਿਣਾ ਹੈ ਕਿ ਮਾਰਕੀਟ ਫੀਸ ਅਤੇ ਦਿਹਾਤੀ ਵਿਕਾਸ ਫੰਡ ਵਿਚ ਇਕ-ਇਕ ਫੀਸਦੀ ਦਾ ਵਾਧਾ ਵਿੱਤੀ ਹਾਲਤ ਸੁਧਾਰਨ ਲਈ ਚੁੱਕਿਆ ਗਿਆ ਹੀ ਕਦਮ ਹੈ। ਉਂਜ, ਅਧਿਕਾਰੀਆਂ ਦਾ ਮੰਨਣਾ ਹੈ ਕਿ ਵਿੱਤੀ ਹਾਲਤ ਸੁਧਾਰਨ ਦੀ ਦਿਸ਼ਾ ਵਿਚ ਵੱਡੇ ਸੁਧਾਰਾਂ ਅਤੇ ਸਖਤ ਫੈਸਲੇ ਲੈਣ ਦੀ ਜ਼ਰੂਰਤ ਹੈ। ਕੈਪਟਨ ਸਰਕਾਰ ਨੇ ਹਾਲ ਹੀ 'ਚ ਮੁੱਖ ਮੰਤਰੀ ਅਤੇ ਮੰਤਰੀਆਂ ਦਾ ਆਮਦਨ ਕਰ ਸਰਕਾਰੀ ਖਜ਼ਾਨੇ ਵਿਚੋਂ ਅਦਾ ਕਰਨ ਦੇ ਫੈਸਲੇ ਨੂੰ ਵਾਪਸ ਲੈ ਕੇ ਚੰਗਾ ਸੰਕੇਤ ਤਾਂ ਦਿੱਤਾ ਹੈ ਪਰ ਸਰਕਾਰ ਨੂੰ ਸਿਆਸੀ ਮੁਲਾਹਜ਼ੇਦਾਰੀਆਂ ਪੁਗਾਉਣ ਲਈ ਕੀਤੀਆਂ ਬੇਲੋੜੀਆਂ ਤੇ ਥੋਕ 'ਚ ਨਿਯੁਕਤੀਆਂ ਰੱਦ ਕਰ ਕੇ ਮਿਸਾਲੀ ਫੈਸਲਾ ਲੈਣਾ ਚਾਹੀਦਾ ਹੈ।

**ਦੇਣਦਾਰੀਆਂ ਦੇ ਭਾਰ ਨੇ ਨੱਪੀ ਸਰਕਾਰ**

ਕੇਂਦਰ ਤੋਂ ਜੀਐਸਟੀ ਦਾ ਬਣਦਾ ਹਿੱਸਾ ਸਮੇਂ ਸਿਰ ਨਾ ਮਿਲਣ ਕਰ ਕੇ ਪੰਜਾਬ ਸਰਕਾਰ ਵੱਲ ਕਈ ਵਿਭਾਗਾਂ ਦੇਣਦਾਰੀਆਂ ਵਧ ਗਈਆਂ ਹਨ। ਸੂਬੇ ਵਿਚ ਕਈ ਵਿਭਾਗ ਇਸ ਤਰ੍ਹਾਂ ਦੇ ਹਨ, ਜਿਹੜੇ ਇਸ ਵੇਲੇ ਪੂਰੀ ਤਰ੍ਹਾਂ ਜੀਐਸਟੀ ਤੋਂ ਆਉਣ ਵਾਲੇ ਹਿੱਸੇ 'ਤੇ ਨਿਰਭਰ ਹਨ। ਪੰਜਾਬ ਸਰਕਾਰ ਦੀ ਸਭ ਤੋਂ ਵੱਡੀ ਦੇਣਦਾਰੀ ਇਸ ਵੇਲੇ ਪਾਵਰਕੌਮ ਦੀ ਹੈ। ਸਬਸਿਡੀ ਦੀ ਰਕਮ ਸਮੇਂ ਸਿਰ ਨਾ ਮਿਲਣ ਕਰ ਕੇ ਇਹ ਮਾਮਲਾ ਪੰਜਾਬ ਬਿਜਲੀ ਅਥਾਰਟੀ ਕਮਿਸ਼ਨ ਕੋਲ ਪੁੱਜ ਗਿਆ ਹੈ। ਸਾਲ 2017-18 ਦੀ ਮੁਫਤ ਬਿਜਲੀ ਦੀ ਸਬਸਿਡੀ ਦੀ ਰਕਮ 11542 ਕਰੋੜ ਦੀ ਅਦਾਇਗੀ ਕੀਤੀ ਜਾਣੀ ਹੈ। ਦੂਜੇ ਪਾਸੇ ਪੰਜਾਬ ਸਰਕਾਰ ਨੇ ਹੋਰ ਜਿਨ੍ਹਾਂ ਅਹਿਮ ਵਿਭਾਗਾਂ ਨੂੰ ਜੀਐਸਟੀ ਦੇ ਹਿੱਸੇ ਤੋਂ ਰਕਮ ਦੇਣੀ ਹੈ, ਉਨ੍ਹਾਂ ਵਿਚ 146 ਨਗਰ ਨਿਗਮ ਅਤੇ ਕਮੇਟੀਆਂ ਦਾ ਬਣਦਾ 10 ਫੀਸਦੀ ਹਿੱਸਾ, ਜਿਹੜਾ ਕਿ 700 ਕਰੋੜ ਤੋਂ ਜ਼ਿਆਦਾ ਹੈ। 10 ਨਗਰ ਨਿਗਮਾਂ ਅਤੇ ਬਾਕੀ ਨਗਰ ਕੌਂਸਲਾਂ ਵਿਚ ਤਾਂ ਮੁਲਾਜ਼ਮਾਂ ਨੂੰ ਤਨਖਾਹਾਂ ਅਤੇ ਟੈਲੀਫੋਨ, ਬਿਜਲੀ ਦੇ ਬਿੱਲਾਂ ਦੀ ਅਦਾਇਗੀ ਜੀ ਐਸ਼ ਟੀ ਦੇ ਹੱਸੇ ਤੋਂ ਆਉਂਦੀ ਰਕਮ ਤੋਂ ਹੀ ਕੀਤੀ ਜਾਂਦੀ ਹੈ। ਫੰਡ ਨਾ ਹੋਣ ਕਰ ਕੇ ਬਜ਼ੁਰਗਾਂ ਦੀਆਂ ਪੈਨਸ਼ਨਾਂ ਦੀ ਅਦਾਇਗੀ ਦਾ ਕੰਮ ਬੰਦ ਪਿਆ ਹੈ, ਜਦੋਂ ਕਿ ਸਸਤੇ ਰਾਸ਼ਨ ਵਾਲੀ ਸਕੀਮ ਤੋਂ ਹੁਣ ਸਿਰਫ ਕਣਕ ਹੀ ਬਚ ਗਈ ਹੈ।

**ਵਿੱਤੀ ਸੰਕਟ ਦੀ ਦੁਹਾਈ ਦੀ ਥਾਂ ਖਰਚੇ ਘਟਾਵੇ ਸਰਕਾਰ: ਹਾਈ ਕੋਰਟ**

ਕਿਸਾਨ ਕਰਜ਼ ਮੁਆਫੀ ਲਈ ਪੰਜਾਬ ਵਿਚ ਲੱਗਦੇ ਧਰਨਿਆਂ ਦੇ ਮਾਮਲੇ ਦੀ ਸੁਣਵਾਈ ਦੌਰਾਨ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਤਲਖ ਭਰੀ ਟਿੱਪਣੀ ਕਰਦਿਆਂ ਕਿਹਾ ਕਿ ਕਰਜ਼ਾ ਮੁਆਫੀ ਦੀ ਗੱਲ ਤੁਰਨ ਉਤੇ ਵਾਰ-ਵਾਰ ਵਿੱਤੀ ਸੰਕਟ ਦੀ ਦੁਹਾਈ ਦੇਣ ਦੀ ਬਜਾਏ ਸਰਕਾਰ ਆਪਣੇ ਖਰਚ ਕਿਉਂ ਨਹੀਂ ਘਟਾਉਂਦੀ? ਡਿਵੀਜ਼ਨ ਬੈਂਚ ਨੇ ਇਹ ਟਿੱਪਣੀ ਪੰਜਾਬ ਸਰਕਾਰ ਵੱਲੋਂ ਕਰਜ਼ਾ ਮੁਆਫੀ ਲਈ ਕੋਈ ਠੋਸ ਯੋਜਨਾ ਉਲੀਕਣ ਲਈ ਸਮਾਂ ਮੰਗਣ ਉਤੇ ਕੀਤੀ। ਦਰਅਸਲ, ਪਟਿਆਲਾ ਵਿਚ ਪਿਛਲੇ ਸਾਲ ਕਿਸਾਨ ਜਥੇਬੰਦੀਆਂ ਵੱਲੋਂ ਧਰਨੇ ਦੇ ਸੱਦੇ ਕਾਰਨ ਹਾਈ ਕੋਰਟ ਵਿਚ ਇਕ ਪਟੀਸ਼ਨ ਦਾਖਲ ਕਰ ਕੇ ਕਿਹਾ ਸੀ ਕਿ ਧਰਨੇ ਕਾਰਨ ਲੋਕਾਂ ਨੂੰ ਪਰੇਸ਼ਾਨੀ ਹੋਵੇਗੀ, ਲਿਹਾਜ਼ਾ ਸਮਾਂ ਰਹਿੰਦਿਆਂ ਢੁਕਵੇਂ ਪ੍ਰਬੰਧ ਕੀਤੇ ਜਾਣ। ਇਸੇ ਮਾਮਲੇ ਵਿਚ ਹਾਈ ਕੋਰਟ ਨੇ ਕਿਹਾ ਸੀ ਕਿ ਜੇਕਰ ਸਰਕਾਰਾਂ ਕਿਸਾਨਾਂ ਲਈ ਠੋਸ ਨੀਤੀਆਂ ਬਣਾਉਣ ਤਾਂ ਉਨ੍ਹਾਂ ਵੱਲੋਂ ਧਰਨਾ ਪ੍ਰਦਰਸ਼ਨ ਕਰਨ ਦੀ ਨੌਬਤ ਹੀ ਨਾ ਆਵੇ। ਇਸੇ ਉਤੇ ਹਾਈ ਕੋਰਟ ਨੇ ਸਰਕਾਰ ਕੋਲੋਂ ਪੁੱਛਿਆ ਸੀ ਕਿ ਸਰਕਾਰ ਕੋਲ ਕਿਸਾਨਾਂ ਦੇ ਕਰਜ਼ਿਆਂ ਦੇ ਹੱਲ ਲਈ ਕੀ ਨੀਤੀ ਹੈ? ਇਸ ਬਾਰੇ ਸਰਕਾਰ ਨੇ ਜਵਾਬ ਲਈ ਸਮਾਂ ਮੰਗਿਆ ਸੀ ਤੇ ਹੁਣ ਸੁਣਵਾਈ ਦੌਰਾਨ ਹੋਰ ਸਮਾਂ ਮੰਗਣ ਉਤੇ ਉਪਰੋਕਤ ਟਿੱਪਣੀ ਕੀਤੀ ਗਈ ਹੈ। ਸੁਣਵਾਈ ਦੌਰਾਨ ਕੇਂਦਰ ਸਰਕਾਰ ਵੱਲੋਂ ਪੇਸ਼ ਹੋਏ ਵਧੀਕ ਸਾਲੀਸਟਰ ਜਨਰਲ ਸਤਿਆਪਾਲ ਜੈਨ ਨੇ ਕਿਹਾ ਕਿ ਸਰਕਾਰਾਂ ਆਪਣੇ ਚੋਣ ਮਨੋਰਥ ਪੱਤਰ ਵਿਚ ਕਈ ਵਾਅਦੇ ਕਰ ਜਾਂਦੀਆਂ ਹਨ ਪਰ ਇਹ ਵਾਅਦੇ ਨਿਭਾਏ ਨਹੀਂ ਜਾਂਦੇ, ਲਿਹਾਜ਼ਾ ਚੋਣ ਮਨੋਰਥ ਪੱਤਰ ਵਿਚ ਕੀਤੇ ਗਏ ਵਾਅਦਿਆਂ ਨੂੰ ਪੂਰਾ ਕਰਨ ਲਈ ਰਾਜਸੀ ਪਾਰਟੀਆਂ ਦੀ ਜ਼ਿੰਮੇਵਾਰੀ ਤੈਅ ਕੀਤੀ ਜਾਣੀ ਚਾਹੀਦੀ ਹੈ ਤੇ ਇਸ ਮੰਗ ਨੂੰ ਲੈ ਕੇ ਇਕ ਕੇਸ ਸੁਪਰੀਮ ਕੋਰਟ ਵਿਚ ਵੀ ਵਿਚਾਰ ਅਧੀਨ ਹੈ। ਫਿਲਹਾਲ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਕਿਸਾਨਾਂ ਦੇ ਕਰਜ਼ਿਆਂ ਸਬੰਧੀ ਜਵਾਬ ਦਾਖਲ ਕਰਨ ਲਈ ਹੋਰ ਸਮਾਂ ਦਿੰਦਿਆਂ ਸੁਣਵਾਈ ਅੱਗੇ ਪਾ ਦਿੱਤੀ ਹੈ।

## ਪੰਜਾਬ ਪੁਲਿਸ ਦੀ 'ਐਨਕਾਊਂਟਰ ਰਣਨੀਤੀ' ਮਗਰੋਂ ਗੈਂਗ ਰੂਪੋਸ਼

ਚੰਡੀਗੜ੍ਹ - ਪੰਜਾਬ ਪੁਲਿਸ ਵਲੋਂ ਰਾਜ 'ਚੋਂ 'ਗੈਂਗ ਅਤੇ ਗੈਂਗਸਟਰ ਖ਼ਤਮ ਕਰਨ ਲਈ ਬਣਾਈ 'ਐਨਕਾਊਂਟਰ ਰਣਨੀਤੀ' ਮਗਰੋਂ ਪੰਜਾਬ 'ਚੋਂ ਬਹੁਤੇ ਗੈਂਗ 'ਰੂਪੋਸ਼' ਹੋਏ ਦੱਸੇ ਜਾ ਰਹੇ ਹਨ । ਉੱਚ ਪੱਧਰੀ ਸੂਤਰਾਂ ਅਨੁਸਾਰ ਵਿੱਕੀ ਗਾਡਰ ਦੇ ਐਨਕਾਊਂਟਰ ਮਗਰੋਂ ਕਈਆਂ ਨੇ ਜਿੱਥੇ ਆਪਣੀਆਂ ਗਤੀਵਿਧੀਆਂ ਨੂੰ ਬਿਲਕੁਲ ਰੋਕ ਦਿੱਤਾ ਹੈ, ਉੱਥੇ ਬਹੁਤੇ ਮੁਕਾਬਲੇ ਦੇ ਡਰੋਂ ਯੂ.ਪੀ. ਅਤੇ ਹਰਿਆਣਾ ਵੱਲ ਨਿਕਲ ਗਏ ਹਨ । ਕੁਝ ਨੇ ਪੰਜਾਬ ਪੁਲਿਸ ਅੱਗੇ ਗੋਡੇ ਵੀ ਟੇਕ ਦਿੱਤੇ ਅਤੇ ਕੁਝ ਨੇ ਚੁੱਪ-ਚੁਪੀਤੇ 'ਅੰਡਰ ਗਰਾਊਂਡ' ਹੋਣਾ ਹੀ ਠੀਕ ਸਮਝਿਆ । ਦੂਜੇ ਪਾਸੇ ਗਾਡਰ ਦੇ ਐਨਕਾਊਂਟਰ ਮਗਰੋਂ ਜਿੱਥੇ ਪੰਜਾਬ ਪੁਲਿਸ ਨੇ ਵੀ ਸੁੱਖ ਦਾ ਸਾਹ ਲਿਆ, ਉੱਥੇ ਅਜੇ ਵੀ ਪੁਲਿਸ ਵਿਸ਼ੇਸ਼ ਰਣਨੀਤੀ ਤਹਿਤ 'ਗੈਂਗਾਂ ਦੀਆਂ ਗਤੀਵਿਧੀਆਂ' 'ਤੇ ਪੂਰੀ ਨਜ਼ਰ ਰੱਖ ਰਹੀ ਹੈ। ਜ਼ਿਕਰਯੋਗ ਹੈ ਕਿ ਲੰਘੇ ਵਰ੍ਹੇ ਦੌਰਾਨ ਰਾਜ 'ਚ ਬੈਂਕ ਲੁੱਟਣ ਸਮੇਤ ਲੁੱਟ ਖੋਹ, ਕਤਲ, ਮਿੱਥ ਕੇ ਕੀਤੇ ਕਤਲ, ਗੈਂਗ ਵਾਰਾਂ, ਜੇਲ੍ਹਾਂ 'ਚ ਅਪਰਾਧਕ ਘਟਨਾਵਾਂ ਅਤੇ ਸੜਕਾਂ 'ਤੇ ਗੁੰਡਾ ਗਰਦੀ ਦੀਆਂ ਘਟਨਾਵਾਂ ਆਮ ਦੇਖਣ ਨੂੰ ਮਿਲ ਰਹੀਆਂ ਸਨ ਅਤੇ ਪੰਜਾਬ ਪੁਲਿਸ ਵਲੋਂ ਗੈਂਗ ਖ਼ਤਮ ਕਰਨ ਲਈ ਵਰਤੀ ਰਣਨੀਤੀ ਮਗਰੋਂ ਕਿਸੇ ਹੱਦ ਤੱਕ ਅਜਿਹੀਆਂ ਘਟਨਾਵਾਂ ਨੂੰ ਠੱਲ੍ਹ ਪਈ ਹੈ ।

ਪੰਜਾਬ ਪੁਲਿਸ ਦੇ ਇਕ ਸੀਨੀਅਰ ਪੁਲਿਸ ਅਧਿਕਾਰੀ ਨੇ ਇਸ ਸਬੰਧੀ ਗੱਲਬਾਤ ਕਰਦਿਆਂ ਕਿਹਾ ਕਿ ਅਜੇ ਵੀ ਪੁਲਿਸ ਫੋਰਸ ਵਲੋਂ ਹੋਰਨਾਂ ਰਾਜਾਂ 'ਚ ਸੰਪਰਕ ਬਣਾ ਕੇ ਰੱਖਿਆ ਜਾ ਰਿਹਾ ਹੈ ਅਤੇ ਨਜ਼ਰ ਰੱਖੀ ਜਾ ਰਹੀ ਹੈ ਕਿ ਕਿਸੇ ਗੈਂਗ ਜਾਂ ਗੈਂਗਸਟਰ ਵਲੋਂ ਕੋਈ ਸਰਗਰਮੀ ਕਰਨ ਦੀ ਕੋਸ਼ਿਸ਼ ਤਾਂ ਨਹੀਂ ਕੀਤੀ ਜਾ ਰਹੀ ।

## ਦੁਆਬਾ ਤੇ ਮਾਝਾ ਵੀ ਕੈਂਸਰ ਨੇ ਆਪਣੀ ਲਪੇਟ 'ਚ ਲੈ ਲਿਆ

ਚੰਡੀਗੜ੍ਹ - ਪੰਜਾਬ ਦੇ ਮਾਲਵਾ ਤੋਂ ਬਾਅਦ ਹੁਣ ਮਾਝਾ ਤੇ ਦੁਆਬੇ ਨੂੰ ਵੀ ਕੈਂਸਰ ਨੇ ਆਪਣੀ ਲਪੇਟ ਵਿਚ ਲੈਣਾ ਸ਼ੁਰੂ ਕਰ ਦਿੱਤਾ ਹੈ। ਤਾਜ਼ਾ ਸਰਵੇਖਣ ਅਨੁਸਾਰ ਕੈਂਸਰ ਦੇ ਜ਼ਿਆਦਾ ਮਰੀਜ਼ ਅੰਮ੍ਰਿਤਸਰ ਤੇ ਲੁਧਿਆਣਾ ਵਿਚ ਸਾਹਮਣੇ ਆਏ ਹਨ।

ਲੁਧਿਆਣਾ ਜ਼ਿਲ੍ਹਾ ਪਹਿਲੇ, ਅੰਮ੍ਰਿਤਸਰ ਦੂਜੇ ਤੇ ਬਠਿੰਡਾ ਜ਼ਿਲ੍ਹਾ ਤੀਜੇ ਸਥਾਨ ਉਤੇ ਹੈ। 2017 ਤੱਕ ਦੇ ਅੰਕੜਿਆਂ ਮੁਤਾਬਕ ਜਿਲ੍ਹਾ ਅੰਮ੍ਰਿਤਸਰ 'ਚ 745, ਬਰਨਾਲਾ ਵਿਚ 203, ਬਠਿੰਡਾ 'ਚ 552, ਫਤਿਹਗੜ੍ਹ ਸਾਹਿਬ ਵਿਚ 127, ਫਰੀਦਕੋਟ 'ਚ 248, ਫਿਰੋਜ਼ਪੁਰ 'ਚ 295, ਫਾਜ਼ਿਲਕਾ 'ਚ 260, ਗੁਰਦਾਸਪੁਰ ਵਿਚ 469, ਹੁਸ਼ਿਆਰਪੁਰ 'ਚ 310, ਜਲੰਧਰ 'ਚ 450, ਕਪੂਰਥਲਾ ਵਿਚ 196, ਲੁਧਿਆਣਾ ਵਿਚ 749, ਮਾਨਸਾ 'ਚ 320, ਮੋਗਾ 'ਚ 350, ਸ੍ਰੀ ਮੁਕਤਸਰ ਸਾਹਿਬ 'ਚ 354, ਪਟਿਆਲਾ 'ਚ 616, ਪਠਾਨਕੋਟ ਵਿਚ 124, ਰੂਪ ਨਗਰ 'ਚ 97, ਸ਼ਹੀਦ ਭਗਤ ਸਿੰਘ ਨਗਰ ਵਿਚ 113, ਮੋਹਾਲੀ 'ਚ 98, ਸੰਗਰੂਰ ਵਿਚ 682 ਅਤੇ ਤਰਨਤਾਰਨ ਵਿਚ 399 ਕੈਂਸਰ ਦੇ ਮਰੀਜ਼ ਦਰਜ ਕੀਤੇ ਗਏ ਹਨ। ਕੈਂਸਰ ਦੇ ਮਰੀਜ਼ਾਂ ਦਾ ਹਰ ਸਾਲ ਅੰਕੜਾ ਵਧਦਾ ਜਾ ਰਿਹਾ ਹੈ। ਸਾਲ 2012 ਵਿਚ 6027, 2013 ਵਿਚ 5565, 2014 ਵਿਚ 8121, 2015 ਵਿਚ 8150, 2016 ਵਿਚ 8925 ਅਤੇ ਸਾਲ 2017 ਵਿਚ 7756 ਕੈਂਸਰ ਦੇ ਮਰੀਜ਼ ਸਾਹਮਣੇ ਆਏ ਹਨ। ਕੈਂਸਰ ਦੇ ਮਰੀਜ਼ਾਂ ਵਿਚ ਉਹ ਮਰਦ ਅਤੇ ਔਰਤਾਂ ਵੀ ਸ਼ਾਮਲ ਹਨ ਜਿਨ੍ਹਾਂ ਨੂੰ ਮੂੰਹ, ਫੇਫੜੇ, ਪ੍ਰੋਸਟੈਟ ਫੂਡ ਪਾਈਪ, ਗਲਾ, ਜੀਭ, ਪਿੱਤਾ, ਛਾਤੀ, ਬੱਚੇਦਾਨੀ ਤੇ ਬਲੱਡ ਕੈਂਸਰ ਨਾਲ ਪੀੜਤ ਹਨ। ਪੰਜਾਬ ਸਰਕਾਰ ਵੱਲੋਂ ਕੈਂਸਰ ਦੇ ਇਲਾਜ ਲਈ ਰੋਗੀਆਂ ਦੀ ਮਦਦ ਲਈ 50 ਕਰੋੜ ਰੁਪਏ ਰੱਖੇ ਜਾਂਦੇ ਹਨ ਜੋ ਵਧਾ ਕੇ 100 ਕਰੋੜ ਰੁਪਏ ਤੋਂ ਉਪਰ ਰੱਖੇ ਗਏ ਹਨ ਪਰ ਪੰਜਾਬ ਕੈਂਸਰ ਮਰੀਜ਼ਾਂ ਦੀ ਗਿਣਤੀ ਜ਼ਿਆਦਾ ਹੋਣ ਕਾਰਨ ਇਕ ਮਰੀਜ਼ ਨੂੰ ਇਲਾਜ ਲਈ ਮੁੱਖ ਮੰਤਰੀ ਫੰਡ ਵਿਚ ਸਿਰਫ ਡੇਢ ਲੱਖ ਰੁਪਏ ਦਿੱਤੇ ਜਾਂਦੇ ਹਨ ਜਦ ਕਿ ਖਰਚਾ ਇਸ ਤੋਂ ਬਹੁਤ ਜ਼ਿਆਦਾ ਹੈ।

## ਮੋਦੀ ਸਰਕਾਰ ਦੀਆਂ ਬੈਂਕ ਨੀਤੀਆਂ ਨੇ ਡਰਾਏ ਪਰਵਾਸੀ ਪੰਜਾਬੀ

ਨਵੀਂ ਦਿੱਲੀ - ਮੋਦੀ ਸਰਕਾਰ ਦੀ ਬੈਂਕ ਨੀਤੀ ਤੋਂ ਪਰਵਾਸੀ ਪੰਜਾਬੀ ਡਾਢੇ ਪਰੇਸ਼ਾਨ ਹਨ। ਨੋਟਬੰਦੀ ਪਿੱਛੋਂ 31 ਮਾਰਚ, 2018 ਤੱਕ ਸਾਰੇ ਬੈਂਕ ਖਾਤੇ ਆਧਾਰ ਕਾਰਡ ਨਾਲ ਜੋੜਨਾ ਲਾਜ਼ਮੀ ਕਰਨ ਅਤੇ ਬੈਂਕਾਂ 'ਚ ਜਮ੍ਹਾਂ ਪੂੰਜੀ ਦੀ ਕੋਈ ਗਰੰਟੀ ਨਾ ਹੋਣ ਬਾਰੇ ਲਿਆਂਦੇ ਜਾ ਰਹੇ ਚਰਚਿਤ ਇਨਸੋਲਵੈਂਸੀ ਐਂਡ ਬੈਂਕਰਪਸੀ ਐਕਟ ਦੀ ਚਰਚਾ ਨੇ ਪਰਵਾਸੀ ਪੰਜਾਬੀਆਂ ਅੰਦਰ ਇੰਨੀ ਦਹਿਸ਼ਤ ਵਾਲਾ ਮਾਹੌਲ ਪੈਦਾ ਕਰ ਦਿੱਤਾ ਹੈ ਕਿ ਉਨ੍ਹਾਂ ਨੂੰ ਲੱਗਣ ਲੱਗ ਪਿਆ ਕਿ ਜੇਕਰ31 ਮਾਰਚ ਤੋਂ ਪਹਿਲਾਂ ਬੈਂਕਾਂ ਜਾਂ ਹੋਰ ਵਿੱਤੀ ਸੰਸਥਾਵਾਂ ਕੋਲ ਜਮ੍ਹਾਂ ਪਈ ਆਪਣੀ ਰਕਮ ਨਾ ਕਢਵਾਈ ਤਾਂ ਹੋ ਸਕਦਾ ਹੈ ਕਿ ਇਹ ਰਕਮ ਮਿੱਟੀ ਹੀ ਹੋ ਜਾਵੇ। ਇਸੇ ਦਹਿਸ਼ਤ ਵਿਚ ਪਰਵਾਸੀ ਪੰਜਾਬੀਆਂ ਨੇ ਕਿਸੇ ਵੀ ਤਰ੍ਹਾਂ ਦੇ ਵਿੱਤੀ ਨੁਕਸਾਨ ਦੀ ਪ੍ਰਵਾਹ ਨਾ ਕਰਦਿਆਂ ਆਪਣੀਆਂ ਐਫਡੀਜ਼. ਨੂੰ ਤੁੜਵਾਉਣ ਤੇ ਜਮ੍ਹਾਂ ਪੂੰਜੀ ਨੂੰ ਕਢਵਾਉਣ ਲਈ ਧੜਾਧੜ ਯਤਨ ਸ਼ੁਰੂ ਕਰ ਦਿੱਤੇ ਹਨ। ਬੈਂਕ ਅਧਿਕਾਰੀਆਂ ਦਾ ਕਹਿਣਾ ਹੈ ਕਿ ਸਹਿਮੇ ਹੋਏ ਪਰਵਾਸੀ ਪੰਜਾਬੀ ਨਿਵੇਸ਼ਕਾਰਾਂ ਦੇ ਹਰ ਰੋਜ਼ ਉਨ੍ਹਾਂ ਨੂੰ ਵੱਡੀ ਗਿਣਤੀ ਵਿਚ ਫੋਨ ਜਾਂ ਈ.ਮੇਲਜ਼ ਆ ਰਹੀਆਂ ਹਨ ਤੇ ਉਹ ਜਮ੍ਹਾਂ ਪੂੰਜੀ ਹਰ ਹਾਲ 'ਚ ਕਢਵਾਏ ਜਾਣ ਲਈ ਕਾਹਲੇ ਪਏ ਹੋਏ ਹਨ। ਪਰਵਾਸੀ ਪੰਜਾਬੀਆਂ ਨੇ ਬੈਂਕਾਂ ਤੋਂ ਇਲਾਵਾ ਫਾਇਨਾਂਸ ਕੰਪਨੀਆਂ ਵਿਚ ਵੀ ਵੱਡੇ ਪੱਧਰ ਉਤੇ ਪੈਸਾ ਜਮ੍ਹਾਂ ਕਰਵਾਇਆ ਹੋਇਆ ਹੈ। ਪਰਵਾਸੀ ਪੰਜਾਬੀ ਆਪਣੇ ਰਿਸ਼ਤੇਦਾਰਾਂ ਤੱਕ ਪਹੁੰਚ ਕਰ ਕੇ ਜਾਂ ਉਨ੍ਹਾਂ ਨੂੰ ਮੁਖਤਿਆਰਨਾਮੇ ਭੇਜ ਕੇ ਜਮ੍ਹਾਂ ਪੂੰਜੀ ਕਢਵਾਏ ਜਾਣ ਲਈ ਆਖ ਰਹੇ ਹਨ। ਬੈਂਕ ਅਧਿਕਾਰੀਆਂ ਦਾ ਕਹਿਣਾ ਹੈ ਕਿ ਨਵੰਬਰ ਤੋਂ ਫਰਵਰੀ ਤੱਕ ਆਮ ਕਰ ਕੇ ਪਰਵਾਸੀ ਪੰਜਾਬੀਆਂ ਵੱਲੋਂ ਬੈਂਕਾਂ ਵਿਚ ਧੜਾਧੜ ਪੂੰਜੀ ਜਮ੍ਹਾਂ ਕਰਵਾਉਣ ਦੇ ਮਹੀਨਿਆਂ ਵਜੋਂ ਗਿਣੇ ਜਾਂਦੇ ਸਨ ਤੇ ਬੈਂਕ ਅਧਿਕਾਰੀ 31 ਮਾਰਚ ਤੱਕ ਵਾਲੇ ਮਿਲੇ ਜਮ੍ਹਾਂ ਪੂੰਜੀ ਦੇ ਟੀਚੇ ਪਰਵਾਸੀ ਪੰਜਾਬੀਆਂ ਦੇ ਸਹਾਰੇ ਇਨ੍ਹਾਂ ਮਹੀਨਿਆਂ ਵਿਚ ਹੀ ਪੂਰੇ ਕਰ ਜਾਂਦੇ ਸਨ, ਪਰ ਹੁਣ ਹਾਲਾਤ ਬਦਲ ਗਏ ਹਨ। ਹੁਣ ਪੂੰਜੀ ਜਮ੍ਹਾਂ ਕਰਵਾਉਣ ਵਾਲਾ ਤਾਂ ਕੋਈ ਟਾਂਵਾਂ-ਟੱਲਾ ਹੀ ਆਉਂਦਾ ਹੈ ਤੇ ਕਢਵਾਉਣ ਵਾਲਿਆਂ ਦਾ ਤਾਂਤਾ ਲੱਗ ਰਿਹਾ ਹੈ।




ਪੂੰਜੀ ਜਮ੍ਹਾਂ ਕਰਵਾਉਣ ਵਾਲਾ ਰੁਝਾਨ ਤਾਂ ਪਿਛਲੇ 3-4 ਸਾਲ ਤੋਂ ਬੇਹੱਦ ਘਟ ਰਿਹਾ ਸੀ, ਪਰ ਇਸ ਵਰ੍ਹੇ ਇਸ ਨੂੰ ਬਰੇਕਾਂ ਹੀ ਲੱਗ ਗਈਆਂ ਹਨ। ਜਲੰਧਰ ਜ਼ਿਲ੍ਹੇ ਵਿਚ 44 ਬੈਂਕਾਂ ਦੀਆਂ 817 ਬ੍ਰਾਂਚਾਂ ਵਿਚ 31 ਦਸੰਬਰ, 2017 ਤੱਕ ਪਰਵਾਸੀ ਪੰਜਾਬੀਆਂ ਦੀ 13,300 ਕਰੋੜ ਰੁਪਏ ਪੂੰਜੀ ਜਮ੍ਹਾਂ ਸੀ। ਲੀਡ ਬੈਂਕ ਦੇ ਮੈਨੇਜਰ ਵਤਨ ਸਿੰਘ ਅਨੁਸਾਰ 31 ਦਸੰਬਰ, 2017 ਤੱਕ ਪਰਵਾਸੀ ਪੰਜਾਬੀਆਂ ਨੇ ਤਕਰੀਬਨ 450 ਕਰੋੜ ਰੁਪਏ ਕਢਵਾ ਲਏ ਸਨ। ਬੈਂਕ ਸੂਤਰਾਂ ਮੁਤਾਬਕ ਜਨਵਰੀ ਮਹੀਨੇ ਪਰਵਾਸੀ ਪੰਜਾਬੀਆਂ ਵੱਲੋਂ ਜਮ੍ਹਾਂ ਪੂੰਜੀ ਕਢਵਾਉਣ 'ਚ ਇਕਦਮ ਤੇਜ਼ੀ ਆਈ ਹੈ। ਪੰਜਾਬ ਨੈਸ਼ਨਲ ਬੈਂਕ ਦੇ ਰਿਜਨਲ ਦਫਤਰ ਦੀ ਸੂਚਨਾ ਮੁਤਾਬਕ 350 ਕਰੋੜ ਰੁਪਏ ਸਿਰਫ ਇਸ ਬੈਂਕ ਤੋਂ ਹੀ ਕਢਵਾਏ ਗਏ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਰਕਮ ਕੁੱਲ ਜਮ੍ਹਾਂ ਪੂੰਜੀ ਦਾ 10 ਫੀਸਦੀ ਤੋਂ ਵਧੇਰੇ ਬਣਦਾ ਹੈ। 10 ਫੀਸਦੀ ਨੂੰ ਆਧਾਰ ਮੰਨ ਕੇ ਮੋਟੇ ਅੰਦਾਜ਼ੇ ਮੁਤਾਬਕ ਸਾਰੀਆਂ ਬੈਂਕਾਂ ਤੋਂ ਕਢਵਾਈ ਪੂੰਜੀ 1300 ਕਰੋੜ ਰੁਪਏ ਤੋਂ ਵੱਧ ਬਣਦੀ ਹੈ।

ਨੋਟਬੰਦੀ ਤੇ ਜੀ.ਐਸਟੀ. ਕਾਰਨ ਪਹਿਲਾਂ ਹੀ ਮੰਦੇ ਦਾ ਸ਼ਿਕਾਰ ਹੋਏ ਬੈਂਕਾਂ ਦੇ ਅਧਿਕਾਰੀ ਪਰਵਾਸੀ ਪੰਜਾਬੀਆਂ ਵਲੋਂ ਇਕਦਮ ਪੈਸਾ ਕਢਵਾਏ ਜਾਣ ਦੇ ਰੁਝਾਨ ਤੋਂ ਬੇਹੱਦ ਚਿੰਤਤ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਪਰਵਾਸੀ ਪੰਜਾਬੀਆਂ ਦੇ ਮੂੰਹ ਫੇਰਨ ਨਾਲ ਪੰਜਾਬ ਦੀ ਆਰਥਿਕਤਾ ਨੂੰ ਵੱਡਾ ਨੁਕਸਾਨ ਹੋ ਸਕਦਾ ਹੈ ਤੇ ਖਾਸ ਕਰ ਕੇ ਸਾਰਾ ਪੈਸਾ ਕਢਵਾ ਕੇ ਵਿਦੇਸ਼ਾਂ 'ਚ ਲਿਜਾਣਾ ਪੰਜਾਬ ਲਈ ਵੱਡਾ ਝਟਕਾ ਹੋਵੇਗਾ।

## ਸ਼੍ਰੋਮਣੀ ਕਮੇਟੀ 'ਇਕ ਪਿੰਡ ਇਕ ਗੁਰਦੁਆਰਾ' ਦੀ ਵਿੱਢੇਗੀ ਮੁਹਿੰਮ

ਸੰਗਰੂਰ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਹੈ ਕਿ ਪੰਜਾਬ ਦੇ ਤਕਰੀਬਨ ਹਰੇਕ ਪਿੰਡ 'ਚ ਇਕ ਤੋਂ ਵੱਧ ਗੁਰਦੁਆਰੇ ਹਨ। ਚਾਹੀਦਾ ਇਹ ਹੈ ਕਿ ਇਕ ਪਿੰਡ ਵਿਚ ਇਕ ਗੁਰੂ ਘਰ ਹੋਵੇ। ਇੱਥੇ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਪਿੰਡਾਂ ਦੀ ਧੜੇਬਾਜ਼ੀ ਅਤੇ ਚੌਧਰ ਦੀ ਭੁੱਖ ਕਾਰਨ ਇਕ-ਇਕ ਪਿੰਡ 'ਚ ਕਈ-ਕਈ ਗੁਰੂ ਘਰ ਬਣ ਚੁੱਕੇ ਹਨ ਇਸ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਇਕ ਵਿਸ਼ੇਸ਼ ਮੁਹਿੰਮ ਚਲਾਈ ਜਾਵੇਗੀ, ਜਿਸ ਤਹਿਤ 'ਇਕ ਪਿੰਡ ਇਕ ਗੁਰਦੁਆਰਾ' ਲਈ ਸੰਗਤ ਨੂੰ ਪ੍ਰੇਰਿਤ ਕੀਤਾ ਜਾਵੇਗਾ। ਇਸ ਮੁਹਿੰਮ 'ਚ ਜੁੜਨ ਵਾਲੀਆਂ ਪਿੰਡਾਂ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਸਨਮਾਨਿਤ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਬੇਨਤੀ ਕੀਤੀ ਜਾਵੇਗੀ। ਪੁੱਛੇ ਜਾਣ 'ਤੇ ਉਨ੍ਹਾਂ ਕਿਹਾ ਕਿ ਇਕ ਪਿੰਡ ਵਿਚ ਇਕ ਗੁਰੂ ਘਰ ਹੋਣ ਨਾਲ ਬਾਕੀ ਖਾਲੀ ਹੋਣ ਵਾਲੀਆਂ ਗੁਰੂ ਘਰ ਦੀਆਂ ਇਮਾਰਤਾਂ 'ਚ ਸਕੂਲ, ਕੀਰਤਨ ਸਿਖਲਾਈ ਕੇਂਦਰ, ਗੁਰਮਤਿ ਸਿਖਲਾਈ ਕੇਂਦਰ ਅਤੇ ਲਾਇਬ੍ਰੇਰੀਆਂ ਵਗੈਰਾ ਦੀ ਸਥਾਪਨਾ ਕੀਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਸਿੱਖੀ ਵਿਚ ਜਾਤ-ਪਾਤ ਨਹੀਂ ਹੁੰਦੀ, ਇਸ ਲਈ ਜਾਤ ਅਧਾਰਿਤ ਗੁਰੂ ਘਰ ਵੱਖਰੇ ਬਣਾਉਣਾ ਮੰਦਭਾਗੀ ਗੱਲ ਹੈ ।

## ਸਭ ਤੋਂ ਘੱਟ ਭ੍ਰਿਸ਼ਟ ਦੇਸ਼ਾਂ ਦੀ ਸੂਚੀ 'ਚ ਨਿਊਜ਼ੀਲੈਂਡ ਟੌਪ 'ਤੇ

ਆਕਲੈਂਡ - ਨਿਊਜ਼ੀਲੈਂਡ ਨੂੰ ਇਕ ਵਾਰ ਫਿਰ ਸਭ ਤੋਂ ਘੱਟ ਭ੍ਰਿਸ਼ਟ ਦੇਸ਼ ਦਾ ਦਰਜਾ ਦਿੱਤਾ ਗਿਆ ਹੈ ਪਰ ਗਵਰਮੈਂਟ ਮੰਤਰੀ ਕਲੇਅਰ ਕਰਾਨ ਨੇ ਚਿਤਾਵਨੀ ਦਿੱਤੀ ਹੈ ਕਿ ਅਜੇ ਵੀ ਹੋਰ ਕੰਮ ਕਰਨ ਦੀ ਲੋੜ ਹੈ, ਟਰਾਂਸਪੇਰੈਂਸੀ ਇੰਟਰਨੈਸ਼ਨਲ ਨੇ ਆਪਣਾ ਤਾਜ਼ਾ ਭ੍ਰਿਸ਼ਟਾਚਾਰ ਅਨੁਵਾਦ ਨੂੰ ਜਾਰੀ ਕੀਤਾ। ਨਿਊਜ਼ੀਲੈਂਡ ਨੇ 179 ਮੁਲਕਾਂ ਤੋਂ ਅੱਗੇ ਜਾਣ ਦਾ ਮਾਣ ਹਾਸਲ ਕੀਤਾ। ਇਹ ਲਗਾਤਾਰ ਤੀਜਾ ਸਾਲ ਹੈ ਜਦੋਂ ਨਿਊਜ਼ੀਲੈਂਡ ਨੂੰ ਸੂਚੀ 'ਚ ਸਭ ਤੋਂ ਘੱਟ ਭ੍ਰਿਸ਼ਟ ਦੇਸ਼ ਦਾ ਦਰਜਾ ਦਿੱਤਾ ਗਿਆ ਹੈ। ਹਾਲਾਂਕਿ ਨਿਊਜ਼ੀਲੈਂਡ ਦਾ ਪਿਛਲੇ ਸਾਲ ਦੇ ਮੁਕਾਬਲੇ ਸਕੋਰ ਘਟ ਗਿਆ ਹੈ । ਇਸ ਨੂੰ 100 ਵਿਚੋਂ 89, 2016 ਵਿਚ 90 ਅਤੇ ਇਸ ਤੋਂ ਪਿਛਲੇ ਤਿੰਨ ਸਾਲਾਂ ਵਿਚ 91 ਦਾ ਦਰਜਾ ਪ੍ਰਾਪਤ ਹੋਇਆ । 2016 ਵਿਚ ਡੈਨਮਾਰਕ ਨੇ ਨਿਊਜ਼ੀਲੈਂਡ ਨਾਲ ਇਹ ਸਥਾਨ ਪ੍ਰਾਪਤ ਕੀਤਾ ਸੀ, ਹੁਣ ਉਹ 88 ਅੰਕਾਂ ਨਾਲ ਦੁਨੀਆ ਦਾ ਦੂਜਾ ਸਭ ਤੋਂ ਘਟ ਭ੍ਰਿਸ਼ਟ ਦੇਸ਼ ਹੈ। ਆਸਟ੍ਰੇਲੀਆ 77 ਦੇ ਸਕੋਰ ਨਾਲ 13ਵੇਂ ਸਥਾਨ 'ਤੇ ਹੈ । ਕੈਨੇਡਾ ਅਤੇ ਬ੍ਰਿਟੇਨ ਨੂੰ ਅੱਠਵੇਂ ਬਰਾਬਰ ਦੇ ਅੰਕ ਦਿੱਤੇ ਹਨ ਜਦੋਂ ਕਿ ਭਾਰਤ ਨੂੰ 40 ਅੰਕਾਂ ਨਾਲ 81ਵਾਂ ਸਥਾਨ ਪ੍ਰਾਪਤ ਹੋਇਆ ਹੈ। ਕਰਾਨ ਨੇ ਕਿਹਾ ਕਿ ਲੇਬਰ ਅਗਵਾਈ ਵਾਲੀ ਸਰਕਾਰ ਸੁਧਾਰ ਕਰਨ ਲਈ ਵਚਨਬੱਧ ਹੈ ਅਤੇ ਉਸ ਨੇ ਡਿਜੀਟਲ ਮਾਹੌਲ ਵਿਚ ਮਨੁੱਖੀ ਅਧਿਕਾਰਾਂ ਅਤੇ ਕਦਰਾਂ ਕੀਮਤਾਂ ਬਾਰੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ । ਇਹ ਪਿਛਲੇ ਨਤੀਜਿਆਂ ਨੇ ਦਿਖਾਇਆ ਹੈ ਕਿ ਜਿਨ੍ਹਾਂ ਦੇਸ਼ਾਂ ਵਿਚ ਸਭ ਤੋਂ ਘੱਟ ਭ੍ਰਿਸ਼ਟਾਚਾਰ ਹੈ, ਆਮ ਤੌਰ 'ਤੇ ਮੀਡੀਆ ਦੀ ਆਜ਼ਾਦੀ ਦੇ ਉੱਚ ਪੱਧਰ, ਸਰਕਾਰੀ ਸੂਚਨਾਵਾਂ ਤੱਕ ਵਧੇਰੇ ਪਹੁੰਚ ਹੈ ਅਤੇ ਜਨਤਕ ਅਧਿਕਾਰੀਆਂ ਲਈ ਚਾਲ-ਚਲਣ ਅਤੇ ਇਮਾਨਦਾਰੀ ਦੇ ਉੱਚੇ ਮਾਪਦੰਡ ਹਨ।



# ਪਰਵਾਸ ਦੇ ਨਾਂ ਹੇਠ ਟਰੈਵਲ ਏਜੰਟ ਨੌਜਵਾਨਾਂ ਨਾਲ ਖੇਡਦੇ ਨੇ ਖੂਨੀ ਖੇਡ

ਚੰਡੀਗੜ੍ਹ - ਟਾਂਡਾ ਦੇ ਪਿੰਡ ਕਲਿਆਨਪੁਰ ਦਾ ਨੌਜਵਾਨ ਸੁਰਿੰਦਰਪਾਲ ਸਿੰਘ ਪਾਲੀ ਕੈਨੇਡਾ ਜਾਣ ਦੇ ਸੁਪਨੇ ਲੈ ਕੇ ਘਰੋਂ ਤੁਰਿਆ ਸੀ ਪਰ ਟਰੈਵਲ ਏਜੰਟਾਂ ਨੇ ਬੰਗਲੌਰ ਵਿਚ ਇਸ ਨੌਜਵਾਨ ਦਾ ਕਤਲ ਕਰ ਦਿੱਤਾ। ਇਸ ਤੋਂ ਵੀ ਦਰਦਨਾਕ ਘਟਨਾ ਇਹ ਵਾਪਰੀ ਕਿ ਪੁਲਿਸ ਨੇ ਅਣਪਛਾਤੀ ਲਾਸ਼ ਸਮਝ ਕੇ ਇਸ ਦੀਆਂ ਅੰਤਿਮ ਰਸਮਾਂ ਵੀ ਪੂਰੀਆਂ ਕਰ ਦਿੱਤੀਆਂ। ਪੀੜਤ ਪਰਿਵਾਰ ਨੂੰ ਇਕ ਮਹੀਨੇ ਬਾਅਦ ਇਸ ਹੋਣੀ ਬਾਰੇ ਪਤਾ ਲੱਗਿਆ।

ਇਸ ਖੁਲਾਸੇ ਪਿੱਛੋਂ ਏਜੰਟਾਂ ਵੱਲੋਂ ਠੱਗੀ ਦੇ ਲੱਭੇ ਨਵੇਂ ਢੰਗ ਤਰੀਕਿਆਂ ਬਾਰੇ ਵੀ ਪਤਾ ਲੱਗਾ ਹੈ। ਇਸ ਗਰੋਹ ਦੇ ਚੁੰਗਲ ਵਿਚੋਂ ਬਚ ਕੇ ਨਿਕਲੇ ਨੌਜਵਾਨ ਜਤਿੰਦਰ ਕੁਮਾਰ ਵੱਲੋਂ ਕੀਤੇ ਖੁਲਾਸੇ ਲੂੰ-ਕੰਡੇ ਖੜ੍ਹੇ ਕਰਨ ਵਾਲੇ ਹਨ। ਇਹ ਏਜੰਟ ਮਾਪਿਆਂ ਅੱਗੇ ਦਾਅਵਾ ਕਰਦੇ ਸਨ ਕਿ ਸਾਰੇ ਪੈਸੇ ਮੁੰਡੇ ਦੇ ਵਿਦੇਸ਼ ਪੁੱਜਣ ਪਿੱਛੋਂ ਹੀ ਲੈਣਗੇ, ਪਰ ਵਿਦੇਸ਼ ਭੇਜਣ ਦੀ ਥਾਂ ਇਨ੍ਹਾਂ ਨੌਜਵਾਨਾਂ ਨੂੰ ਬੰਗਲੌਰ ਲੈ ਜਾਂਦੇ ਸਨ ਜਿਥੇ ਇਨ੍ਹਾਂ ਨੂੰ ਮਜਬੂਰ ਕੀਤਾ ਜਾਂਦਾ ਸੀ ਕਿ ਘਰ ਫੋਨ ਕਰ ਕੇ ਆਖਣ ਕਿ 'ਉਹ ਕੈਨੇਡਾ ਪਹੁੰਚ ਗਏ ਹਨ'। ਪਾਲੀ ਨੇ ਅਜਿਹਾ ਕਹਿਣ ਤੋਂ ਇਨਕਾਰ ਕਰ ਦਿੱਤਾ ਜਿਸ ਕਾਰਨ ਉਸ ਦਾ ਕਤਲ ਕਰ ਦਿੱਤਾ ਗਿਆ। ਜਤਿੰਦਰ ਵੀ ਖਮਾਣੋਂ ਅਤੇ ਢਾਹਾਂ ਕਲੇਰਾਂ ਦੇ ਦੋ ਸਬ ਏਜੰਟਾਂ ਦੇ ਆਖੇ ਲੱਗ ਕੇ ਚਾਰ ਦਸੰਬਰ, 2017 ਨੂੰ ਘਰੋਂ ਕੈਨੇਡਾ ਜਾਣ ਲਈ ਤੁਰਿਆ ਸੀ, ਉਸ ਨੂੰ ਵੀ ਗੁਹਾਟੀ ਵਿਚ ਬੰਦੀ ਬਣਾ ਕੇ ਇਸ ਗਰੋਹ ਨੇ ਬੇਤਹਾਸ਼ਾ ਸਰੀਰਕ ਤਸੀਹੇ ਦਿੱਤੇ ਤੇ ਉਦੋਂ ਤੱਕ ਮਾਰਦੇ-ਕੁੱਟਦੇ ਰਹੇ ਜਦੋਂ ਤੱਕ ਉਸ ਨੇ ਘਰੋਂ ਫੋਨ 'ਤੇ ਪੈਸੇ ਮੰਗਵਾਉਣ ਲਈ ਨਹੀਂ ਕਿਹਾ।

ਇਹ ਵੀ ਪਤਾ ਲੱਗਾ ਹੈ ਕਿ ਹੁਣ ਤੱਕ ਸੈਂਕੜੇ ਨੌਜਵਾਨ 'ਕੈਨੇਡਾ ਪਹੁੰਚ ਕੇ ਪੈਸੇ' ਦੀ ਖੇਡ ਹੇਠ ਬੰਗਲੌਰ, ਗੁਹਾਟੀ ਤੇ ਹੋਰ ਥਾਵਾਂ ਉਤੇ ਇਸ ਗਰੋਹ ਵੱਲੋਂ ਬੰਦੀ ਬਣਾ ਕੇ ਰੱਖੇ ਸਨ। ਇਨ੍ਹਾਂ ਖੁਲਾਸਿਆਂ ਪਿੱਛੋਂ ਏਜੰਟਾਂ ਖਿਲਾਫ ਸਖਤੀ ਬਾਰੇ ਸਰਕਾਰੀ ਦਾਅਵਿਆਂ 'ਤੇ ਵੀ ਸਵਾਲ ਉਠਣ ਲੱਗੇ ਹਨ। ਪਿਛਲੇ ਤਕਰੀਬਨ ਤਿੰਨ ਦਹਾਕਿਆਂ ਤੋਂ ਵਿਦੇਸ਼ ਭੇਜਣ ਦੇ ਨਾਂ 'ਤੇ ਠੱਗੀ ਦਾ ਧੰਦਾ ਜ਼ੋਰ-ਸ਼ੋਰ ਨਾਲ ਵਧਿਆ ਹੈ। ਹਰ ਵਾਰ ਕੋਈ ਹੋਣੀ ਵਾਪਰਨ ਪਿੱਛੋਂ ਸਰਕਾਰਾਂ ਇਹੀ ਦਾਅਵਾ ਕਰਦੀਆਂ ਹਨ ਕਿ ਏਜੰਟਾਂ 'ਤੇ ਸ਼ਿਕੰਜੇ ਲਈ ਸਖਤ ਕਾਨੂੰਨ ਲਿਆਂਦਾ ਜਾਵੇਗਾ, ਪਰ ਸਰਕਾਰੀ ਦਾਅਵੇ ਕਦੇ ਕਾਗਜ਼ਾਂ ਵਿਚੋਂ ਬਾਹਰ ਨਹੀਂ ਨਿਕਲੇ। ਇਸੇ ਕਾਰਨ ਜਿਥੇ ਝੂਠੇ ਐਲਾਨਾਮਿਆਂ, ਵਾਅਦਿਆਂ ਅਤੇ ਜਾਅਲੀ ਵੀਜ਼ਾ ਬਣਾਉਣ ਦੀਆਂ ਘਟਨਾਵਾਂ ਵਧਦੀਆਂ ਗਈਆਂ, ਉਥੇ ਲੋਕਾਂ ਨੂੰ ਉਨ੍ਹਾਂ ਦੇ ਮਿਥੇ ਟੀਚੇ ਤੱਕ ਨਾ ਪਹੁੰਚਾ ਕੇ ਉਨ੍ਹਾਂ ਨੂੰ ਕਿਸੇ ਅਣਜਾਣ ਥਾਂ, ਜੰਗਲਾਂ ਵਿਚਾਲੇ ਛੱਡ ਦੇਣ, ਸਮੁੰਦਰਾਂ ਵਿਚ ਡੁਬੋ ਕੇ ਮਾਰ ਦੇਣ ਜਾਂ ਦੂਜੇ ਦੇਸ਼ਾਂ ਦੀਆਂ ਜੇਲ੍ਹਾਂ ਵਿਚ ਪਹੁੰਚਾ ਦੇਣ ਦੀਆਂ ਘਟਨਾਵਾਂ ਵੀ ਬੜੀ ਤੇਜ਼ੀ ਨਾਲ ਵਧੀ ਰਹੀਆਂ ਹਨ। ਪਿਛਲੇ ਹਫਤੇ ਲੀਬੀਆ ਦੇ ਕੰਢੇ 'ਤੇ ਨਾਜਾਇਜ਼ ਢੰਗ ਨਾਲ ਵੱਡੀ ਕਿਸ਼ਤੀ ਵਿਚ ਇਟਲੀ ਅਤੇ ਯੂਰਪ ਵਿਚ ਦਾਖਲ ਹੋਣ ਜਾ ਰਹੇ 90 ਜਣੇ ਸਮੁੰਦਰ ਵਿਚ ਡੁੱਬ ਕੇ ਮਰ ਗਏ ਸਨ। ਇਸ ਸਰਹੱਦ 'ਤੇ ਪਿਛਲੇ ਪੰਜ ਸਾਲਾਂ ਵਿਚ 16000 ਲੋਕ ਇਸੇ ਤਰ੍ਹਾਂ ਸਮੁੰਦਰ ਵਿਚ ਡੁੱਬ ਕੇ ਮਾਰੇ ਜਾ ਚੁੱਕੇ ਹਨ।

ਪਿਛਲੇ ਇਕ-ਦੋ ਸਾਲਾਂ ਤੋਂ ਅਰਬ ਦੇਸ਼ਾਂ ਵਿਚ ਰੁਜ਼ਗਾਰ ਲਈ ਗਈਆਂ ਔਰਤਾਂ ਨੂੰ ਉਥੇ ਦੇ ਧਨੀ ਸ਼ੇਖਾਂ ਵੱਲੋਂ ਬੰਦੀ ਬਣਾ ਕੇ ਉਨ੍ਹਾਂ ਦਾ ਸਰੀਰਕ ਅਤੇ ਮਾਨਸਿਕ ਸ਼ੋਸ਼ਣ ਕੀਤੇ ਜਾਣ ਦੀਆਂ ਘਟਨਾਵਾਂ ਵਿਚ ਇਕਦਮ ਵਾਧਾ ਹੋਇਆ ਹੈ। ਨੌਜਵਾਨ ਕੁੜੀਆਂ ਨੂੰ ਕੀਨੀਆ ਦੇ ਮੁਜਰਾ ਘਰਾਂ ਵਿਚ ਕੈਦ ਕਰਨ ਅਤੇ ਉਨ੍ਹਾਂ ਤੋਂ ਜ਼ਬਰਦਸਤੀ ਮੁਜਰੇ ਕਰਾਏ ਜਾਣ ਦੀਆਂ ਘਟਨਾਵਾਂ ਦਾ ਵੀ ਪਰਦਾਫਾਸ਼ ਇਸੇ ਸਾਲ ਜਨਵਰੀ ਵਿਚ ਹੋਇਆ। ਇਨ੍ਹਾਂ ਕੁੜੀਆਂ ਵਿਚੋਂ ਤਿੰਨ ਪੰਜਾਬ ਦੀਆਂ ਸਨ।

## ਅਰੁਣਾਚਲ ਪ੍ਰਦੇਸ਼ ਵਿੱਚ ਛੇ ਥਾਂਵਾਂ ਦੇ ਨਾਂਅ ਰੱਖਣ ਦੀ ਚੀਨ ਦੀ ਕੋਸ਼ਿਸ਼ ਭਾਰਤ ਵੱਲੋਂ ਰੱਦ

ਨਵੀਂ ਦਿੱਲੀ - ਚੀਨ ਸਰਕਾਰ ਦੇ ਸਿਵਲ ਮਾਮਲਿਆਂ ਵਾਲੇ ਮੰਤਰਾਲੇ ਵੱਲੋਂ ਆਪਣੇ ਵਿਭਾਗ ਦੀ ਵੈੱਬਸਾਈਟ ਉੱਤੇ ਇੱਕ ਨੋਟਿਸ ਜਾਰੀ ਕਰ ਕੇ ਭਾਰਤ ਦੇ ਅਰੁਣਾਚਲ ਪ੍ਰਦੇਸ਼ ਰਾਜ ਵਿੱਚਲੇ ਛੇ ਥਾਂਵਾਂ ਦੇ ਨਵੇਂ ਨਾਂਅ ਰੱਖਣ ਦੀ ਕੋਸ਼ਿਸ਼ ਨੂੰ ਭਾਰਤ ਸਰਕਾਰ ਨੇ ਰੱਦ ਕਰ ਦਿੱਤਾ ਹੈ।

ਭਾਰਤ ਦੇ ਵਿਦੇਸ਼ ਰਾਜ ਮੰਤਰੀ ਵੀ ਕੇ ਸਿੰਘ ਨੇ ਰਾਜ ਸਭਾ ਵਿੱਚ ਇਹ ਜਾਣਕਾਰੀ ਦਿੱਤੀ ਹੈ ਕਿ ਚੀਨ ਦੇ ਸਿਵਲ ਮਾਮਲਿਆਂ ਦੇ ਮੰਤਰਾਲੇ ਨੇ ਆਪਣੀ ਵੈੱਬਸਾਈਟ ਉੱਤੇ 13 ਅਪ੍ਰੈਲ 2017 ਨੂੰ ਨੋਟਿਸ ਜਾਰੀ ਕੀਤਾ ਸੀ। ਇਸ ਨੋਟਿਸ ਦੇ ਸੰਬੰਧ ਵਿੱਚ ਉਨ੍ਹਾਂ ਨੇ ਦੱਸਿਆ ਕਿ ਪਹਿਲਾਂ ਵੀ ਕੁਝ ਮੌਕਿਆਂ ਉੱਤੇ ਚੀਨ ਨੇ ਅਰੁਣਾਚਲ ਪ੍ਰਦੇਸ਼ ਵਿੱਚ ਕੁਝ ਥਾਂਵਾਂ ਦੇ ਨਾਂਅ ਆਪਣੀ ਸੋਚ ਮੁਤਾਬਕ ਰੱਖਣੇ ਚਾਹੇ ਸਨ। ਜਨਰਲ ਵੀ ਕੇ ਸਿੰਘ ਨੇ ਇੱਕ ਲਿਖਤੀ ਪ੍ਰਸ਼ਨ ਦੇ ਜਵਾਬ ਵਿੱਚ ਦੱਸਿਆ ਕਿ ਭਾਰਤ ਸਰਕਾਰ ਨੇ ਚੀਨ ਦੀ ਇਸ ਕੋਸ਼ਿਸ਼ ਨੂੰ ਰੱਦ ਕਰ ਦਿੱਤਾ ਅਤੇ ਸਪੱਸ਼ਟ ਕਰ ਦਿੱਤਾ ਹੈ ਕਿ ਇਸ ਰਾਜ ਵਿੱਚਲੇ ਕੁਝ ਥਾਂਵਾਂ ਦੇ ਘੜੇ ਹੋਏ ਨਾਂਅ ਰੱਖਣ ਦੇਣ ਨਾਲ ਇਸ ਤੱਥ ਨੂੰ ਬਦਲਿਆ ਨਹੀਂ ਜਾ ਸਕਦਾ ਕਿ ਅਰੁਣਾਚਲ ਪ੍ਰਦੇਸ਼ ਰਾਜ ਭਾਰਤ ਦਾ ਇੱਕ ਅਨਿੱਖੜਵਾਂ ਅਤੇ ਅਣਵੰਡਿਆ ਅੰਗ ਹੈ। ਵਰਨਣ ਯੋਗ ਹੈ ਕਿ ਭਾਰਤ ਅਤੇ ਚੀਨ ਵਿਚਾਲੇ ਕੌਮਾਂਤਰੀ ਸਰਹੱਦ ਨੂੰ ਚੀਨ ਵਿਵਾਦ ਪੂਰਨ ਮੰਨਦਾ ਹੈ।

ਭਾਰਤ ਦੇ ਉੱਤਰ ਪੂਰਬੀ ਇਲਾਕੇ ਵਿੱਚ ਚੀਨ ਹਮੇਸ਼ਾ ਤੋਂ ਅਰੁਣਾਚਲ ਪ੍ਰਦੇਸ਼ ਵਿੱਚ ਭਾਰਤੀ ਇਲਾਕੇ ਦੇ ਲਗਭਗ 90,000 ਵਰਗ ਕਿਲੋਮੀਟਰ ਇਲਾਕੇ 'ਤੇ ਆਪਣਾ ਦਾਅਵਾ ਕਰਦਾ ਆਇਆ ਹੈ।

## ਡਰਾਈਵਿੰਗ ਲਾਈਸੈਂਸ ਵੀ ਆਧਾਰ ਕਾਰਡ ਨਾਲ ਜੋੜੇ ਜਾਣਗੇ

ਨਵੀਂ ਦਿੱਲੀ - ਸੁਪਰੀਮ ਕੋਰਟ ਨੂੰ ਦੱਸਿਆ ਗਿਆ ਹੈ ਕਿ ਡਰਾਈਵਿੰਗ ਲਾਈਸੈਂਸ ਵਿੱਚ ਜਾਅਲਸਾਜ਼ੀ ਦੀ ਸਮੱਸਿਆ ਦੂਰ ਕਰਨ ਲਈ ਕੇਂਦਰ ਸਰਕਾਰ ਡਰਾਈਵਿੰਗ ਲਾਈਸੈਂਸਾਂ ਨੂੰ ਆਧਾਰ ਨੰਬਰ ਨਾਲ ਜੋੜਨ ਦੀ ਪ੍ਰਕਿਰਿਆ ਉੱਤੇ ਕੰਮ ਕਰ ਰਹੀ ਹੈ ਤੇ ਸਾਰੇ ਰਾਜਾਂ ਨੂੰ ਇਸ ਯੋਜਨਾ ਦੇ ਦਾਇਰੇ ਵਿੱਚ ਲਿਆਉਂਦੇ ਹੋਏ ਇੱਕ ਨਵਾਂ ਸਾਫਟਵੇਅਰ ਤਿਆਰ ਕੀਤਾ ਜਾ ਰਿਹਾ ਹੈ। ਜਸਟਿਸ ਮਦਨ ਬੀ ਲੋਕੁਰ ਅਤੇ ਜਸਟਿਸ ਦੀਪਕ ਗੁਪਤਾ ਦੀ ਬੈਂਚ ਨੂੰ ਸੁਪਰੀਮ ਕੋਰਟ ਦੇ ਸਾਬਕਾ ਜੱਜ ਕੇ ਐਸ ਰਾਧਾਕ੍ਰਿਸ਼ਨਨ ਦੀ ਅਗਵਾਈ ਵਾਲੇ ਬੈਂਚ ਵੱਲੋਂ ਨਿਯੁਕਤ ਸੜਕ ਸੁਰੱਖਿਆ ਕਮੇਟੀ ਨੇ ਇਸ ਦੀ ਜਾਣਕਾਰੀ ਦਿੱਤੀ। ਇਸ ਕਮੇਟੀ ਵੱਲੋਂ ਦਿੱਤੀ ਇਹ ਜਾਣਕਾਰੀ ਇਸ ਲਈ ਮਹੱਤਵ ਪੂਰਨ ਹੈ ਕਿ ਚੀਫ ਜਸਟਿਸ ਦੀਪਕ ਮਿਸ਼ਰਾ ਦੀ ਅਗਵਾਈ ਵਾਲੀ ਪੰਜ ਮੈਂਬਰੀ ਸੰਵਿਧਾਨਕ ਬੈਂਚ ਇਸ ਵੇਲੇ ਆਧਾਰ ਯੋਜਨਾ ਅਤੇ ਇਸ ਨਾਲ ਸੰਬਧਤ ਕਾਨੂੰਨ ਦੀ ਸੰਵਿਧਾਨਿਕਤਾ ਨੂੰ ਚੁਣੌਤੀ ਦੇਣ ਵਾਲੀਆਂ ਅਰਜ਼ੀਆਂ ਬਾਰੇ ਸੁਣਵਾਈ ਕਰ ਰਹੀ ਹੈ। ਕਮੇਟੀ ਨੇ ਸੁਪਰੀਮ ਕੋਰਟ ਨੂੰ ਦਿੱਤੀ ਰਿਪੋਰਟ ਵਿੱਚ ਕਿਹਾ ਹੈ ਕਿ ਉਸ ਨੇ ਪਿਛਲੇ ਸਾਲ 28 ਨਵੰਬਰ ਨੂੰ ਸੜਕ ਟਰਾਂਸਪੋਰਟ ਅਤੇ ਹਾਈਵੇਜ਼ ਮੰਤਰਾਲੇ ਦੇ ਜਾਇੰਟ ਸਕੱਤਰ ਦੇ ਨਾਲ ਫਰਜ਼ੀ ਲਾਈਸੈਂਸ ਪ੍ਰਾਪਤ ਕਰਨ ਦੀ ਸਮੱਸਿਆ ਅਤੇ ਇਸ ਨੂੰ ਖਤਮ ਕਰਨ ਸਮੇਤ ਕਈ ਪਹਿਲੂਆਂ 'ਤੇ ਵਿਚਾਰ-ਵਟਾਂਦਰਾ ਕੀਤਾ ਸੀ। ਰਿਪੋਰਟ ਅਨੁਸਾਰ ਫਰਜ਼ੀ ਲਾਈਸੈਂਸ ਦੇ ਬਾਰੇ ਜਾਇੰਟ ਸਕੱਤਰ ਨੇ ਸੂਚਿਤ ਕੀਤਾ ਕਿ ਸਰਕਾਰ ਹੁਣ ਇੱਕ ਸਾਫਟਵੇਅਰ ਬਣਾ ਰਹੀ ਹੈ, ਜਿਸ ਵਿੱਚ ਸਾਰੇ ਲਾਈਸੈਂਸ ਆਧਾਰ ਕਾਰਡ ਨਾਲ ਜੋੜੇ ਜਾਣਗੇ। ਇਹ ਸਾਫਟਵੇਅਰ ਸਹੀ ਸਮੇਂ ਦੇ ਆਧਾਰ ਉੱਤੇ ਸਾਰੇ ਰਾਜਾਂ ਨੂੰ ਘੇਰੇ ਵਿੱਚ ਲਵੇਗਾ ਅਤੇ ਫਿਰ ਕਿਸੇ ਲਈ ਡੁਪਲੀਕੇਟ ਜਾਂ ਫਰਜ਼ੀ ਲਾਈਸੈਂਸ ਦੇਸ਼ ਦੇ ਕਿਸੇ ਵੀ ਹਿੱਸੇ ਤੋਂ ਲੈਣਾ ਸੰਭਵ ਨਹੀਂ ਹੋਵੇਗਾ। ਕੋਰਟ ਨੇ ਇਸ ਮਾਮਲੇ ਨੂੰ 23 ਅਪ੍ਰੈਲ ਦੇ ਲਈ ਸੂਚੀਬੱਧ ਕਰਦੇ ਹੋਏ ਕਿਹਾ ਕਿ ਉਸ ਦੇ ਪਹਿਲਾਂ ਦੇ ਨਿਰਦੇਸ਼ਾਂ 'ਤੇ ਕਮੇਟੀ ਨੂੰ ਅਮਲ ਯਕੀਨੀ ਕਰਨਾ ਚਾਹੀਦਾ ਹੈ। ਕਮੇਟੀ ਨੇ ਦੇਸ਼ ਵਿੱਚ ਸੜਕ ਹਾਦਸਿਆਂ ਦੇ ਮਾਮਲੇ ਨੂੰ ਲੈਕੇ ਦਾਇਰ ਜਨਹਿਤ ਪਟੀਸ਼ਨ 'ਤੇ ਇਹ ਨਿਰਦੇਸ਼ ਦਿੱਤੇ ਸਨ।

## ਝੂਠ ਬੋਲ ਕੇ ਨੌਕਰੀ ਲੈਣ ਵਾਲੇ ਭਾਰਤੀ ਨੂੰ ਛੇ ਸਾਲ ਕੈਦ

ਲੰਡਨ - ਰੌਸਟਰ ਦੇ ਇਕ ਭਾਰਤੀ ਮੂਲ ਦੇ ਚਾਲਬਾਜ਼ ਡਾਕਟਰ ਨੂੰ ਹਸਪਤਾਲ ਵਿੱਚ ਇਕ ਲੱਖ ਪੌਂਡ ਦੀ ਨੌਕਰੀ ਲੈਣ ਲਈ ਝੂਠ ਬੋਲਣ ਦੇ ਦੋਸ਼ 'ਚ ਛੇ ਸਾਲ ਕੈਦ ਦੀ ਸਜ਼ਾ ਹੋਈ ਹੈ, ਜਿਸ ਕਰਕੇ ਰੋਗੀਆਂ ਨੂੰ ਹੋਏ ਨੁਕਸਾਨ ਲਈ ਹਸਪਤਾਲ ਟਰੱਸਟ ਨੂੰ 20 ਲੱਖ ਪੌਂਡ ਦੇ ਕਰੀਬ ਮੁਆਵਜ਼ਾ ਅਦਾ ਕਰਨਾ ਪਿਆ।

ਮਿਲੀ ਜਾਣਕਾਰੀ ਅਨੁਸਾਰ ਰੌਸਟਰ ਕਰਾਊਨ ਕੋਰਟ ਵਿੱਚ ਇਸ ਕੇਸ ਦੀ ਸੁਣਵਾਈ ਦੌਰਾਨ ਦੱਸਿਆ ਗਿਆ ਕਿ 48 ਸਾਲਾ ਸੁਦੀਪ ਸਾਰਕਰ ਵਾਸੀ ਬਰੌਡਸਟੇਅਰਜ਼, ਕੈਂਟ ਨੇ ਐਲੇਗਜ਼ੈਂਡਰਾ ਹਸਪਤਾਲ, ਰੈਡਿਚ ਵਿਖੇ ਕੰਸਲਟੈਂਟ ਦੀ ਨੌਕਰੀ ਲੈਣ ਲਈ ਝੂਠ ਬੋਲਿਆ ਸੀ ਕਿ ਉਹ ਕੀਅਹੋਲ ਬਾਊਲ ਸਰਜਰੀ ਦੇ 85 ਅਪ੍ਰੇਸ਼ਨ ਕਰ ਚੁੱਕਾ ਹੈ, ਜਿਨ੍ਹਾਂ ਵਿੱਚੋਂ 51 ਉਸ ਨੇ ਇਕੱਲੇ ਨੇ ਕੀਤੇ ਸਨ, ਜਦ ਕਿ ਸੱਚਾਈ ਇਹ ਹੈ ਕਿ ਉਸ ਨੇ ਕੇਵਲ ਛੇ ਅਜਿਹੇ ਅਪ੍ਰੇਸ਼ਨ ਕੀਤੇ ਹੋਏ ਸਨ, ਜਿਨ੍ਹਾਂ 'ਚੋਂ ਬਹੁਤੇ ਮਰੀਜ਼ਾਂ ਨੂੰ ਗੰਭੀਰ ਮੁਸ਼ਕਿਲਾਂ ਆਉਣ ਕਰਕੇ ਸਹਿਯੋਗੀਆਂ ਵੱਲੋਂ ਉਸ ਦੀ ਸ਼ਿਕਾਇਤ ਕਰਨ ਤੋਂ ਬਾਅਦ ਪਤਾ ਲੱਗਾ ਕਿ ਸਰਜਰੀ ਕਰਨ ਕਰਕੇ ਚਾਰ ਮਰੀਜ਼ਾਂ ਦੀ ਮੌਤ ਹੋ ਗਈ ਸੀ। ਇਨ੍ਹਾਂ ਚਾਰਾਂ ਮਰੀਜ਼ਾਂ ਦੇ ਅਪ੍ਰੇਸ਼ਨ ਰੈਡਿਚ ਹਸਪਤਾਲ ਵਿੱਚ ਹੋਏ ਸਨ, ਜਦੋਂ ਸੁਦੀਪ ਸਰਕਾਰ ਅਗਸਤ 2011 ਤੋਂ ਜੂਨ 2012 ਤੱਕ ਉਥੇ ਕੰਮ ਕਰਦਾ ਸੀ। ਇਨ੍ਹਾਂ ਚਾਰ ਮਰੀਜ਼ਾਂ ਦੀ ਮੌਤ ਦੀ ਸਰਕਾਰੀ ਜਾਂਚ ਹੋਣੀ ਬਾਕੀ ਹੈ। ਉਸ ਤੋਂ ਪਹਿਲਾਂ ਮਈ ਵਿੱਚ ਸੁਦੀਪ ਦੇ ਖਿਲਾਫ ਪ੍ਰੋਸੀਡਜ਼ ਆਫ ਕ੍ਰਾਈਮ ਐਕਟ ਦੀ ਕਾਰਵਾਈ ਕੀਤੀ ਜਾਣੀ ਹੈ।

ਰੌਸਟਰਸ਼ਾਇਰ ਅਕਿਊਟ ਹਸਪਤਾਲ ਐਨ ਐਚ ਐਸ ਟਰੱਸਟ (ਡਬਲਯੂ ਏ ਐਚ ਟੀ) ਨੇ ਇਹ ਪੁਸ਼ਟੀ ਕੀਤੀ ਕਿ ਸੁਦੀਪ ਨਾਲ ਸੰਬੰਧਤ 18 ਦਾਅਵਿਆਂ ਦੇ ਲਈ 1,970,574 ਪੌਂਡ ਮੁਆਵਜ਼ਾ ਅਦਾ ਕੀਤਾ ਜਾ ਚੁੱਕਾ ਹੈ, ਜਦ ਕਿ 19ਵੇਂ ਦਾਅਵੇ ਦੀ ਸੁਣਵਾਈ ਚੱਲਦੀ ਪਈ ਹੈ, ਜਿਸ ਤੋਂ ਬਾਅਦ ਇਹ ਰਕਮ ਦੋ ਮਿਲੀਅਨ ਪੌਂਡ ਦਾ ਅੰਕੜਾ ਪਾਰ ਕਰ ਜਾਵੇਗੀ।

ਅਦਾਲਤ ਨੂੰ ਦੱਸਿਆ ਗਿਆ ਕਿ ਸੁਦੀਪ ਨੇ ਡਬਲਿਊ ਏ ਐਚ ਟੀ ਵਿਖੇ ਜੂਨ 2011 ਵਿੱਚ ਨੌਕਰੀ ਦੀ ਅਰਜ਼ੀ ਦੇਣ ਤੋਂ ਪਹਿਲਾਂ ਉਹ ਸਾਊਥ ਇੰਗਲੈਂਡ ਤੇ ਲੰਡਨ ਵਿੱਚ ਵਿਟਿੰਗਟਨ ਹਸਪਤਾਲ ਵਿੱਚ ਕੰਮ ਕਰਦਾ ਰਿਹਾ ਸੀ।

## ਵਿਦੇਸ਼ੀਆ ਦੇ ਇਲਾਜ ਦੀ ਪਹਿਲੀ ਪਸੰਦ ਬਣਿਆ ਭਾਰਤ

ਨਵੀਂ ਦਿੱਲੀ- ਇਹ ਭਾਰਤ ਦੇ ਲਈ ਮਾਣ ਵਾਲੀ ਗੱਲ ਹੈ ਕਿ ਵਿਦੇਸ਼ੀਆਂ ਦੇ ਲਈ ਭਾਰਤ ਬਿਮਾਰੀਆਂ ਦਾ ਇਲਾਜ ਕਰਾਉਣ ਲਈ ਪਹਿਲੀ ਪਸੰਦ ਬਣਦਾ ਜਾ ਰਿਹਾ ਹੈ। ਡਾਕਟਰੀ ਖੇਤਰ ਵਿਚ ਭਾਰਤੀ ਦੀ ਪ੍ਰਸਿੱਧੀ ਦੁਨੀਆ ਵਿਚ ਵਧਣ ਦਾ ਇਹੀ ਪ੍ਰਮਾਣ ਹੈ ਕਿ ਸਾਲ 2016 ਵਿਚ 1678 ਪਾਕਿਸਤਾਨੀਆਂ ਅਤੇ 296 ਅਮਰੀਕੀਆਂ ਸਮੇਤ ਦੋ ਲੱਖ ਤੋਂ ਜ਼ਿਆਦਾ ਵਿਦੇਸ਼ੀਆਂ ਨੇ ਭਾਰਤ ਆ ਕੇ ਅਪਣਾ ਇਲਾਜ ਕਰਵਾਇਆ।

ਇਸ ਬਾਰੇ ਵਿਚ ਗ੍ਰਹਿ ਮੰਤਰਾਲੇ ਦੇ ਅੰਕੜੇ ਕਹਿੰਦੇ ਹਨ ਕਿ 2016 ਵਿਚ ਵਿਸ਼ਵ ਦੇ 54 ਦੇਸ਼ਾਂ ਦੇ 2,01,099 ਨਾਗਰਿਕਾਂ ਨੂੰ ਇਲਾਜ ਲਈ ਵੀਜ਼ਾ ਜਾਰੀ ਕੀਤਾ ਗਿਆ। ਭਾਰਤ ਨੇ 2014 ਵਿਚ ਅਪਣੀ ਵੀਜ਼ਾ ਨੀਤੀ ਨੂੰ ਉਦਾਰ ਬਣਾਇਆ ਸੀ।

ਇਕ ਉਦਯੋਗ ਮੰਡਲ ਦਾ ਸਰਵੇਖਣ ਕਹਿੰਦਾ ਹੈ ਕਿ ਭਾਰਤ ਦਾ ਇਸ ਪਾਸੇ ਉਭਰਨ ਦਾ ਪ੍ਰਮੁੱਖ ਕਾਰਨ ਵਿਕਸਿਤ ਦੇਸ਼ਾਂ ਦੀ ਤੁਲਨਾ ਵਿਚ ਇੱਥੇ ਕਾਫੀ ਘੱਟ ਕੀਮਤ 'ਤੇ ਉਚਿਤ ਡਾਕਟਰੀ ਸਹੂਲਤ ਉਪਲਬਧ ਹੋਣਾ ਹੈ। ਇਸ ਸਰਵੇਖਣ ਵਿਚ ਦੇਸ਼ ਦਾ ਚਿਕਿਤਸਾ ਪਰਯਟਨ ਤਿੰਨ ਅਰਬ ਡਾਲਰ ਹੋਣ ਦਾ ਅਨੁਮਾਨ ਜਤਾਇਆ ਗਿਆ ਹੈ ਜੋ ਕਿ 2020 ਤੱਕ ਵਧ ਕੇ 7-8 ਅਰਬ ਡਾਲਰ ਹੋ ਸਕਦਾ ਹੈ। ਜੇਕਰ ਅੰਕੜਿਆਂ 'ਤੇ ਯਕੀਨ ਕਰੀਏ ਤਾਂ 2016 ਵਿਚ ਸਭ ਤੋਂ ਜ਼ਿਆਦਾ ਇਲਾਜ ਲਈ ਵੀਜ਼ਾ ਬੰਗਲਾਦੇਸ਼ੀ ਨਾਗਰਿਕਾਂ ਨੂੰ ਜਾਰੀ ਕੀਤਾ ਗਿਆ। ਇਸ ਤੋਂ ਬਾਅਦ ਅਫ਼ਗਾਨਿਸਤਾਨ, ਇਰਾਕ, ਓਮਾਨ, ਉਜ਼ਬੇਕਿਸਤਾਨ, ਨਾਈਜੀਰੀਆ ਸਮੇਤ ਹੋਰ ਦੇਸ਼ਾਂ ਦਾ ਨਾਂ ਸ਼ਾਮਲ ਹੈ। ਇਸੇ ਦੇ ਨਾਲ ਪਾਕਿਸਤਾਨ, ਅਮਰੀਕਾ, ਬਰਤਾਨੀਆ, ਰੂਸ ਤੇ ਆਸਟ੍ਰੇਲੀਆ ਦੇ ਨਾਗਰਿਕਾਂ ਨੂੰ ਵੀ ਇਲਾਜ ਲਈ ਵੀਜ਼ਾ ਜਾਰੀ ਕੀਤਾ ਗਿਆ।

## ਦਿਲਜੀਤ ਨੇ ਬਾਲੀਵੁੱਡ ਬਾਰੇ ਖੋਲ੍ਹਿਆ ਦਿਲ ਦਾ ਭੇਤ

ਮੁੰਬਈ - ਦਿਲਜੀਤ ਦੋਸਾਂਝ ਪੰਜਾਬ ਦੇ ਹੀ ਨਹੀਂ ਸਗੋਂ ਬਾਲੀਵੁੱਡ ਦਾ ਵੱਡਾ ਕਲਾਕਾਰ ਬਣ ਗਏ ਹਨ। ਦਿਲਜੀਤ ਵਧੀਆ ਫ਼ਿਲਮਾਂ ਕਰ ਕੇ ਬਾਲੀਵੁੱਡ ਵਿੱਚ ਸਥਾਪਤ ਹੋਣਾ ਚਾਹੁੰਦੇ ਹਨ। ਉਂਝਤਾ ਪੰਜਾਬ ਨਾਲ ਦੋਸਾਂਝ ਨੇ ਬਾਲੀਵੁੱਡ ਵਿੱਚ ਐਂਟਰੀ ਕੀਤੀ ਸੀ। ਹੁਣ ਉਹ ਹੋਰ ਵਧੀਆ ਪ੍ਰਾਜੈਕਟਾਂ ਨਾਲ ਜੁੜਨਾ ਚਾਹੁੰਦੇ ਹਨ। ਦਿਲਜੀਤ ਦੀ ਅਗਲੀ ਫ਼ਿਲਮ ਸੂਰਮਾ ਹੈ ਜੋ ਕਿ ਹਾਕੀ ਖਿਡਾਰੀ ਸੰਦੀਪ



ਸਿੰਘ ਦੀ ਜ਼ਿੰਦਗੀ 'ਤੇ ਅਧਾਰਤ ਹੈ, ਜਿਸ ਨੂੰ ਲੋਕ ਕਾਫੀ ਪਸੰਦ ਵੀ ਕਰ ਰਹੇ ਹਨ। ਦਿਲਜੀਤ ਨੇ ਕਿਹਾ ਕਿ ਮੈਂ ਬਾਲੀਵੁੱਡ ਵਿੱਚ ਮੈਂ ਬਹੁਤ ਜ਼ਿਆਦਾ ਪੈਸਾ ਨਹੀਂ ਕਮਾ ਰਿਹਾ। ਹਿੰਦੀ ਫ਼ਿਲਮਾਂ ਮੁਕਾਬਲੇ ਪੰਜਾਬੀ ਫ਼ਿਲਮਾਂ ਅਤੇ ਸ਼ੋਅ ਕਰ ਕੇ ਮੈਂ ਜ਼ਿਆਦਾ ਪੈਸਾ ਕਮਾ ਸਕਦਾ ਹਾਂ। ਮੈਂ ਫਿਲਮਾਂ ਰਾਹੀਂ ਐਕਸਪੈਰੀਮੈਂਟ ਕਰਨਾ ਚਾਹੁੰਦਾ ਹਾਂ। ਮੈਨੂੰ ਬਹੁਤ ਸਾਰੇ ਆਫਰ ਮਿਲ ਰਹੇ ਹਨ ਪਰ ਮੈਂ ਉਹੀ ਕਰਨਾ ਚਾਹੁੰਦਾ ਹਾਂ ਜਿਹੜਾ ਕੀ ਅਲੱਗ ਹੋਵੇ। ਉਨ੍ਹਾਂ ਕਿਹਾ ਕਿ ਪਿਛਲੇ ਸਾਲ ਮੈਂ ਬਹੁਤ ਸਾਰੀਆਂ ਫ਼ਿਲਮਾਂ ਨੂੰ ਨਾਂਹ ਕੀਤੀ। ਉਹ ਫ਼ਿਲਮਾਂ ਤਾਂ ਚੰਗੀਆਂ ਸਨ ਪਰ ਮੈਨੂੰ ਮੇਰਾ ਰੋਲ ਪਸੰਦ ਨਹੀਂ ਆਇਆ ਸੀ।

## ਡੇਢ ਗੁਣਾ ਆਮਦਨ ਵਧਣ ਦੇ ਬਾਅਦ ਵੀ ਕਿਸਾਨਾਂ ਨੂੰ ਘਾਟਾ

ਨਵੀਂ ਦਿੱਲੀ - ਕੇਂਦਰੀ ਬਜਟ ਤੋਂ ਕਿਸਾਨਾਂ-ਮਜ਼ਦੂਰਾਂ ਅਤੇ ਸੂਬਾ ਸਰਕਾਰਾਂ ਦੇ ਪੱਲੇ ਨਿਰਾਸ਼ਾ ਹੀ ਪਈ ਹੈ। ਕਿਸਾਨ ਤੇ ਮਜ਼ਦੂਰ ਖ਼ੁਦਕੁਸ਼ੀਆਂ ਅਤੇ ਕਰਜ਼ਾ ਮੁਆਫੀ ਦੇ ਮੁੱਦੇ ਉਤੇ ਕੇਂਦਰੀ ਬਜਟ ਖਾਮੋਸ਼ ਹੈ। ਵਿੱਤ ਮੰਤਰੀ ਅਰੁਣ ਜੇਤਲੀ ਵੱਲੋਂ ਫਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ ਫਸਲ ਦੀ ਲਾਗਤ ਵਿਚ ਪੰਜਾਹ ਫੀਸਦੀ ਮੁਨਾਫ਼ਾ ਜੋੜ ਕੇ ਦੇਣ ਦਾ ਐਲਾਨ ਵੀ ਸਵਾਲਾਂ ਦੇ ਘੇਰੇ ਵਿਚ ਹੈ। ਅਸਲ ਮੁੱਦਾ ਲਾਗਤ ਤੈਅ ਕਰਨ ਦੇ ਅਮਲ ਨਾਲ ਜੁੜਿਆ ਹੋਇਆ ਹੈ। ਜੇਕਰ ਲਾਗਤ ਅਤੇ ਮੁੱਲ ਕਮਿਸ਼ਨ ਦੀ ਉਤਪਾਦਨ ਲਾਗਤ ਨੂੰ ਸਹੀ ਮੰਨਿਆ ਜਾਵੇ ਤਾਂ ਪੰਜਾਬ ਵਿਚ ਪਹਿਲਾਂ ਹੀ ਸਵਾਮੀਨਾਥਨ ਫਾਰਮੂਲਾ ਲਗਭਗ ਲਾਗੂ ਹੈ। ਲਿਹਾਜ਼ਾ 2022 ਤੱਕ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਟੀਚਾ ਵੀ 'ਜੁਮਲਾ' ਸਾਬਤ ਹੋਣ ਦੇ ਆਸਾਰ ਹਨ।

ਕੇਂਦਰ ਸਰਕਾਰ 24 ਫਸਲਾਂ ਦਾ ਘੱਟੋ ਘੱਟ ਸਮਰਥਨ ਮੁੱਲ (ਐਮ. ਐਸ.ਪੀ. ) ਨਿਰਧਾਰਤ ਕਰਦੀ ਹੈ। ਵਿੱਤ ਮੰਤਰੀ ਨੇ ਕਿਹਾ ਹੈ ਕਿ ਮੋਦੀ ਸਰਕਾਰ ਨੇ ਹਾੜੀ ਸੀਜ਼ਨ ਦੀਆਂ ਜ਼ਿਆਦਾਤਰ ਫਸਲਾਂ ਦਾ ਮੁੱਲ ਐਲਾਨ ਦਿੱਤਾ ਹੈ ਅਤੇ ਇਹ ਵੀ ਸਵਾਮੀਨਾਥਨ ਰਿਪੋਰਟ ਦੇ ਨੇੜੇ ਤੇੜੇ ਹੈ। ਅੱਗੋਂ ਸਿਧਾਂਤਕ ਤੌਰ ਉਤੇ ਹੀ ਸਾਉਣੀ ਫਸਲਾਂ ਦਾ ਮੁੱਲ ਉਤਪਾਦਨ ਲਾਗਤ ਵਿਚ ਪੰਜਾਹ ਫੀਸਦੀ ਮੁਨਾਫਾ ਜੋੜ ਕੇ ਐਲਾਨਿਆ ਜਾਵੇਗਾ।

ਗੌਰਤਲਬ ਹੈ ਕਿ ਦਸ ਫੀਸਦੀ ਤੋਂ ਘੱਟ ਕਿਸਾਨਾਂ ਦੀਆਂ ਹੀ ਦੋ ਫਸਲਾਂ ਕਣਕ ਅਤੇ ਝੋਨਾ ਸਰਕਾਰੀ ਮੁੱਲ ਉਤੇ ਖਰੀਦੀਆਂ ਜਾਂਦੀਆਂ ਹਨ। ਬਾਕੀ ਫਸਲਾਂ ਦਾ ਸਿਰਫ ਸਮਰਥਨ ਮੁੱਲ ਐਲਾਨਿਆ ਜਾਂਦਾ ਹੈ, ਖਰੀਦ ਦੀ ਕੋਈ ਗਰੰਟੀ ਨਹੀਂ। ਇਸ ਬਾਰੇ ਨੀਤੀ ਆਯੋਗ ਸੂਬਾ ਸਰਕਾਰਾਂ ਨਾਲ ਮਿਲ ਕੇ ਅਜੇ ਕੋਈ ਨੀਤੀ ਬਣਾਉਣ ਦੀ ਕੋਸ਼ਿਸ਼ ਕਰੇਗਾ। ਖੇਤੀ ਲਾਗਤ ਅਤੇ ਮੁੱਲ ਕਮਿਸ਼ਨ ਵੱਲੋਂ ਉਤਪਾਦਨ ਲਾਗਤ




ਨਿਰਧਾਰਤ ਕਰਨ ਲਈ ਬਣਾਈ ਪ੍ਰਣਾਲੀ ਨੁਕਸਦਾਰ ਹੋਣ ਕਰਕੇ ਕਿਸਾਨਾਂ ਨੂੰ ਲਾਭ ਨਹੀਂ ਹੁੰਦਾ। ਕਣਕ ਲਈ ਹਰਿਆਣਾ, ਯੂਪੀ ਅਤੇ ਮੱਧ ਪ੍ਰਦੇਸ਼ ਦੀ ਉਤਪਾਦਨ ਲਾਗਤ 1256 ਰੁਪਏ ਪ੍ਰਤੀ ਕੁਇੰਟਲ ਮੰਨੀ ਗਈ ਹੈ ਜਦਕਿ ਬਿਹਾਰ, ਮਹਾਰਾਸ਼ਟਰ ਅਤੇ ਪੱਛਮੀ ਬੰਗਾਲ ਵਿੱਚ ਇਸ ਤੋਂ ਵੱਧ ਹੈ। ਪੰਜਾਬ ਦੀ ਉਤਪਾਦਨ ਲਾਗਤ ਇਸ ਤੋਂ ਵੀ ਘੱਟ ਦਿਖਾਈ ਗਈ ਹੈ। ਜੇਕਰ 1256 ਵੀ ਮੰਨ ਲਈਏ ਤਾਂ ਵੀ ਲਾਗਤ ਉਤੇ 45 ਫੀਸਦੀ ਮੁਨਾਫਾ ਤਾਂ ਦਿੱਤਾ ਜਾ ਰਿਹਾ ਹੈ। ਕੀ ਇਹੀ ਸਵਾਮੀਨਾਥਨ ਰਿਪੋਰਟ ਦੀ ਕਹਾਣੀ ਹੈ?

ਪੰਜਾਬ ਦੇ ਖੇਤੀ ਕਮਿਸ਼ਨਰ ਡਾ. ਬਲਵਿੰਦਰ ਸਿੰਘ ਸਿੱਧੂ ਨੇ ਕੇਂਦਰ ਦੇ ਫੈਸਲੇ ਨੂੰ ਸਿਧਾਂਤਕ ਤੌਰ ਉਤੇ ਦਰੁਸਤ ਦੱਸਦਿਆਂ ਕਿਹਾ ਹੈ ਕਿ ਉਤਪਾਦਨ ਲਾਗਤ ਦੇ ਅਮਲ ਨੂੰ ਪਾਰਦਰਸ਼ੀ ਅਤੇ ਵਧੇਰੇ ਦਰੁਸਤ ਕਰਨ ਦੀ ਜ਼ਰੂਰਤ ਹੈ। ਖੇਤੀ ਅਰਥ ਸ਼ਾਸਤਰੀ ਪ੍ਰੋ. ਰਣਜੀਤ ਸਿੰਘ ਘੁੰਮਣ ਨੇ ਕਿਹਾ ਕਿ ਉਨ੍ਹਾਂ ਵੱਲੋਂ ਕੀਤੇ ਅਧਿਐਨ ਮੁਤਾਬਿਕ ਪੰਜਾਬ ਦੇ ਕਿਸਾਨਾਂ ਦਾ ਹੀ ਹਜ਼ਾਰਾਂ ਕਰੋੜਾਂ ਰੁਪਿਆ ਸਰਕਾਰ ਨੇ ਘੱਟ ਮੁੱਲ ਨਿਰਧਾਰਤ ਕਰ ਕੇ ਦੱਬ ਰੱਖਿਆ ਹੈ। ਇਸ ਲਈ ਉਤਪਾਦਨ ਲਾਗਤ ਨੂੰ ਹਕੀਕਤ ਦੀ ਬੁਨਿਆਦ ਉਤੇ ਤੈਅ ਕਰਨ ਦੀ ਲੋੜ ਹੈ। ਅਰਥ ਸ਼ਾਸਤਰੀਆਂ ਦਾ ਮੰਨਣਾ ਹੈ ਕਿ ਅੰਕੜੇਬਾਜ਼ੀ ਦੀ ਖੇਡ ਨਾਲ ਕਿਸਾਨਾਂ ਦੀ ਆਮਦਨ ਦੁੱਗਣੀ ਹੋਣ ਦੀ ਕੋਈ ਸੰਭਾਵਨਾ ਨਹੀਂ। ਪ੍ਰੋਫੈਸਰ ਸੁੱਚਾ ਸਿੰਘ ਗਿੱਲ ਨੇ ਕਿਹਾ ਕਿ ਕੇਂਦਰੀ ਬਜਟ 2019 ਦੀਆਂ ਲੋਕ ਸਭਾ ਚੋਣਾਂ ਵੱਲ ਕੇਂਦਰਤ ਹੈ। ਬਜਟ ਦੀਆਂ ਤਜਵੀਜ਼ਾਂ ਉਤੇ ਅਮਲ ਦੀ ਪ੍ਰਕਿਰਿਆ ਹੀ ਚੋਣਾਂ ਤੱਕ ਦਾ ਸਮਾਂ ਲੈ ਜਾਵੇਗੀ।

**ਆਮਦਨ ਦੁੱਗਣੀ ਵਾਲੇ ਦਾਅਵੇ 'ਤੇ ਸਵਾਲ**

ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਕਿਹਾ ਕਿ ਖੇਤੀ ਦੀ ਵਿਕਾਸ ਦਰ 12 ਫੀਸਦੀ ਹੋਣ ਤੋਂ ਬਿਨਾਂ ਕਿਸਾਨਾਂ ਦੀ 2022 ਤੱਕ ਆਮਦਨ ਦੁੱਗਣੀ ਕਰਨੀ ਸੰਭਵ ਨਹੀਂ। ਉਨ੍ਹਾਂ ਕਿਹਾ ਕਿ ਸਰਕਾਰ ਕਹਿ ਰਹੀ ਹੈ ਕਿ ਅਸੀਂ 2022 ਤੱਕ ਕਿਸਾਨਾਂ ਦੀ ਆਮਦਨ ਦੁੱਗਣੀ ਕਰਾਂਗੇ ਪਰ ਖੇਤੀ ਵਿਚ 12 ਫੀਸਦੀ ਵਿਕਾਸ ਦਰ ਤੋਂ ਬਿਨਾਂ ਇਹ ਸੰਭਵ ਨਹੀਂ। ਸਾਬਕਾ ਪ੍ਰਧਾਨ ਮੰਤਰੀ ਨੇ ਕਿਹਾ ਕਿ ਸ਼ਬਦ 'ਸੁਧਾਰ' ਦੀ ਬਹੁਤ ਵਾਰ ਵਰਤੋਂ ਤੇ ਦੁਰਵਰਤੋਂ ਕੀਤੀ ਗਈ ਹੈ।




# ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ



ਡਾਕਟਰ ਅਜੀਤ ਸਿੰਘ ਕੋਟਕਪੂਰਾ
drsinghajit@gmail.com
585-305-0443

**(ਦੂਜੀ ਤੇ ਆਖਰੀ ਕਿਸਤ)**

ਆਗਰੇ ਪੁੱਜ ਕੇ ਗੁਰੂ ਜੀ ਨੂੰ ਕਿਲ੍ਹੇ ਦੇ ਫੌਜਦਾਰ ਵਲੋਂ ਇਕ ਸੌ ਸਵਾਰ ਭੇਜ ਕੇ ਆਪ ਜੀ ਨੂੰ ਸਾਥੀਆਂ ਸਮੇਤ ਗ੍ਰਿਫਤਾਰ ਕਰ ਲਿਆ ਗਿਆ ਅਤੇ ਕਿਲ੍ਹੇ ਵਿਚ ਕੈਦ ਕਰ ਲਿਆ । ਦਿੱਲੀ ਖਬਰ ਕੀਤੀ ਤਾਂ 1200 ਸਵਾਰ ਆ ਕੇ ਗੁਰੂ ਜੀ ਨੂੰ ਪੰਜ ਸਾਥੀਆਂ ਸਮੇਤ ਦਿੱਲੀ ਲੈ ਗਏ ਅਤੇ ਉਥੇ ਕਰੜੇ ਪ੍ਰਬੰਧਾਂ ਹੇਠ ਕੈਦ ਕਰ ਲਿਆ । ਉਨ੍ਹਾਂ ਨੂੰ ਕਈ ਲਾਲਚ ਦਿਤੇ ਗਏ ਅਤੇ ਸਖਤੀ ਵੀ ਵਰਤੀ ਗਈ ਜਿਹੜੀ ਉਨ੍ਹਾਂ ਨੂੰ ਡੁਲਾ ਨਾ ਸਕੀ। ਉਸ ਸਮੇਂ ਔਰੰਗਜ਼ੇਬ ਰਾਵਲਪਿੰਡੀ ਵਲ ਲੜਾਈ ਕਰ ਰਿਹਾ ਸੀ ਅਤੇ ਕਾਹਲੀ ਨਾ ਕਰਨ ਲਈ ਆਦੇਸ਼ ਦੇ ਰਿਹਾ ਸੀ। ਇਸ ਲਈ ਕਾਫੀ ਦੇਰ ਸਖਤੀ ਕੀਤੀ ਜਾਂਦੀ ਰਹੀ। ਜਦੋਂ ਕੋਈ ਵੀ ਯਤਨ ਸਫਲ ਹੁੰਦਾ ਨਾ ਲਗਾ ਤਾਂ ਇਹ ਹੁਕਮ ਕੀਤਾ ਕਿ ਪਹਿਲਾਂ ਨਾਲ ਆਏ ਸਿਖਾਂ ਨੂੰ ਤਸੀਹੇ ਦੇ ਕੇ ਖਤਮ ਕੀਤਾ ਜਾਵੇ। ਇਸ ਤਰ੍ਹਾਂ ਗੁਰੂ ਜੀ ਮੰਨ ਜਾਣਗੇ ਪਰ ਇਹ ਸੰਭਵ ਨਹੀਂ ਹੋ ਸਕਿਆ। ਦੀਵਾਨ ਮਤੀ ਦਾਸ ਨੂੰ ਆਰੇ ਨਾਲ ਚੀਰਿਆ ਗਿਆ ਫਿਰ ਭਾਈ ਦਿਆਲਾ ਜੀ ਨੂੰ ਉਬਲਦੀ ਦੇਗ ਵਿਚ ਪਾਇਆ ਗਿਆ ਫਿਰ ਸਤੀ ਦਾਸ ਜੀ ਨੂੰ ਰੂੰ (ਕਪਾਹ) ਵਿਚ ਜਿੰਦਾ ਹੀ ਸਾੜ ਦਿਤਾ ਗਿਆ । ਇਹ ਤਸੀਹੇ ਵੀ ਗੁਰੂ ਜੀ ਨਾ ਡੁਲਾ ਸਕੇ ਅਤੇ ਭਾਈ ਊਦਾ ਜੀ ਤੇ ਭਾਈ ਚੀਮਾ ਜੀ ਗੁਰੂ ਜੀ ਤੋਂ ਆਗਿਆ ਲੈ ਕੇ ਜੇਲ੍ਹ ਵਿਚੋਂ ਲੋਕਾਂ ਨੂੰ ਜਾਗ੍ਰਿਤ ਕਰਨ ਲਈ ਭੱਜ ਨਿਕਲੇ । ਦਰਬਾਰੀਆਂ ਨੂੰ ਗੁਰੂ ਜੀ ਦੇ ਭੱਜ ਜਾਣ ਦਾ ਡਰ ਸਤਾਉਣ ਲਗਾ । ਉਨ੍ਹਾਂ ਨੇ ਗੁਰੂ ਜੀ ਲਈ ਇਕ ਪਿੰਜਰਾ ਤਿਆਰ ਕਰਵਾਇਆ ਅਤੇ ਉਸ ਪਿੰਜਰੇ ਵਿਚ ਡੱਕ ਦਿਤਾ ਗਿਆ ਅਤੇ ਇਹ ਵੀ ਫੈਸਲਾ ਕੀਤਾ ਕਿ ਗੁਰੂ ਜੀ ਬਾਰੇ ਨਿਰਣੇ ਵਿਚ ਦੇਰੀ ਕਰਨੀ ਠੀਕ ਨਹੀਂ ਹੋਵੇਗੀ । ਔਰੰਗਜ਼ੇਬ ਵਲੋਂ ਹੁਕਮ ਕੀਤਾ ਗਿਆ ਗੁਰੂ ਜੀ ਨੂੰ ਤਿੰਨ ਕੰਮਾਂ ਵਿਚੋਂ ਇਕ ਕਰਨਾ ਜ਼ਰੂਰੀ ਹੈ;

1- ਇਸਲਾਮ ਕਬੂਲ ਕਰੋ, 2. ਕਰਾਮਾਤ ਦਿਖਾਉ, 2. ਮੌਤ ਲਈ ਤਿਆਰ ਹੋ ਜਾਉ।

ਪਰੰਤੂ ਗੁਰੂ ਜੀ ਨੇ ਉਤਰ ਦਿੱਤਾ

1. ਅਸੀਂ ਆਪਣਾ ਧਰਮ ਨਹੀਂ ਛੱਡਣਾ ਹੈ, 2. ਕਰਾਮਾਤ ਨਹੀਂ ਵਿਖਾਉਣੀ ਹੈ, 3. ਤੁਹਾਡੀ ਜੋ ਮਰਜ਼ੀ ਹੈ ਕਰ ਲਵੋ।

ਨਵੰਬਰ 1675 ਦੇ ਸ਼ੁਰੂ ਹੁੰਦਿਆਂ ਹੀ ਔਰੰਗਜ਼ੇਬ ਨੇ ਹੁਕਮ ਕੀਤਾ ਕਿ ਜੇ ਕਰ ਗੁਰੂ ਜੀ ਇਸਲਾਮ ਕਬੂਲ ਨਹੀਂ ਕਰਦੇ ਅਤੇ ਬਾਕੀ ਸ਼ਰਤਾਂ ਨਹੀਂ ਮੰਨਦੇ ਤਾਂ ਕਤਲ ਕਰ ਦਿੱਤਾ ਜਾਵੇ। ਇਸ ਲਈ ਉਨ੍ਹਾਂ ਨੂੰ 1675 ਦੀ 11 ਨਵੰਬਰ ਵੀਰਵਾਰ ਵਾਲੇ ਦਿਨ ਦਿੱਲੀ ਦੇ ਚਾਂਦਨੀ ਚੌਕ ਵਿਚ ਸ਼ਹੀਦ ਕਰ ਦਿਤਾ ਗਿਆ। ਗੁਰੂ ਜੀ ਦੇ ਸੀਸ ਅਤੇ ਧੜ ਨੂੰ ਉਥੇ ਹੀ ਸਖਤ ਪਹਰੇ ਹੇਠ ਛੱਡ ਦਿੱਤਾ ਗਿਆ। ਇਸ ਗੱਲ ਦੀ ਇਤਿਹਾਸ ਗਵਾਹੀ ਭਰਦਾ ਹੈ ਕਿ ਗੁਰੂ ਜੀ ਦੇ ਸ਼ਹੀਦ ਹੁੰਦੀਆਂ ਇਕ ਐਸਾ ਗਰਦ ਦਾ ਭਰਿਆ ਤੂਫ਼ਾਨ ਉਠਿਆ ਕਿ ਲੋਕੀਂ ਭੱਜ ਨੱਠੇ। ਰਾਤ ਨੂੰ ਆਨੰਦਪੁਰ ਸਾਹਿਬ ਤੋਂ ਆਏ ਅਤੇ ਉਥੇ ਹੀ ਹਾਜ਼ਰ ਇਕ ਸਿੱਖ ਨੇ ਭੇਸ ਵਟਾ ਕੇ ਭਾਈ ਜੈਤਾ ਜੀ ਨੇ ਸੀਸ ਚੁੱਕ ਲਿਆ ਅਤੇ ਚਾਦਰੇ ਵਿਚ ਲਪੇਟ ਕੇ ਆਨੰਦਪੁਰ ਲੈ ਗਿਆ ਅਤੇ ਦਸਮ ਪਾਤਸ਼ਾਹ ਕੋਲ ਪੁਜਦਾ ਕਰ ਦਿੱਤਾ । ਦਸਮ ਪਾਤਸ਼ਾਹ ਨੇ ਭਾਈ ਜੈਤਾ ਜੀ ਨੂੰ ਅਪਨੀ ਛਾਤੀ ਨਾਲ ਲਾਇਆ ਅਤੇ ਆਖਿਆ 'ਰੰਘਰੇਟਾ ਗੁਰੂ ਕਾ ਬੇਟਾ'। ਇਹ ਰੰਘਰੇਟਾ ਸਿੱਖ ਅਛੂਤ ਭਾਈਚਾਰੇ ਦਾ ਸੀ ਜੋ ਬਾਅਦ ਵਿਚ ਅੰਮ੍ਰਿਤ ਛਕ ਕੇ ਜੀਵਨ ਸਿੰਘ ਬਣਿਆ ਅਤੇ ਚਮਕੌਰ ਦੀ ਜੰਗ ਵਿਚ ਸ਼ਹੀਦ ਹੋਇਆ। ਦਸ਼ਮੇਸ਼ ਪਿਤਾ ਅਤੇ ਗੁਰੂ ਜੀ ਦੀ ਸੰਗਤ ਨੇ ਸੀਸ ਦਾ ਸਸਕਾਰ ਪੂਰੇ ਆਦਰ ਮਾਣ ਨਾਲ ਕੀਤਾ ਸੀ।

ਉਸ ਤੂਫ਼ਾਨ ਦਾ ਲਾਹਾ ਲੈਂਦੇ ਹੋਏ ਇਕ ਸਿੱਖ ਭਾਈ ਲੱਖੀ ਸ਼ਾਹ ਵਣਜਾਰਾ ਬਹੁਤ ਹੀ ਚੁਸਤੀ ਨਾਲ ਗੁਰੂ ਜੀ ਦਾ ਧੜ ਆਪਣੇ ਗੱਡੇ ਵਿਚ ਰਖ ਕੇ ਆਪਣੇ ਘਰ ਲੈ ਗਿਆ। ਘਰ ਵਿਚ ਹੀ ਚਿਖਾ ਬਣਾ ਕੇ ਧੜ ਨੂੰ ਘਰ ਸਮੇਤ ਆਗ ਲਗਾ ਦਿਤੀ ਇਸ ਤਰਾਂ ਧੜ ਦਾ ਸਸਕਾਰ ਕਰ ਦਿਤਾ ਗਿਆ। ਜਿਸ ਸਥਾਨ ਉਪਰ ਕਤਲ ਕੀਤਾ ਗਿਆ ਸੀ ਉਸ ਥਾਂ ਉਪਰ ਗੁਰਦਵਾਰਾ ਸੀਸ ਗੰਜ ਸੁਸ਼ੋਭਿਤ ਹੈ ਅਤੇ ਜਿਸ ਥਾਂ ਉਪਰ ਧੜ ਦਾ ਸਸਕਾਰ ਕੀਤਾ ਗਿਆ ਸੀ ਉਸ ਸਥਾਨ ਉਪਰ ਗੁਰਦਵਾਰਾ ਰਕਾਬ ਗੰਜ ਸੁਸ਼ੋਭਿਤ ਹੈ । ਇਤਿਹਾਸ ਦੇ ਅੰਦਰ ਇਹ ਪਹਿਲਾ ਮੌਕਾ ਸੀ ਜਿਸ ਵਿਚ ਕਿਸੇ ਸ਼ਹੀਦ ਦੇ ਸਿਰ ਅਤੇ ਧੜ ਦਾ ਅਲਗ ਅਲਗ ਥਾਂ ਤੇ ਸਸਕਾਰ ਕੀਤਾ ਗਿਆ ਹੋਵੇ । ਇਸ ਪ੍ਰਕਾਰ ਗੁਰੂ ਤੇਗ ਬਹਾਦਰ ਜੀ ਨੇ ਹਿੰਦੂ ਧਰਮ ਦੀ ਰਖਿਆ ਲਈ ਅਤੇ ਦੇਸ਼ ਦੀ ਜਾਲਮ ਹਕੂਮਤ ਦੀ ਈਨ ਨਾ ਮੰਨੀ ਅਤੇ ਆਪਣੇ ਆਪ ਨੂੰ ਦੇਸ਼ ਖਾਤਰ ਕੁਰਬਾਨ ਕਰ ਦਿੱਤਾ ਸੀ । ਇਸ ਬਾਰੇ ਦਸਮ ਪਿਤਾ ਵੱਲੋਂ ਬਚਿੱਤਰ ਨਾਟਕ ਵਿਚ ਅੰਗ ੧੩੦ ਉਪਰ ਇਸ ਪ੍ਰਕਾਰ ਲਿਖਿਆ ਹੈ:

ਧਰਮ ਹੇਤਿ ਸਾਕਾ ਜਿਨਿ ਕੀਆ ॥
ਸੀਸੁ ਦੀਆ ਪਰ ਸਿਰਰੁ ਨ ਦੀਆ ॥
ਨਾਟਕ ਚੇਟਕ ਕੀਏ ਕੁਕਾਜਾ ॥
ਪ੍ਰਭ ਲੋਗਨ ਕਹ ਆਵਤ ਲਾਜਾ॥੧੪॥

ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਦਿੱਲੀ ਦੇ ਬਾਦਸ਼ਾਹ ਔਰੰਗਜ਼ੇਬ ਦੇ ਸਿਰ ਸਿੱਖ ਧਰਮ ਦੇ ਨਾਇਕ ਨੇ ਆਪਣੇ ਸਰੀਰ ਦਾ ਠੀਕਰਾ ਭੰਨਿਆ ਸੀ ਅਤੇ ਇਸ ਸਬੰਧੀ ਸ੍ਰੀ ਦਸਮ ਗਰੰਥ ਦੇ ਅੰਗ 131 ਉਪਰ ਸੁਭਾਏਮਾਨ ਹੈ ਕਿ :

ਦੋਹਰਾ॥

ਠੀਕਰਿ ਫੋਰਿ ਦਿਲੀਸਿ ਸਿਰਿ ਪ੍ਰਭ ਪੁਰਿ ਕੀਯਾ ਪਯਾਨ ॥
ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ ॥੧੫॥
ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ ॥
ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕਿ ॥੧੬॥

ਇਤਿਹਾਸ ਦੇ ਅਨੁਸਾਰ ਗੁਰੂ ਜੀ ਨੂੰ ਸ਼ਹੀਦ ਕਰਨ ਤੋਂ ਪਹਿਲਾਂ ਉਨ੍ਹਾਂ ਦੇ ਸਾਥੀਆਂ ਨੂੰ ਸ਼ਹੀਦ ਕੀਤਾ ਗਿਆ ਸੀ ਤਾਂ ਜੋ ਉਹ ਡਰ ਜਾਣ ਤੇ ਸ਼ਾਇਦ ਇਸਲਾਮ ਕਬੂਲ ਲੈਣ।

## ਭਾਈ ਮਤੀ ਦਾਸ ਜੀ

ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ, ਸਿਖ ਧਰਮ ਦੇ ਛੇਵੇਂ ਗੁਰੂ, ਵਲੋਂ ਅਕਾਲ ਤਖ਼ਤ ਸਾਹਿਬ ਤੋਂ 1606 ਈਸਵੀ ਨੂੰ ਇੱਕ ਹੁਕਨਾਮਾ ਜਾਰੀ ਕੀਤਾ ਗਿਆ ਸੀ ਜਿਸ ਰਾਹੀਂ ਸਾਰੇ ਨਾਨਕ ਨਾਮ ਲੇਵਾ ਨੂੰ ਹਰਮੰਦਰ ਸਾਹਿਬ ਜੀ ਵਿਚ ਇੱਕਠੇ ਹੋਣ ਦਾ ਸੁਨੇਹਾ ਸੀ। ਇਨ੍ਹਾਂ ਹੁਕਮਾਂ ਨੂੰ ਮੰਨਦੇ ਹੋਏ ਭਾਈ ਪਰਾਗਾ ਜੀ ਹਰਿਮੰਦਰ ਸਾਹਿਬ ਵਿਚ ਪਹੁੰਚੇ ਸਨ। ਉਸ ਇੱਕਠ ਵਿਚ ਛੇਵੀਂ ਜੋਤ ਨੇ ਸੰਗਤਾਂ ਨੂੰ ਦੱਸਿਆ ਸੀ ਕਿ ਜ਼ੁਲਮ ਅਤੇ ਸਿਤਮ ਦੀ ਅੱਤ ਹੋ ਜਾਣ ਪਿਛੋਂ ਇਸ ਨੂੰ ਸਹਾਰਨਾ ਜਾਗੀਆਂ ਕੌਮਾਂ ਲਈ ਅਤੀ ਮੁਸ਼ਕਿਲ ਹੋ ਜਾਂਦਾ ਹੈ ਇਸ ਲਈ ਹੁਣ ਸਮਾਂ ਹਥਿਆਰਬੰਦ ਹੋ ਜਾਣ ਦਾ ਹੈ ਕਿਉਂ ਜੋ ਪੰਜਵੇਂ ਪਾਤਸ਼ਾਹ ਦੀ ਸ਼ਹੀਦੀ ਨਾਲ ਵੀ ਮੁਗਲਾਂ ਦੇ ਪੱਥਰ ਦਿਲ ਬੇਖ਼ੌਫ਼ ਹਨ ਤੇ ਨਰਮ ਨਹੀਂ ਹੋ ਸਕੇ। ਇਸ ਲਈ ਗੁਰੂ ਘਰ ਲਈ ਆਪਾਂ ਵਾਰ ਦੇਣ ਵਾਲਿਆਂ ਦੀ ਲੋੜ ਹੈ। ਕੌਮੀਅਤ ਦੀ ਰਾਖੀ ਲਈ ਪੰਜ ਬਹਾਦਰ ਅਗੇ ਆਏ ਜਿਨ੍ਹਾਂ ਵਿਚ ਭਾਈ ਪਰਾਗਾ ਜੀ, ਭਾਈ ਜੇਠਾ ਜੀ, ਭਾਈ ਲੰਗਾਹ ਜੀ, ਭਾਈ ਮੋਖਾ ਜੀ ਅਤੇ ਭਾਈ ਬਿਧੀ ਚੰਦ ਜੀ ਸ਼ਾਮਲ ਸਨ। ਇਨ੍ਹਾਂ ਪੰਜਾਂ ਦੇ ਅਧੀਨ ਸੌ ਸੌ ਦੇ ਜਥੇ ਦੀ ਸਥਾਪਨਾ ਕਰ ਦਿਤੀ ਗਈ ਅਤੇ ਇਹ ਭਵਿੱਖਤ ਦੇ ਨਾਲ ਨਜਿਠਣ ਦੀ ਯੋਜਨਾਬੰਦੀ ਦਾ ਢੰਗ ਸੀ।

ਭਾਈ ਪਰਾਗਾ ਜੀ ਦੀ ਬਗੀਚੀ ਦੇ ਫੁੱਲ ਭਾਈ ਲਖੀ ਦਾਸ ਜੀ ਅਤੇ ਉਨ੍ਹਾਂ ਦੇ ਬਾਗ ਵਿਚੋਂ ਭਾਈ ਹੀਰਾ ਨੰਦ ਜੀ ਦੇ ਖੇਤਾਂ ਵਿਚਲੇ ਦੋ ਫਲਾਂ ਦੇ ਰੁੱਖ ਉਪਰ ਕੋਮਲ ਲਗਰਾਂ ਨੂੰ ਲਗੇ । ਦੋ ਫੁੱਲ ਭਾਈ ਮਤੀ ਦਾਸ ਜੀ ਅਤੇ ਭਾਈ ਸਤੀ ਦਾਸ ਜੀ, ਜਿਨ੍ਹਾਂ ਨੂੰ ਜ਼ਾਲਮ ਸਰਕਾਰ ਵਲੋਂ 1675 ਵਿਚ ਤੋੜ ਕੇ ਮਸਲਣ ਦਾ ਯਤਨ ਕੀਤਾ ਗਿਆ ਉਹ ਸ਼ਹੀਦ ਬਣ, ਸਿੱਖ ਧਰਮ ਦੇ ਇਤਿਹਾਸ ਵਿਚ ਮੋਤੀ ਦੀ ਤਰ੍ਹਾਂ ਚਮਕ ਰਹੇ ਹਨ । ਭਾਈ ਕਾਹਨ ਸਿੰਘ ਨਾਭਾ ਜੀ ਨੇ ਭਾਈ ਪਰਾਗਾ ਜੀ ਭਾਈ ਮਤੀ ਦਾਸ ਜੀ ਅਤੇ ਭਾਈ ਸਤੀ ਦਾਸ ਜੀ ਦਾ ਪਿਤਾ ਮੰਨਿਆ ਹੈ ਪਰੰਤੂ ਨਵੀਆਂ ਖੋਜਾਂ ਰਾਹੀਂ ਪਤਾ ਲੱਗ ਚੁੱਕਾ ਹੈ ਭਾਈ ਮਤੀ ਦਾਸ ਜੀ ਅਤੇ ਭਾਈ ਸਤੀ ਦਾਸ ਜੀ ਭਾਈ ਪਰਾਗਾ ਜੀ ਦੇ ਪੜਪੋਤੇ ਸਨ।

ਇਤਿਹਾਸ ਰਾਹੀਂ ਪ੍ਰਾਪਤ ਉਪਰੋਕਤ ਵੇਰਵੇ ਰਾਹੀਂ ਮਾਲੂਮ ਹੁੰਦਾ ਹੈ ਕਿ ਭਾਈ ਮਤੀ ਦਾਸ ਜੀ ਦੇ ਪਰਿਵਾਰ ਦਾ ਗੁਰੂ ਘਰ ਨਾਲ ਲੰਬੇ ਸਮੇਂ ਤੋਂ ਰਿਸ਼ਤਾ ਸੀ। ਭਾਈ ਪਰਾਗਾ ਜੀ ਦਾ ਸਮੂਹ ਪਰਿਵਾਰ ਪੂਰੀ ਤਰ੍ਹਾਂ ਹੀ ਗੁਰੂ ਘਰ ਨੂੰ ਸਮਰਪਿਤ ਸੀ। ਜਦੋਂ ਭਾਈ ਮਤੀ ਦਾਸ ਜੀ ਅਤੇ ਭਾਈ ਸਤੀ ਦਾਸ ਜੀ ਬਾਲਕ ਅਵਸਥਾ ਵਿਚ ਸਨ, ਛੇਵੀਂ ਪਾਤਸ਼ਾਹੀ ਉਨ੍ਹਾਂ ਨੂੰ ਬਚਿਆਂ ਵਾਂਗ ਹੀ ਸਮਝਦੇ ਸਨ ਅਤੇ ਬਹੁਤ ਪਿਆਰ ਕਰਦੇ ਸਨ। ਭਾਈ ਮਤੀ ਦਾਸ ਜੀ ਜ਼ਿਲ੍ਹਾ ਜੇਹਲਮ ਦੇ ਪਿੰਡ ਕਰਿਆਲਾ, ਜੋ ਹੁਣ ਪਾਕਿਸਤਾਨ ਵਿਚ ਹੈ, ਦੇ ਵਾਸੀ ਸਨ ਅਤੇ ਨੌਵੇਂ ਗੁਰੂ ਜੀ ਨਾਲ ਦਿੱਲੀ ਵਿਖੇ ਸ਼ਹਾਦਤ ਪ੍ਰਾਪਤ ਕਰਨ ਵਾਲੇ ਸਨ। ਭਾਈ ਮਤੀ ਦਾਸ ਜੀ ਨੂੰ ਨੌਵੇਂ ਪਾਤਸ਼ਾਹ ਨੇ ਗੁਰੂ ਘਰ ਦਾ ਦੀਵਾਨ ਬਣਾਇਆ ਹੋਇਆ ਸੀ ਅਤੇ ਜਦੋਂ ਗੁਰੂ ਸਾਹਿਬ ਜੀ ਪੂਰਬ ਵਲ ਦੀ ਯਾਤਰਾ ਉਪਰ ਗਏ ਸਨ ਤਾਂ ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਗਵਾਲ ਜੀ ਅਤੇ ਭਾਈ ਦਿਆਲਾ ਜੀ ਉਨ੍ਹਾਂ ਦੇ ਨਾਲ ਗਏ ਸਨ। ਜਦੋਂ ਕਸ਼ਮੀਰ ਦੇ ਬ੍ਰਾਹਮਣਾਂ ਵਲੋਂ ਗੁਰੂ ਸਾਹਿਬ ਨੂੰ ਧਰਮ ਦੀ ਰਖਿਆ ਪ੍ਰਤੀ ਬੇਨਤੀ ਕੀਤੀ ਸੀ ਅਤੇ ਉਨਾਂ ਨੇ ਉਸ ਮਸਲੇ ਦੇ ਬੇਹਤਰ ਹੱਲ ਲਈ ਕੁਰਬਾਨੀ ਦੇਣ ਦਾ ਵਿਚਾਰ ਬਣਾਇਆ ਸੀ ਤਾਂ ਗ੍ਰਿਫਤਾਰੀ ਸਮੇਂ ਹੋਰ ਸਿਖਾਂ ਦੇ ਨਾਲ ਭਾਈ ਮਤੀ ਦਾਸ ਜੀ ਨੂੰ ਵੀ ਗ੍ਰਿਫਤਾਰ ਕਰ ਨਾਲ ਹੀ ਲਿਆਂਦਾ ਗਿਆ ਸੀ।

ਭਾਈ ਮਤੀ ਦਾਸ ਜੀ ਨੂੰ ਸਿੱਖੀ ਵਿਚ ਪੂਰੇ ਉਤਰਨ ਦਾ ਮਾਣ ਪ੍ਰਾਪਤ ਹੋਇਆ ਜਦੋਂ ਉਨਾਂ ਨੇ ਦਿੱਲੀ ਵਿਚਲੀ ਕੈਦ ਸਮੇਂ ਦਿਤੇ ਗਏ ਤਸੀਹਿਆਂ ਨੂੰ ਖੁਸ਼ੀ ਨਾਲ ਪ੍ਰਵਾਨ ਕਰ ਲਿਆ ਸੀ । ਜਦੋਂ ਦਿੱਲੀ ਵਿਚ ਕਾਜ਼ੀ ਵਲੋਂ ਗੁਰੂ ਸਾਹਿਬ ਨਾਲ ਬਦਤਮੀਜ਼ੀ ਕੀਤੀ ਤੇ ਆਪ ਜੀ ਤੋਂ ਸਹਿਣ ਨਾ ਹੋਈ ਤਾਂ ਆਪ ਜੀ ਨੂੰ ਗੁਰੂ ਜੀ ਨੂੰ ਪੁਛਿਆ ਕਿ ਜੇਕਰ ਤੁਸੀਂ ਆਖੋ ਤਾਂ ਮੈਂ ਦਿੱਲੀ ਤੇ ਲਾਹੌਰ ਨੂੰ ਹਰਾ ਸਕਦਾ ਹਾਂ। ਪਰੰਤੂ ਗੁਰੂ ਸਾਹਿਬ ਨੇ ਜ਼ੁਲਮ ਦਾ ਮੁਕਾਬਲਾ ਕਰ ਕੇ ਉਦਾਹਰਨ ਕਾਇਮ ਕਰਨ ਵਿਚ ਹੀ ਭਲਾਈ ਹੈ ਤਾਂ ਹੀ ਮਨੁੱਖ ਹਿੰਮਤੀ ਬਣ ਸਕਦਾ ਹੈ। ਆਪ ਜੀ ਵਲੋਂ ਇਸ ਹੁਕਮ ਨਾਲ ਸਹਿਮਤੀ ਪ੍ਰਗਟਾਈ ਤੇ ਆਪ ਜੀ ਸ਼ਹੀਦ ਹੋ ਜਾਣ ਲਈ ਤਿਆਰ ਹੋਏ ਅਤੇ ਗੁਰੂ ਸਾਹਿਬ ਜੀ ਦੀ ਅੱਖਾਂ ਦੇ ਸਾਹਮਣੇ ਉਨ੍ਹਾਂ ਨੂੰ ਆਰੇ ਨਾਲ ਚੀਰ ਕੇ ਸ਼ਹੀਦ ਕਰ ਦਿਤਾ ਗਿਆ ਅਤੇ ਆਪ ਜੀ ਦੇ ਸਰੀਰ ਦੇ ਦੋਵਾਂ ਹਿਸਿਆ ਵਿਚੋਂ ਜਪੁਜੀ ਸਾਹਿਬ ਦੇ ਪਾਠ ਦੀ ਆਵਾਜ਼ ਆ ਰਹੀ ਸੀ। ਇਸ ਸ਼ਹਾਦਤ ਨੂੰ ਇਤਿਹਾਸ ਦੇ ਪੰਨਿਆਂ ਉਪਰ ਕੁਝ ਇਸ ਤਰ੍ਹਾਂ ਦਰਜ ਕੀਤਾ ਗਿਆ ਹੈ ਕਿ ਰਹਿੰਦੀ ਦੁਨੀਆ ਤਕ ਇਸ ਸ਼ਹੀਦੀ ਨੂੰ ਯਾਦ ਰਖਿਆ ਜਾ ਸਕੇ।

## ਭਾਈ ਸਤੀ ਦਾਸ ਜੀ

ਵਿਗਿਆਨ ਤਰੱਕੀ ਕਰ ਰਿਹਾ ਹੈ ਵਿਗਿਆਨ ਨੇ ਬਹੁਤ ਨਵੀਆਂ ਨਵੀਆਂ ਨਵੀਆਂ ਕੀਤੀਆਂ ਹਨ ਪਰੰਤੂ ਮੌਤ ਵਾਲੇ ਰਹੱਸ ਤੋਂ ਹਾਲੇ ਤਕ ਪਰਦਾ ਨਹੀਂ ਚੁਕਿਆ ਜਾ ਸਕਿਆ ਹੈ। ਭਾਵੇਂ ਬਹੁਤ ਸਾਰੀਆਂ ਬੀਮਾਰੀਆਂ, ਜੋ ਮੌਤ ਦਾ ਕਾਰਣ ਬਣ ਰਹੀਆਂ ਸਨ, ਦੇ ਇਲਾਜ ਦੇ ਯਤਨ ਕੀਤੇ ਗਏ ਹਨ ਅਤੇ ਜਨਮ ਅਤੇ ਮੌਤ ਵਿਚਲੇ ਸਮੇਂ ਨੂੰ ਵਧਾਇਆ ਜਾ ਸਕਿਆ ਹੈ। ਪਰੰਤੂ ਮੌਤ ਕਿਸੇ ਨੂੰ ਨਾ ਆਵੇ ਇਹ ਹਾਲੇ ਤਕ ਸੰਭਵ ਨਹੀਂ ਹੋ ਸਕਿਆ ਹੈ। ਮੌਤ ਦੇ ਭਿਆਨਕ ਹੋਣ ਸਦਕਾ ਇਸ ਦਾ ਡਰ ਹਰ ਮਨੁੱਖ ਦੇ ਅੰਦਰ ਹੁੰਦਾ ਹੈ। ਜੇਕਰ ਅਸੀਂ ਧਰਮਾਂ ਬਾਰੇ ਇਤਿਹਾਸ ਵੱਲ ਪਾਈਏ ਤਾਂ ਸਾਨੂੰ ਅਜੇਹੇ ਚੇਹਰੇ ਵੀ ਦਿਸ ਜਾਂਦੇ ਹਨ ਜੋ ਮੌਤ ਤੋਂ ਨਹੀਂ ਡਰਦੇ ਸਗੋਂ ਮੌਤ ਨੂੰ ਵੀ ਮਾਸੀ ਆਖਣ ਤੋਂ ਵੀ ਨਹੀਂ ਗੁਰੇਜ਼ ਕਰਦੇ। ਇਹ ਲੋਕ ਆਪਣੀ ਮੌਤ ਨੂੰ ਨਹੀਂ ਉਡੀਕਦੇ ਸਗੋਂ ਧਰਮ ਦੀ ਖਾਤਰ ਜਾਂ ਮਨੁੱਖੀ ਭਲਾਈ ਦੀ ਖਾਤਰ ਮੌਤ ਨੂੰ ਆਪ ਜਾ ਮਿਲਦੇ ਹਨ । ਅਜੇਹੇ ਸੂਰਬੀਰਾਂ ਵਿਚ ਭਾਈ ਸਤੀ ਦਾਸ ਵੀ ਸ਼ਾਮਲ ਹੋਇਆ ਸੀ । ਜਦੋਂ ਨੌਵੇਂ ਪਾਤਸ਼ਾਹ ਨੂੰ ਸ਼ਹੀਦ ਕਰਨ ਲਈ ਗ੍ਰਿਫਤਾਰ ਕਰ ਕੇ ਦਿੱਲੀ ਲਿਆਂਦਾ ਗਿਆ ਸੀ । ਦੋਨੋਂ ਭਰਾ ਭਾਈ ਮਤੀ ਦਾਸ ਅਤੇ ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਗੁਰੂ ਸਾਹਿਬ ਦੇ ਨਾਲ ਹੀ ਸਨ।

ਭਾਈ ਸਤੀ ਦਾਸ ਜੀ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਮੇਂ ਦੇ ਭਾਈ ਨੰਦ ਲਾਲ ਜੀ ਸਨ ਜਿਨਾਂ ਨੂੰ ਬਹੁਤ ਸਾਰੀਆਂ ਭਾਸ਼ਾਵਾਂ ਦੀ ਮੁਹਾਰਤ ਹਾਸਲ ਸੀ। ਆਪ ਜੀ ਉਚ ਕੋਟੀ ਦੇ ਵਿਦਵਾਨ ਤੋਂ ਇਲਾਵਾ ਸਾਰੇ ਧਰਮਾਂ ਬਾਰੇ ਗਿਆਨ ਰਖਦੇ ਸਨ। ਜਦੋਂ ਭਾਈ ਮਤੀ ਦਾਸ ਜੀ ਗੁਰੂ ਘਰ ਦੇ ਦੀਵਾਨ ਦੀ ਸੇਵਾ ਕਰ ਰਹੇ ਸਨ ਤਾਂ ਭਾਈ ਸਤੀ ਦਾਸ ਜੀ ਲਿਖਾਰੀ ਦੀ ਭੂਮਿਕਾ ਨਿਭਾ ਰਹੇ ਸਨ। ਗੁਰੂ ਜੀ ਵਲੋਂ ਬਾਣੀ ਦਾ ਫ਼ਾਰਸੀ ਭਾਸ਼ਾ ਵਿਚ ਅਨੁਵਾਦ ਕਰਦੇ ਸਨ। ਇਹ ਵੀ ਇਤਿਹਾਸ ਵਿਚ ਲਿਖਿਆ ਮਿਲਦਾ ਹੈ ਕਿ ਜਦੋਂ ਗੁਰੂ ਸਾਹਿਬ ਔਰਗਜ਼ੇਬ ਦੇ ਹੁਕਮਾਂ ਕਾਰਣ ਚਾਂਦਨੀ ਚੋਂਕ ਵਿਚ ਗ੍ਰਿਫਤਾਰੀ ਸਮੇਂ ਨਵੀਂ ਬਾਣੀ ਉਚਾਰਦੇ ਸਨ ਭਾਈ ਸਤੀ ਦਾਸ ਜੀ ਉਸ ਬਾਣੀ ਨੂੰ ਲਿਖ ਰਹੇ ਸਨ । ਪਰੰਤੂ ਇਸ ਬਾਣੀ ਨੂੰ ਸਮੇਂ ਦੇ ਹਾਕਮਾਂ ਨੇ ਆਪਣੇ ਕਬਜ਼ੇ ਵਿਚ ਲੈ ਲਿਆ ਸੀ। ਇਹ ਵਰਣਨ ਭਾਈ ਕੇਸਰ ਸਿੰਘ ਜੀ ਵਲੋਂ ਰਚਿਤ ਬੰਸਾਵਲੀਨਾਮੇ ਵਿਚ ਦਰਜ ਮਿਲਦਾ ਹੈ।

ਨੌਵੇਂ ਗੁਰੂ ਨੂੰ ਡੁਲਾਉਣ ਲਈ ਉਨਾਂ ਦੇ ਸਾਥੀਆਂ ਨੂੰ ਤਸੀਹੇ ਦੇ ਕੇ ਮੌਤ ਦੇ ਘਾਟ ਉਤਾਰ ਦੇਣ ਦੀ ਨੀਤੀ ਵਜੋਂ ਭਾਈ ਸਤੀ ਦਾਸ ਜੀ ਨੂੰ ਰੂੰ ਵਿਚ ਬੰਨ੍ਹ ਕੇ ਅੱਗ ਲਗਾਣ ਦਾ ਰਸਤਾ ਚੁਣਿਆ ਗਿਆ ਸੀ। ਪਰੰਤੂ ਭਾਈ ਸਾਹਿਬ ਨੇ ਆਖਿਆ ਕਿ ਮੈਨੂੰ ਸਰੀਰ ਦੀ ਕੋਈ ਚਿੰਤਾ ਨਹੀਂ ਹੈ ਮੌਤ ਦਾ ਡਰ ਤਾਂ ਮੈਂ ਪਹਿਲਾਂ ਹੀ ਮਨੋਂ ਵਿਸਾਰ ਚੁਕਾ ਹਾਂ। ਉਨ੍ਹਾਂ ਨੇ ਇਸ ਤਰ੍ਹਾਂ ਮੌਤ ਨੂੰ ਜੱਫੀ ਵਿਚ ਲੈ ਲਿਆ, ਜਿਸ ਤਰ੍ਹਾਂ ਆਪਣੇ ਪਿਆਰੇ ਨੂੰ ਮਿਲਿਆ ਜਾਂਦਾ ਹੈ। ਉਨ੍ਹਾਂ ਨੇ ਲਾੜੀ ਮੌਤ ਨਾਲ ਸ਼ਾਦੀ ਕਰ ਅਗਲੀਆਂ ਨਸਲਾਂ ਲਈ ਮਿਸਾਲ ਕਾਇਮ ਕਰ ਦਿੱਤੀ।

## ਭਾਈ ਦਿਆਲਾ ਜੀ

ਦਿੱਲੀ ਦੇ ਚਾਂਦਨੀ ਚੌਂਕ ਵਿਚ ਨੌਵੇਂ ਪਾਤਸ਼ਾਹ ਜੀ ਨੂੰ ਸ਼ਹੀਦੀ ਵਾਲਾ ਜਾਮ ਪਿਲਾਉਣ ਤੋਂ ਪਹਿਲਾਂ ਉਨ੍ਹਾਂ ਦੇ ਤਿੰਨ ਸਾਥੀਆਂ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ ਸੀ। ਭਾਈ ਦਿਆਲਾ ਜੀ ਉਨ੍ਹਾਂ ਤਿੰਨਾਂ ਵਿਚ ਸ਼ਾਮਲ ਸਨ। ਭਾਈ ਦਿਆਲਾ ਜੀ ਦੇ ਪਿਤਾ ਭਾਈ ਮਾਧੀ ਦਾਸ ਜੀ ਸਨ ਜੋ ਭਾਈ ਮੂਲਾ ਜੀ ਦੇ ਪੋਤੇ ਅਤੇ ਭਾਈ ਬੱਲੂ ਜੀ ਦੇ ਪੁਤਰ ਸਨ। ਜਦੋਂ ਕਿ ਕੁਝ ਇਤਿਹਾਸਕਾਰ ਭਾਈ ਦਿਆਲਾ ਜੀ ਨੂੰ ਭਾਈ ਮਤੀ ਦਾਸ ਜੀ ਦਾ ਪੁਤਰ ਵੀ ਲਿਖਿਆ ਹੈ ਅਤੇ ਕਈ ਇਤਿਹਾਸਕਾਰਾਂ ਵਲੋਂ ਭਾਈ ਦਿਆਲਾ ਜੀ ਨੂੰ ਭਾਈ ਮਨੀ ਸਿੰਘ ਜੀ ਦਾ ਭਰਾ ਵੀ ਮੰਨਿਆ ਹੈ ਅਤੇ ਭਾਈ ਦਿਆਲਾ ਜੀ ਦੇ ਜਨਮ ਨੂੰ ਪਿੰਡ ਦੁੱਲਟ ਰਿਆਸਤ ਪਟਿਆਲਾ ਦਾ ਦਸਿਆ ਗਿਆ ਹੈ। ਇਸ ਸਬੰਧੀ ਹੋਰ ਖੋਜ ਕਰਨ ਦੀ ਲੋੜ ਭਾਸਦੀ ਹੈ।

ਭਾਈ ਦਿਆਲਾ ਜੀ ਦੇ ਪਰਵਾਰਿਕ ਸਬੰਧ ਸਿਖਾਂ ਦੇ ਪੰਜਵੇਂ ਪਾਤਸ਼ਾਹ ਤੋਂ ਸ਼ੁਰੂ ਹੁੰਦੇ ਹਨ ਜਦੋਂ ਭਾਈ ਮੂਲਾ ਜੀ ਜੋ ਕਿ ਉਪਰੋਕਤ ਅਨੁਸਾਰ ਭਾਈ ਦਿਆਲਾ ਜੀ ਦੇ ਪੜਦਾਦਾ ਜੀ ਸਨ ਗੁਰੂ ਸਾਹਿਬ ਦੇ ਦਰਸ਼ਨ ਕਰਨ ਲਈ ਆਏ ਅਤੇ ਉਨਾਂ ਦੀ ਸ਼ਰਨ ਵਿਚ ਟਿਕ ਗਏ ਸਨ। ਛੇਵੇਂ ਪਾਤਸ਼ਾਹ ਦੇ ਸਮੇਂ ਉਨਾਂ ਦੀ ਉਮਰ ਕਾਫੀ ਹੋ ਚੁਕੀ ਸੀ ਅਤੇ ਆਪਣੇ ਪੁਤਰ ਭਾਈ ਬੱਲੂ ਜੀ ਨੂੰ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਜੀ ਨੂੰ ਸੌਂਪ ਦਿਤਾ ਸੀ। ਭਾਈ ਬੱਲੂ ਜੀ ਨੇ ਬਹਾਦਰੀ ਦਾ ਸਬੂਤ ਦਿਤਾ ਅਤੇ ਹਰ ਲੜਾਈ ਸਮੇਂ ਗੁਰੂ ਸਾਹਿਬ ਦਾ ਸਾਥ ਦਿਤਾ ਅਤੇ ਮੁਗਲਾਂ ਵਿਰੁਧ ਲੜਦੇ ਹੋਏ ਸ਼ਹੀਦੀ ਪ੍ਰਾਪਤ ਕੀਤੀ ਸੀ।

ਬਾਅਦ ਵਿਚ ਭਾਈ ਮਾਧੀ ਦਾਸ ਜੀ ਗੁਰੂ ਸੇਵਾ ਵਿਚ ਪੂਜ ਗਏ ਅਤੇ ਉਨਾ ਦਾ ਪੁੱਤਰ ਭਾਈ ਦਿਆਲਾ ਵੀ ਮੇਹਰ ਸਦਕਾ ਗੁਰੂ ਜੀ ਦਾ ਸੰਗੀ ਹੋ ਗਿਆ । ਜਦੋਂ ਨੌਵੇਂ ਪਾਤਸ਼ਾਹ ਪੂਰਬ ਵਲ ਪ੍ਰਚਾਰ ਲਈ ਗਏ ਸਨ ਭਾਈ ਦਿਆਲਾ ਜੀ ਨੂੰ ਪਟਨਾ ਵਿਖੇ ਸੰਗਤ ਦਾ ਮੁਖੀ ਬਣਾ ਦਿਤਾ ਗਿਆ ਸੀ। ਪਟਨਾ ਵਿਖੇ ਹੀ ਬਾਲ ਗੋਬਿੰਦ ਰਾਏ ਨੇ ਅਵਤਾਰ ਧਾਰਿਆ ਸੀ ਕਿਉਂ ਜੋ ਮਾਤਾ ਗੁੱਜਰ ਕੌਰ ਅਤੇ ਪਰਿਵਾਰ ਉਸ ਸਮੇਂ ਪਟਨਾ ਸਾਹਿਬ ਵਿਖੇ ਹੀ ਸੀ।

ਪੂਰਬ ਦੀ ਯਾਤਰਾ ਤੋਂ ਬਾਅਦ ਨੌਵੇਂ ਗੁਰੂ ਜੀ ਪੰਜਾਬ ਅਪੜ ਗਏ ਅਤੇ ਉਥੋਂ ਹੀ ਭਾਈ ਦਿਆਲਾ ਜੀ ਨੂੰ ਸੰਦੇਸ਼ ਕੀਤਾ ਕਿ ਤੁਸੀਂ ਹੁਣ ਪਰਿਵਾਰ ਨੂੰ ਨਾਲ ਲੈ ਕੇ ਪੰਜਾਬ ਆ ਜਾਵੋ।

ਜਦੋਂ ਨੌਵੇਂ ਪਾਤਸ਼ਾਹ ਨੂੰ ਕੇ ਦਿੱਲੀ ਲੈ ਕੇ ਆਏ ਤਾਂ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਨੂੰ ਵੀ ਨਾਲ ਲਿਆਂਦਾ ਗਿਆ ਸੀ। ਲੰਬਾ ਸਮਾਂ ਕੈਦ ਵਿਚ ਰਹੇ। ਗੁਰੂ ਸਾਹਿਬ ਨੂੰ ਡੁਲਾਉਣ ਦੇ ਯਤਨਾਂ ਵਜੋਂ ਭਾਈ ਮਤੀ ਦਾਸ ਜੀ ਨੂੰ ਉਨ੍ਹਾਂ ਦੇ ਸਨਮੁਖ ਆਰਿਆਂ ਨਾਲ ਚੀਰ ਦਿਤਾ ਗਿਆ। ਗੁਰੂ ਸਾਹਿਬ ਬਿਲਕੁਲ ਨਾ ਡੋਲੇ ਅਤੇ ਸਿਖਾਂ ਦੀ ਨਿਡਰਤਾ ਅਤੇ ਗੁਰੂ ਸਾਹਿਬ ਦੇ ਸਿਦਕ ਤੋਂ ਹਾਕਮ ਪਰੇਸ਼ਾਨ ਹੋ ਰਹੇ ਸਨ। ਉਨਾਂ ਵਲੋਂ ਦਿਤੇ ਤਸੀਹੇ ਸਿਖਾਂ ਉਪਰ ਕੋਈ ਅਸਰ ਨਹੀਂ ਪਾ ਰਹੇ ਸਨ। ਭਾਈ ਦਿਆਲਾ ਜੀ ਉਬਲਦੀ ਦੇਗ ਵਿਚ ਬਿਠਾਣ ਲਈ ਜਦੋਂ ਸਰਕਾਰ ਦੇ ਹੁਕਮ ਦੇ ਬੜੇ ਨੇੜੇ ਹੋਏ ਤਾਂ ਭਾਈ ਦਿਆਲਾ ਜੀ ਆਪ ਹੀ ਉਸ ਉਬਲਦੀ ਦੇਗ ਵਿਚ ਬੈਠ ਗਏ। ਵਾਹਿਗੁਰੁ ਦਾ ਜਾਪੁ ਕਰਦੇ ਹੋਏ ਮੌਤ ਨੂੰ ਪਰਵਾਨ ਕਰ ਲਿਆ । ਇਸ ਤਰਾਂ ਭਾਈ ਦਿਆਲਾ ਜੀ ਸਿਖੀ ਦੇ ਇਮਤਿਹਾਨ ਵਿਚੋਂ ਸਫਲ ਹੋਏ ਸਨ।

ਦਸਮ ਪਿਤਾ ਜੀ ਵਲੋਂ ਦਮਦਮਾ ਸਾਹਿਬ ਤਲਵੰਡੀ ਸਾਬੋ (ਬਠਿੰਡਾ) ਵਿਚ ਰੁਕਣ ਸਮੇਂ, 1705 ਈਸਵੀ ਵਿਚ, ਸ੍ਰੀ ਗੁਰੂ ਗਰੰਥ ਸਾਹਿਬ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਰਚਿਤ ਬਾਣੀ ਦਰਜ ਕੀਤੀ । ਪਹਿਲਾਂ ਬਾਣੀ 30 ਰਾਗਾਂ ਵਿਚ ਦਰਜ ਸੀ। 31ਵਾਂ ਰਾਗ ਜੈਜੈਵੰਤੀ ਦਰਜ ਕੀਤਾ ਗਿਆ ਅਤੇ ਨਾਵੇਂ ਮਹੱਲੇ ਦੇ ਸਲੋਕ ਦਰਜ ਕਰ ਕੇ ਗੁਰੂ ਗਰੰਥ ਸਾਹਿਬ ਨੂੰ ਸੰਪੂਰਨ ਕੀਤਾ । ਦਸਮ ਪਿਤਾ ਨੇ 1708 ਵਿਚ ਜੋਤੀ ਜੋਤ ਸਮਾਉਣ ਤੋਂ ਇਕ ਦਿਨ ਪਹਿਲਾਂ ਸੰਗਤਾਂ ਨੂੰ ਸ਼ਬਦ ਗੁਰੂ ਨੂੰ ਗੁਰੂ ਥਾਪ ਦਿਤਾ । ਉਨ੍ਹਾਂ ਨੇ ਇਹ ਸ਼ਬਦ ਉਚਾਰਿਆ ਸੀ :

ਆਗਿਆ ਭਈ ਅਕਾਲ ਕੀ ਤਬੀ ਚਲਾਇਓ ਪੰਥ,
ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗਰੰਥ ॥
ਗੁਰੂ ਗਰੰਥ ਜੀ ਮਾਨਿਓ ਪਰਗਟ ਗੁਰਾਂ ਕੀ ਦੇਹ,
ਜੋ ਪ੍ਰਭ ਕੋ ਮਿਲਬੋ ਚਹੇ ਖੋਜ ਸ਼ਬਦ ਮੇਂ ਲੈਹ ॥

**ਜਦੋਂ ਨੌਵੇਂ ਪਾਤਸ਼ਾਹ ਨੂੰ ਕੇ ਦਿੱਲੀ ਲੈ ਕੇ ਆਏ ਤਾਂ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਨੂੰ ਵੀ ਨਾਲ ਲਿਆਂਦਾ ਗਿਆ ਸੀ। ਲੰਬਾ ਸਮਾਂ ਕੈਦ ਵਿਚ ਰਹੇ। ਗੁਰੂ ਸਾਹਿਬ ਨੂੰ ਡੁਲਾਉਣ ਦੇ ਯਤਨਾਂ ਵਜੋਂ ਭਾਈ ਮਤੀ ਦਾਸ ਜੀ ਨੂੰ ਉਨ੍ਹਾਂ ਦੇ ਸਨਮੁਖ ਆਰਿਆਂ ਨਾਲ ਚੀਰ ਦਿਤਾ ਗਿਆ। ਗੁਰੂ ਸਾਹਿਬ ਬਿਲਕੁਲ ਨਾ ਡੋਲੇ ਅਤੇ ਸਿਖਾਂ ਦੀ ਨਿਡਰਤਾ ਅਤੇ ਗੁਰੂ ਸਾਹਿਬ ਦੇ ਸਿਦਕ ਤੋਂ ਹਾਕਮ ਪਰੇਸ਼ਾਨ ਹੋ ਰਹੇ ਸਨ। ਉਨਾਂ ਵਲੋਂ ਦਿਤੇ ਤਸੀਹੇ ਸਿਖਾਂ ਉਪਰ ਕੋਈ ਅਸਰ ਨਹੀਂ ਪਾ ਰਹੇ ਸਨ। ਭਾਈ ਦਿਆਲਾ ਜੀ ਉਬਲਦੀ ਦੇਗ ਵਿਚ ਬਿਠਾਣ ਲਈ ਜਦੋਂ ਸਰਕਾਰ ਦੇ ਹੁਕਮ ਦੇ ਬੜੇ ਨੇੜੇ ਹੋਏ ਤਾਂ ਭਾਈ ਦਿਆਲਾ ਜੀ ਆਪ ਹੀ ਉਸ ਉਬਲਦੀ ਦੇਗ ਵਿਚ ਬੈਠ ਗਏ। ਵਾਹਿਗੁਰੁ ਦਾ ਜਾਪੁ ਕਰਦੇ ਹੋਏ ਮੌਤ ਨੂੰ ਪਰਵਾਨ ਕਰ ਲਿਆ। ਇਸ ਤਰਾਂ ਭਾਈ ਦਿਆਲਾ ਜੀ ਸਿਖੀ ਦੇ ਇਮਤਿਹਾਨ ਵਿਚੋਂ ਸਫਲ ਹੋਏ ਸਨ।**

# ਨਵਾਂ ਸਾਲ ਅਤੇ ਹੋਲਾ-ਮਹੱਲਾ



ਸਰਵਜੀਤ ਸਿੰਘ ਸੈਕਰਾਮੈਂਟੋ
916-230-2102

ਜਦੋਂ ਵੀ ਨਵਾਂ ਸਾਲ ਆਰੰਭ ਹੁੰਦਾ ਹੈ ਤਾਂ ਅਸੀ ਸ੍ਰਿਸ਼ਟਾਚਾਰ ਵਜੋਂ ਆਪਣੇ ਸਕੇ-ਸਬੰਧੀਆਂ, ਸੱਜਣਾ ਮਿੱਤਰਾਂ ਅਤੇ ਜਾਣ-ਪਛਾਣ ਵਾਲਿਆਂ ਨੂੰ ਨਵੇਂ ਸਾਲ ਦੀਆਂ ਵਧਾਈਆਂ ਦਿੰਦੇ ਹਾਂ। ਜਨਵਰੀ 1 ਤੋਂਆਰੰਭ ਹੋਣ ਵਾਲੇ ਸਾਲ ਨੂੰ ਸਮੁੱਚੇ ਤੌਰ ਤੇ ਨਵੇ ਸਾਲ ਦੇ ਆਰੰਭ ਵਜੋ ਮਨਾਇਆ ਜਾਂਦਾ ਹੈ। ਇਸ ਨੂੰ ਸੀ: ਈ: (ਛੋਮਮੋਨ ਓਰਅ) ਕਿਹਾ ਜਾਂਦਾ ਹੈ ਪਰ ਇਸ ਦਾ ਅਸਲ ਨਾਮ ਗਰੈਗੋਰੀਅਨ ਕੈਲੰਡਰ ਹੈ। ਦੁਨੀਆਂ ਦਾ ਸਾਰਾ ਕਾਰ-ਵਿਹਾਰ ਇਸੇ ਕੈਲੰਡਰ ਮੁਤਾਬਕ ਹੀ ਚਲਦਾ ਹੈ। ਵੱਖ-ਵੱਖ ਕੌਮਾਂ ਦੇ ਆਪਣੇ-ਆਪਣੇ ਕੈਲੰਡਰ ਵੀ ਪ੍ਰਚੱਲਤ ਹਨ। ਜਿਨ੍ਹਾਂ ਮੁਤਾਬਕ ਉਹ ਆਪਣੇ ਧਾਰਮਿਕ, ਸਮਾਜਿਕ ਅਤੇ ਇਤਿਹਾਸਿਕ ਦਿਹਾੜੇ ਮਨਾਉਂਦੇ ਹਨ। ਜਿਵੇ ਹਿਜਰੀ ਕੈਲੰਡਰ। ਇਹ ਇਸਲਾਮ ਧਰਮ ਦਾ ਕੈਲੰਡਰ ਹੈ। ਸਿੱਖ ਕੌਮ ਦਾ ਆਪਣਾ ਕੋਈ ਕੈਲੰਡਰ ਨਾ ਹੋਣ ਕਰਕੇ, ਹਿੰਦੋਸਤਾਨ 'ਚ ਪ੍ਰਚੱਲਤ ਕੈਲੰਡਰਾਂ ਮੁਤਾਬਕ ਹੀ ਆਪਣੇ ਧਾਰਮਿਕ ਅਤੇ ਇਤਿਹਾਸਿਕ ਦਿਹਾੜੇ ਮਨਾਏ ਜਾਣੇ ਸੁਭਾਵਿਕ ਹੀ ਸਨ। ਪਿਛਲੇ ਲੰਮੇ ਸਮੇਂ ਤੋਂ ਹਿੰਦੋਸਤਾਨ 'ਚ ਦੋ ਕੈਲੰਡਰ ਪ੍ਰਚੱਲਤ ਹਨ। ਸੂਰਜੀ ਬਿਕ੍ਰਮੀ ਅਤੇ ਚੰਦਰ ਸੂਰਜੀ ਬਿਕ੍ਰਮੀ। ਗੁਰੂ ਕਾਲ ਵੇਲੇ ਇਨ੍ਹਾਂ ਦੋਵਾਂ ਕੈਲੰਡਰਾਂ ਦੀ ਵਰਤੋ ਹੁੰਦੀ ਸੀ। ਜਨਮ ਸਾਖੀਆਂ, ਗੁਰੂ ਕੀਆਂ ਸਾਖੀਆਂ, ਗੁਰ ਬਿਲਾਸ, ਰਹਿਤਨਾਮਿਆਂਸਮੇਤ ਸਾਰੇ ਪੁਰਾਤਨ ਵਸੀਲਿਆਂ 'ਚ ਇਨ੍ਹਾਂ ਦੋਵਾਂ ਕੈਲੰਡਰਾਂ ਦੀਆਂ ਤਾਰੀਖ਼ਾਂ ਮਿਲਦੀਆਂ ਹਨ। ਉਦਾਹਰਣ ਵਜੋ, ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਪੋਹ ਸੁਦੀ 7,ਇਹ ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ ਦੀ ਤਾਰੀਖ ਹੈ ਅਤੇ ਖਾਲਸਾ ਪ੍ਰਗਟ ਦਿਵਸ 1 ਵੈਸਾਖ, ਇਹ ਸੂਰਜੀ ਬਿਕ੍ਰਮੀ ਕੈਲੰਡਰ ਦੀ ਤਾਰੀਖ। "ਨਾਨਕਸ਼ਾਹੀ ਕੈਲੰਡਰ" ਦੇ ਲਾਗੂ ਹੋਣ ਨਾਲ ਜਿਥੇ ਬਿਕ੍ਰਮੀ ਕੈਲੰਡਰ ਦੀਆਂ ਸਮੱਸਿਆਵਾਂ ਤੋਂ ਛੁਟਕਾਰਾ ਮਿਲਿਆ ਹੈ ਉਥੇ ਹੀ ਆਪਣਾ ਕੈਲੰਡਰ ਹੋਣ ਦਾ ਮਾਣ ਵੀ ਮਹਿਸੂਸ ਹੋਇਆ ਹੈ। ਜਿਸ ਦੇ ਨਵੇਂ ਸਾਲ ਦਾ ਆਰੰਭ 1 ਚੇਤ (14 ਮਾਰਚ) ਤੋਂ ਹੁੰਦਾ ਹੈ। ਇਸੇ ਦਿਨ ਹੀ ਗੁਰੂ ਹਰਿ ਰਾਏ ਜੀ ਦਾ ਗੁਰਗੱਦੀ ਦਿਵਸ ਹੈ। ਜਿਸ ਨੂੰ ਵਾਤਾਵਰਨ ਦਿਵਸ ਦੇ ਤੌਰ ਮਨਾਇਆ ਜਾਂਦਾ ਹੈ। ਨਾਨਕਸ਼ਾਹੀ ਕੈਲੰਡਰ ਮੁਤਾਬਕ ਇਸੇ ਦਿਨ ਹੀ ਹੈ ਚੜਦੀ ਕਲਾ ਦਾ ਪ੍ਰਤੀਕ ਹੋਲਾ-ਮਹੱਲਾ।

ਭਾਰਤੀ ਸਮਾਜ ਵਿਚ ਮਨਾਏ ਜਾਂਦੇ ਬਹੁਤ ਸਾਰੇ ਦਿਨ-ਤਿਉਹਾਰਾਂ 'ਚ ਹੋਲੀ, ਚੰਦ ਦੇ ਕੈਲੰਡਰ ਮੁਤਾਬਕ ਸਾਲ ਦੇ ਆਖਰੀ ਦਿਨ, ਭਾਵ ਫੱਗਣ ਦੀ ਪੁੰਨਿਆ ਨੂੰ ਮਨਾਈ ਜਾਣ ਦਾ ਵਿਧਾਨ ਹੈ। ਹਿੰਦੂ ਮਿਥਿਹਾਸ ਨਾਲ ਸਬੰਧਿਤ ਕਈ ਕਥਾ ਕਹਾਣੀਆਂ, ਇਸ ਦਿਨ ਨਾਲ ਵੀ ਜੁੜੀਆਂ ਹੋਈਆਂ ਹਨ। ਇਹ ਵੀ ਮੰਨਿਆ ਜਾਂਦਾ ਹੈ ਕਿ ਵਰਣ ਵੰਡ ਮੁਤਾਬਕ ਕਦੇ ਇਹ ਦਿਨ ਸ਼ੂਦਰਾਂ ਲਈ ਰਾਖਵਾਂ ਹੁੰਦਾ ਸੀ। ਹੋਲੀ ਦਾ ਸਿੱਖ ਧਰਮ ਨਾਲ ਕੋਈ ਸਬੰਧ ਨਹੀਂ ਹੈ। ਹੋਰ ਇਨਕਲਾਬੀ ਫੈਸਲਿਆਂ ਦੀ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਤਿਉਹਾਰ 'ਚ ਵੀ ਇਨਕਲਾਬੀ ਤਬਦੀਲੀ ਲਿਆਂਦੀ ਅਤੇ ਹੋਲੀ ਦਾ ਬਦਲ, 'ਹੋਲਾ ਮਹੱਲਾ' ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਸੰਗਤਾਂ ਨੂੰ ਕਰਮਕਾਂਡਾਂ ਵਿਚੋਂ ਕੱਢ ਕੇ ਗੁਲਾਮੀ ਦੀਆਂ ਜ਼ੰਜੀਰਾਂ ਨੂੰ ਕੱਟਣ ਲਈ, ਦੱਬੇ ਕੁਚਲੇ ਲੋਕਾਂ ਵਿੱਚ ਸਵੈ ਵਿਸ਼ਵਾਸ ਅਤੇ ਸਵੈਮਾਣ ਦਾ ਅਹਿਸਾਸ ਕਰਵਾਉਣ ਲਈ, ਜੰਗਾਂ ਯੁੱਧਾਂ ਵੱਲ ਉਤਸ਼ਾਹਿਤ ਕਰਨ ਲਈ ਇਸ ਤਿਉਹਾਰ ਦਾ ਨਾਮ ਵੀ ਚੜ੍ਹਦੀ ਕਲਾ ਦਾ ਪ੍ਰਤੀਕ ਹੋਲਾ-ਮਹੱਲਾ ਰੱਖਿਆ।

**ਹੋਲਾ ਮਹੱਲਾ:-** ਸੰਗ੍ਯਾ—ਹਮਲਾ ਅਤੇ ਜਾਯ ਹਮਲਾ। ਹੱਲਾ ਅਤੇ ਹੱਲੇ ਦੀ ਥਾਂ। ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਖਾਲਸੇ ਨੂੰ ਸ਼ਸਤ੍ਰ ਅਤੇ ਯੁੱਧਵਿਦ੍ਯਾ ਵਿੱਚ ਨਿਪੁਣ ਕਰਨ ਲਈ ਇਹ ਰੀਤਿ ਚਲਾਈ ਸੀ ਕਿ ਦੋ ਦਲ ਬਣਾਕੇ ਪ੍ਰਧਾਨ ਸਿੰਘਾਂ ਦੇ ਹੇਠ ਇੱਕ ਖਾਸ ਥਾਂ ਤੇ ਕਬਜ਼ਾ ਕਰਨ ਲਈ ਹਮਲਾ ਕਰਨਾ। ਕਲਗੀਧਰ ਆਪ ਇਸ ਮਸਨੂਈ ਜੰਗ ਦਾ ਕਰਤਬ (ਅਨੋਂਉਵਰਏ) ਦੇਖਦੇ ਅਤੇ ਦੋਹਾਂ ਦਲਾਂ ਨੂੰ ਸ਼ੁਭ ਸਿਖ੍ਯਾ ਦਿੰਦੇ ਸੇ। ਅਰ ਜੋ ਦਲ ਕਾਮਯਾਬ ਹੁੰਦਾ ਉਸ ਨੂੰ ਦੀਵਾਨ ਵਿੱਚ ਸਿਰੋਪਾ ਬਖਸ਼ਦੇ ਸਨ। (ਮਹਾਨ ਕੋਸ਼) ਹੋਲੀ ਦੀ ਥਾਂ ਇਕ ਨਵਾਂ ਤਿਉਹਾਰ, ਹੋਲਾ ਮੁਹੱਲਾ ਮਨਾਉਣ ਦਾ ਮਨੋਰਥ ਸਿੱਖਾਂ ਨੂੰ ਅਨਿਆਂ ਵਿਰੁੱਧ ਸੰਘਰਸ਼, ਜੁਲਮ ਉੱਤੇ ਸੱਚ ਦੀ ਜਿੱਤ ਦਾ ਸੰਕਲਪ ਦ੍ਰਿੜ ਕਰਵਾਉਣਾ ਸੀ। ਹੋਲਾ ਮਹੱਲਾ ਆਜ਼ਾਦੀ, ਬਹਾਦਰੀ ਅਤੇ ਚੜ੍ਹਦੀ ਕਲਾ ਦਾ ਪ੍ਰਤੀਕ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਖਾਲਸਾ ਬਣਾ, ਇਕ ਸ਼ਕਤੀਸ਼ਾਲੀ ਕੌਮ ਦੀ ਸਿਰਜਣਾ ਕੀਤੀ। ਗੁਰੂ ਜੀ ਨੇ ਸਮੇਂ ਦੀ ਮੰਗ ਅਨੁਸਾਰ ਮਨੁੱਖਤਾ ਦਾ ਮਨੋਬਲ ਉੱਚਿਆਂ ਚੁੱਕਣ ਦੇ ਨਾਲ-ਨਾਲ ਸਰੀਰਕ ਤੌਰ 'ਤੇ ਬਲਵਾਨ ਕਰਨ ਅਤੇ ਸ਼ਸਤਰਾਂ ਦੇ ਸਹੀ ਉਪਯੋਗ ਉੱਪਰ ਬਲ ਦਿੱਤਾ। ਮਹੱਲਾ ਇਕ ਪ੍ਰਕਾਰ ਦੀ ਮਸਨੂਈ ਲੜਾਈ ਹੈ। ਗੁਰੂ ਜੀ ਸਿੰਘਾਂ ਦੇ ਦੋ ਗਰੁਪ ਬਣਾ ਕੇ ਮਸਨੂਈ ਯੁੱਧ ਕਰਵਾਉਂਦੇ ਅਤੇ ਲੋੜ ਮੁਤਾਬਕ ਦਿਸ਼ਾ ਨਿਰਦੇਸ਼ ਪ੍ਰਦਾਨ ਕਰਦੇ ਸਨ। ਹੋਲੀ ਦਾ ਇਹ ਬਦਲ ਹੋਲੇ-ਮਹੱਲੇ ਦੇ ਰੂਪ ਵਿਚ ਇਨਕਲਾਬੀ ਕਦਮ ਸੀ ਅਤੇ ਇਸ ਨੂੰ ਮਨਾਉਣ ਦਾ ਢੰਗ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਆਪ ਨਿਸ਼ਚਿਤ ਕੀਤਾ। ਗੁਰੂ ਸਾਹਿਬ ਦੇ ਉਦੇਸ਼ ਨੂੰ ਕਵੀ ਸੁਮੇਰ ਸਿੰਘ ਨੇ ਆਪਣੇ ਸ਼ਬਦਾਂ ਵਿੱਚ ਇਸ ਤਰ੍ਹਾਂ ਲਿਖਿਆ ਹੈ;




ਔਰਨ ਕੀ ਹੋਲੀ ਮਮ ਹੋਲਾ,
ਕਹਯੋਕ੍ਰਿਪਾਨਿਧ ਬਚਨ ਅਮੋਲਾ।

ਹੋਲੀ ਚੰਦ ਦੇ ਕੈਲੰਡਰ ਮੁਤਾਬਕ ਮਨਾਈ ਜਾਂਦੀ ਹੈ। ਚੰਦ ਦੇ ਸਾਲ ਦੇ 12 ਮਹੀਨੇ (ਚੇਤ ਤੋਂ ਫੱਗਣ) ਹੁੰਦੇ ਹਨ। ਇਹ ਤਿਉਹਾਰ ਸਾਲ ਦੇ ਆਖਰੀ ਮਹੀਨੇ ਦੇ ਆਖਰੀ ਦਿਨ ਮਨਾਇਆ ਜਾਂਦਾ ਹੈ। ਗੁਰੂ ਸਾਹਿਬ ਨੇ ਇਸ ਤੋਂ ਅੱਗਲੇ ਦਿਨ ਭਾਵ ਚੇਤ ਮਹੀਨੇ ਦੇ ਪਹਿਲੇ ਦਿਨ ਹੋਲਾ ਮਹੱਲਾ ਆਰੰਭ ਕੀਤਾ ਸੀ। ਫੱਗਣ ਦੀ ਪੁੰਨਿਆ, ਇਹ ਦਿਨ ਚੰਦ ਦੇ ਸਾਲ ਦਾ ਆਖਰੀ ਦਿਨ ਹੁੰਦਾ ਹੈ। ਇਸ ਦਿਨ ਚੰਦ ਅਧਾਰਿਤ ਕੈਲੰਡਰ ਦਾ ਸਾਲ ਖਤਮ ਹੁੰਦਾ ਹੈ। ਗੁਰੂ ਜੀ ਨੇ ਇਸ ਤੋਂ ਅਗਲੇ ਦਿਨ ਭਾਵ ਨਵੇ ਸਾਲ ਦੇ ਆਰੰਭ ਵਾਲੇ ਦਿਨ, ਚੇਤ ਵਦੀ ਏਕਮ ਨੂੰ ਚੜਦੀ ਕਲਾ ਦਾ ਪ੍ਰਤੀਕ 'ਹੋਲਾ ਮਹੱਲਾ' ਮਨਾਉਣਾ ਆਰੰਭ ਕੀਤਾ ਸੀ। ਗੁਰੂ ਕਾਲ 'ਚ ਚੰਦਰ-ਸੂਰਜੀ ਬਿਕ੍ਰਮੀ (ਨਸਿੋਲਅਰ) ਅਤੇ ਸੂਰਜੀ ਬਿਕ੍ਰਮੀ (ਸੋਲਅਰ) ਪ੍ਰਚੱਲਤ ਸਨ। ਦੋਵਾਂ ਕੈਲੰਡਰਾਂ ਦੇ 12 ਮਹੀਨੇ ਹੀ, ਚੇਤ ਤੋਂ ਫੱਗਣ ਹੀ ਹਨ ਪਰ ਸਾਲ ਦੀ ਲੰਬਾਈ ਵਿੱਚ ਫਰਕ ਹੈ।

ਸੂਰਜੀ ਬਿਕ੍ਰਮੀ, ਇਹ ਸਾਲ 1 ਚੇਤ ਤੋਂ ਆਰੰਭ ਹੁੰਦਾ ਹੈ। ਇਸ ਸਾਲ ਦੀ ਲੰਬਾਈ 1964 ਈ. ਤੋਂ ਪਹਿਲਾ ਸੂਰਜੀ ਸਿਧਾਂਤ ਮੁਤਾਬਕ 365.2587 ਦਿਨ ਹੁੰਦੀ ਸੀ ਪਰ 1964 ਈ. ਤੋਂ ਪਿਛੋਂ ਦ੍ਰਿਕ ਗਿਣਤ ਸਿਧਾਂਤ ਮੁਤਾਬਕ ਇਸ ਸਾਲ ਦੀ ਲੰਬਾਈ 365.2563 ਦਿਨ ਮੰਨੀ ਗਈ ਹੈ। ਫੱਗਣ, ਇਸ ਸਾਲ ਦਾ ਆਖਰੀ ਮਹੀਨਾ ਹੁੰਦਾ ਹੈ। ਚੰਦਰ-ਸੂਰਜੀ ਬਿਕ੍ਰਮੀ (ਨਸਿੋਲਅਰ) ਚੇਤ ਵਦੀ 1 ਤੋਂ ਆਰੰਭ ਹੋ ਕੇ ਫੱਗਣ ਸੁਦੀ 15 ਭਾਵ ਫੱਗਣ ਦੀ ਪੁੰਨਿਆ ਨੂੰ ਖਤਮ ਹੋ ਜਾਂਦਾ ਹੈ। ਇਸ ਸਾਲ ਦੀ ਲੰਬਾਈ 354.37 ਦਿਨ ਹੁੰਦੀ ਹੈ। ਚੰਦ ਦਾ ਸਾਲ ਸੂਰਜੀ ਸਾਲ ਤੋਂ ਲੱਗ-ਭੱਗ 11 ਦਿਨ ਛੋਟਾ ਹੁੰਦਾ ਹੈ। ਦੋ ਸਾਲਾ 'ਚ ਇਹ ਫਰਕ 22 ਦਿਨ ਦਾ ਹੋ ਜਾਂਦਾ ਹੈ ਤਾਂ ਚੰਦ ਦੇ ਸਾਲ ਨੂੰ ਖਿਚ ਧੂਹ ਕੇ ਸੂਰਜੀ ਸਾਲ ਦੇ ਨੇੜੇ ਤੇੜੇ ਕਰਨ ਲਈ ਤੀਜੇ ਸਾਲ ਇਸ 'ਚ ਇਕ ਮਹੀਨਾ ਹੋਰ ਜੋੜ ਦਿੱਤਾ ਜਾਂਦਾ ਹੈ ਉਸ ਸਾਲ ਚੰਦ ਦੇ ਸਾਲ ਦੇ 13 ਮਹੀਨੇ ਹੋ ਜਾਂਦੇ ਹਨ ਅਤੇ ਸਾਲ ਦੇ ਦਿਨ 383ķ384 ਹੋ ਜਾਂਦੇ ਹਨ। 2018 'ਚ ਵੀ ਚੰਦ ਦੇ ਸਾਲ ਦੇ 13 ਮਹੀਨੇ ਹੀ ਹੋਣਗੇ, ਜੇਠ ਦੇ ਦੋ ਮਹੀਨੇ ਹੋਣਗੇ। ਇਸ ਲਈ ਹੋਲਾ ਮਹੱਲਾ ਹਰ ਸਾਲ ਬਦਲਵੀਂ ਤਾਰੀਖ ਨੂੰ ਆਉਂਦਾ ਹੈ। ਮਿਸਾਲ ਵਜੋਂ 2015 ਈ: ਵਿੱਚ ਇਹ ਦਿਹਾੜਾ 22 ਫੱਗਣ (6 ਮਾਰਚ), 2016 ਈ. 'ਚ 11 ਚੇਤ (24 ਮਾਰਚ), 2017 ਈ: ਵਿੱਚ 30 ਫੱਗਣ (13 ਮਾਰਚ) ਨੂੰ ਅਤੇ 2018 ਈ. ਵਿਚ ਇਹ ਦਿਹਾੜਾ 19 ਫੱਗਣ ਨੂੰ (2 ਮਾਰਚ) ਆਇਆ ਸੀ। ਸ਼੍ਰੋਮਣੀ ਕਮੇਟੀ ਵੱਲੋਂ 5 ਮਾਰਚ 2018 ਈ: ਨੂੰ, ਨਾਨਕਸ਼ਾਹੀ ਕੈਲੰਡਰ ਦੇ ਨਾਮ ਹੇਠ ( ਸੰਮਤ 550) ਜਾਰੀ ਕੀਤੇ ਗਏ ਬਿਕ੍ਰਮੀ ਕੈਲੰਡਰ ਵਿੱਚ ਹੋਲਾ-ਮਹੱਲਾ ਦਰਜ ਹੀ ਨਹੀਂ ਹੈ। ਅਗਲੇ ਸਾਲ (ਸੰਮਤ 551) ਸ਼੍ਰੋਮਣੀ ਕਮੇਟੀ ਨੇ ਹੋਲਾ-ਮਹੱਲਾ, ਹੋਲੀ ਵਾਲੇ ਦਿਨ ਹੀ ਮਨਾਉਣਾ ਹੈ।

ਇਥੇ ਹੀ ਵੱਸ ਨਹੀ, ਚੰਦ ਦੇ ਕੈਲੰਡਰ ਵਿੱਚ ਇਕ ਹੋਰ ਵੀ ਸਮੱਸਿਆ ਹੈ। ਚੰਦ ਦੇ ਮਹੀਨੇ ਵਿੱਚ ਦੋ ਪੱਖ ਹੁੰਦੇ ਹਨ ਇਕ ਹਨੇਰਾ ਪੱਖ ਭਾਵ ਵਦੀ ਪੱਖ ਅਤੇ ਦੂਜਾ ਚਾਨਣਾ ਪੱਖ ਭਾਵ ਸੁਦੀ ਪੱਖ। ਵਦੀ ਪੱਖ ਦਾ ਆਰੰਭ ਪੁੰਨਿਆ ਤੋਂ ਅਗਲੇ ਦਿਨ ਹੁੰਦਾ ਹੈ ਅਤੇ ਸੁਦੀ ਪੱਖ ਦਾ ਆਰੰਭ ਮੱਸਿਆ ਤੋਂ ਅਗਲੇ ਦਿਨ। ਚੰਦ ਦੇ ਮਹੀਨੇ ਨੂੰ ਪੁੰਨਿਆ ਤੋਂ ਪੁੰਨਿਆ, ਜਿਸ ਨੂੰ ਪੂਰਨਮੰਤਾ ਕਹਿੰਦੇ ਹਨ ਅਤੇ ਮੱਸਿਆ ਤੋਂ ਮੱਸਿਆ, ਜਿਸ ਨੂੰ ਅਮੰਤਾ ਕਹਿੰਦੇ ਹਨ, ਦੋਵੇਂ ਤਰ੍ਹਾਂ ਹੀ ਗਿਣੇ ਜਾਂਦੇ ਹਨ। ਉਤਰੀ ਭਾਰਤ ਵਿੱਚ ਮਹੀਨਾ ਪੁੰਨਿਆ ਤੋਂ ਪੁੰਨਿਆ ਭਾਵ ਪੂਰਨਮੰਤਾ ਹੁੰਦਾ ਹੈ ਅਤੇ ਦੱਖਣ ਭਾਰਤ ਵਿੱਚ ਅਮੰਤਾ ਭਾਵ ਮੱਸਿਆ ਤੋਂ ਮੱਸਿਆ ਗਿਣਿਆ ਜਾਂਦਾ ਹੈ। ਪਰ ਹੈਰਾਨੀ ਦੀ ਗੱਲ ਇਹ ਹੈ ਕਿ ਉਤਰੀ ਭਾਰਤ ਵਿੱਚ ਮਹੀਨਾ ਤਾਂ ਪੁੰਨਿਆ ਤੋਂ ਅਗਲੇ ਦਿਨ ਭਾਵ ਵਦੀ ਏਕਮ ਤੋਂ ਆਰੰਭ ਹੁੰਦਾ ਹੈ ਪਰ ਸਾਲ ਦਾ ਆਰੰਭ ਮੱਸਿਆ ਤੋਂ ਅਗਲੇ ਦਿਨ, ਭਾਵ ਚੇਤ ਸੁਦੀ ਇਕ ਤੋਂ ਹੁੰਦਾ ਹੈ। ਚੇਤ ਮਹੀਨੇ ਦੇ ਦੋਵੇਂ ਪੱਖ, ਦੋ ਵੱਖ-ਵੱਖ ਸਾਲਾਂ ਵਿਚ ਗਿਣੇ ਜਾਂਦੇ ਹਨ। ਚੇਤ ਦਾ ਪਹਿਲਾ ਅੱਧ, ਖਤਮ ਹੋ ਰਹੇ ਸਾਲ ਵਿੱਚ ਅਤੇ ਦੂਜਾ ਅੱਧ, ਆਰੰਭ ਹੋ ਨਵੇਂ ਰਹੇ ਸਾਲ ਵਿੱਚ ਗਿਣਿਆ ਜਾਂਦਾ ਹੈ। ਸੁਦੀ ਪੱਖ ਦੋਵੇਂ ਪਾਸੇ ਭਾਵ ਉਤਰੀ ਅਤੇ ਦੱਖਣੀ ਭਾਰਤ, ਇਕ ਹੁੰਦਾ ਹੈ ਪਰ ਵਦੀ ਪੱਖ ਵਿੱਚ ਇਕ ਮਹੀਨੇ ਦਾ ਫਰਕ ਪੈ ਜਾਂਦਾ ਹੈ। ਇਹ ਹੀ ਕਾਰਨ ਹੈ ਕਿ ਕਈ ਵਿਦਵਾਨਾਂ ਨੂੰ ਚੇਤ ਸੁਦੀ ਏਕਮ ਸੰਮਤ 1757 ਬਿਕ੍ਰਮੀ ਨੂੰ ਈਸਵੀ ਸੰਨ ਵਿੱਚ ਲਿਖਣ ਵੇਲੇ ਗਲਤੀ ਲੱਗੀ ਹੈ। ਕਈ ਵਿਦਵਾਨਾਂ ਨੇ 1757 ਬਿਕ੍ਰਮੀ ਨੂੰ 1700 ਈ: ਲਿਖਿਆ ਹੈ ਜਦੋਂ ਕਿ ਚੇਤ ਸੁਦੀ ਏਕਮ ਸੰਮਤ 1757 ਬਿਕ੍ਰਮੀ, ਮੁਤਾਬਕ ਇਹ 17 ਚੇਤ, 14 ਮਾਰਚ 1701 ਈ: (ਜੂਲੀਅਨ) ਬਣਦੀ ਹੈ। ਪਾਠਕ ਨੋਟ ਕਰਨ ਕਿ, ਬਿਪਰ ਵੱਲੋਂ ਬੁਣੇ ਗਏ ਇਸ ਮੱਕੜ ਜਾਲ਼ ਨੂੰ ਬ੍ਰਾਹਮਣ ਵਾਦ ਕਿਹਾ ਜਾਂਦਾ ਹੈ ਨਾ ਕਿ ਚੰਦ ਨੂੰ।

ਸਰਦ ਰੁਤ ਦੇ ਖਾਤਮੇ ਪਿਛੋਂ ਜਦੋਂ ਦਰਖ਼ਤਾਂ ਦੇ ਨਵੇ ਰੰਗ-ਵਰੰਗੇ ਪੱਤੇ ਫੁੱਟਦੇ ਹਨ, ਧੁੰਦ ਦੀਆਂ ਝੰਬੀਆਂ ਫਸਲਾਂ ਤੇ ਨੁਹਾਰ ਆਉਂਦੀ ਹੈ, ਖੇਤਾਂ ਵਿੱਚ ਸਰ੍ਹੋਂ-ਤੋਰੀਏ ਦੇ ਬਸੰਤੀ ਫੁਲ ਖਿੜਦੇ ਹਨ ਤਾਂ ਬਸੰਤ ਰੁੱਤ ਦਾ ਅਗਾਜ ਮੰਨਿਆ ਜਾਂਦਾ ਹੈ। ਯਾਦ ਰਹੇ ਰੁੱਤਾਂ ਦਾ ਸਬੰਧ ਸੂਰਜ ਨਾਲ ਹੈ ਨਾ ਕਿ ਚੰਦ ਨਾਲ। ਰੁੱਤ ਦਾ ਆਰੰਭ ਕਦੇ ਵੀ ਪਿਛਲੇ ਸਾਲ ਨਾਲੋਂ 11 ਦਿਨ ਪਹਿਲਾ ਜਾਂ 18ķ19 ਦਿਨ ਪੱਛੜ ਕੇ ਨਹੀ ਹੁੰਦਾ। ਰੁੱਤ ਦਾ ਆਰੰਭ ਹਰ ਸਾਲ ਉਸੇ ਸਮੇਂ ਹੀ ਹੁੰਦਾ ਹੈ। ਧੁਰ ਕੀ ਬਾਣੀ ਮੁਤਾਬਕ ਵੀ ਬਸੰਤ ਰੁੱਤ ਦਾ ਆਰੰਭ 1 ਚੇਤ ਤੋਂ ਹੀ ਹੁੰਦਾ ਹੈ।"ਰੁਤਿ ਸਰਸ ਬਸੰਤ ਮਾਹ ਚੇਤੁ ਵੈਸਾਖ ਸੁਖ ਮਾਸੁ ਜੀਉ" (ਪੰਨਾ 927) ਇਹ ਵੱਖਰੀ ਗੱਲ ਹੈ ਕਿ ਆਪਣੇ ਆਪ ਨੂੰ ਸ਼੍ਰੋਮਣੀ ਸਮਝਣ ਵਾਲੀ ਕਮੇਟੀ ਵੱਲੋਂ ਦਰਬਾਰ ਸਾਹਿਬ ਵਿਖੇ ਬਸੰਤ ਰਾਗ ਦਾ ਆਰੰਭ, ਹਿੰਦੂ ਮਿਥਿਹਾਸ ਦੀ ਦੇਵੀ ਸਰਸਵਤੀ ਦੇ ਜਨਮ ਦਿਨ ਤੋਂ ਭਾਵ ਮਾਘ ਸੁਦੀ 5 ਤੋਂ ਕਰਦੀ ਹੈ।

ਜਿਵੇ ਕਿ ਉੱਪਰ ਪੜ੍ਹ ਚੁੱਕੇ ਹੋ ਕਿ ਹੋਲੀ ਸਾਲ ਦੇ ਆਖਰੀ ਦਿਨ ਮਨਾਈ ਜਾਂਦੀ ਸੀ ਅਤੇ ਗੁਰੂ ਸਾਹਿਬ ਨੇ ਹੋਲਾ ਮਹੱਲਾ ਨਵੇ ਸਾਲ ਦੇ ਪਹਿਲੇ ਦਿਨ ਤੋਂ ਆਰੰਭ ਕੀਤਾ ਸੀ। ਇਸ ਲਈ ਹੁਣ ਜਦੋਂ ਅਸੀਂ ਚੰਦ ਦਾ ਕੈਲੰਡਰ ਪੱਕੇ ਤੌਰ ਹੀ ਛੱਡ ਚੁਕੇ ਹਾਂ ਅਤੇ ਸੂਰਜੀ ਕੈਲੰਡਰ ਨੂੰ ਅਪਣਾ ਲਿਆ ਹੈ ਤਾਂ ਹੋਲਾ ਨਵੇ ਸਾਲ ਦੇ ਪਹਿਲੇ ਦਿਨ ਭਾਵ 1 ਚੇਤ ਨੂੰ ਮਨਾਉਣਾ ਚਾਹੀਦਾ ਹੈ। ਨਾਨਕਸ਼ਾਹੀ ਕੈਲੰਡਰ, ਜੋ ਕਿ ਸੂਰਜੀ ਕੈਲੰਡਰ ਹੈ।ਜਿਸ ਦਾ ਆਰੰਭ 1 ਚੇਤ ਤੋਂ ਹੁੰਦਾ ਹੈ, ਮੁਤਾਬਕ 'ਹੋਲਾ ਮਹੱਲਾ' ਹਰ ਸਾਲ 1 ਚੇਤ/14 ਮਾਰਚ ਨੂੰ ਆਵੇਗਾ।

ਹੁਣ ਸਾਨੂੰ ਇਹ ਵੇਖਣ ਲਈ ਕਿ ਚੇਤ ਵਦੀ ਏਕਮ ਕਿਸ ਤਾਰੀਖ ਨੂੰ ਆਵੇਗੀ, ਹਿੰਦੂ ਵਿਦਵਾਨਾਂ ਵੱਲੋਂ ਤਿਆਰ ਕੀਤੀ ਗਈ ਜੰਤਰੀ ਦੀ ਉਡੀਕ ਨਹੀ ਕਰਨੀ ਪਵੇਗੀ। ਇਸ ਤੋਂ ਵੀ ਅਹਿਮ ਗੱਲ ਇਹ ਹੈ ਕਿ, ਹੁਣ ਜਦੋਂ ਕੈਲੰਡਰ ਵਿਗਾੜੂ ਕਮੇਟੀ ਦੇ ਮੈਂਬਰਾਂ ਦੀ ਅਸਲੀਅਤ ਸਾਹਮਣੇ ਆ ਚੁੱਕੀ ਹੈ ਤਾਂ ਕੀ, ਅਜੇ ਵੀ ਕੌਮ ਨੂੰ ਇਨ੍ਹਾਂ ਭੇਖੀਆਂ ਮਗਰ ਲੱਗਣਾ ਚਾਹੀਦਾ ਹੈ? ਖਾਲਸਾ ਜੀ ਜਾਗੋ, ਆਓ ਇਸ ਮੱਕੜ ਜਾਲ਼ ਤੋਂ ਮੁਕਤ ਹੋਈਏ!

ਸਮੂਹ ਸੰਗਤ ਨੂੰ ਨਵੇ ਸਾਲ, 1 ਚੇਤ ਸੰਮਤ 550ਨਾਨਕਸ਼ਾਹੀ (14 ਮਾਰਚ 2018 ਈ:) ਦੀਆ ਲੱਖ-ਲੱਖ ਵਧਾਈਆਂ।

# ਪੰਜਾਬ ਨੈਸ਼ਨਲ ਬੈਂਕ ਘੁਟਾਲਾ ਕਿਵੇਂ ਹੋਇਆ?

ਪਿਛਲੇ ਦਿਨੀ ਮੁੰਬਈ ਵਿਖੇ ਪੰਜਾਬ ਨੈਸ਼ਨਲ ਬੈਂਕ ਦੀ ਬਰੈਡੀ ਹਾਊਸ ਸ਼ਾਖਾ ਦੁਆਰਾ ਕੀਤੇ ਵਿੱਤੀ ਘੁਟਾਲੇ ਨੂੰ ਦੇਸ਼ ਦਾ ਸਭ ਤੋਂ ਵੱਡਾ ਵਿੱਤੀ ਘੁਟਾਲਾ ਮੰਨਿਆ ਗਿਆ ਹੈ। ਪਹਿਲਾਂ ਇਸ ਘੁਟਾਲੇ ਦੀ ਰਕਮ 11,346 ਕਰੋੜ ਰੁਪਏ ਦੱਸੀ ਜਾਂਦੀ ਸੀ। ਲੇਖ ਦੀਆਂ ਇਹ ਸਤਰਾਂ ਲਿਖੇ ਜਾਣ ਤੱਕ ਇਹ ਰਕਮ 17,600 ਕਰੋੜ ਰੁਪਏ ਤੱਕ ਪੁੱਜ ਚੁੱਕੀ ਹੈ। ਇਹ ਰਕਮ 17,600 ਕਰੋੜ ਰੁਪਏ ਤੋਂ ਵੀ ਵਧਣ ਦਾ ਅੰਦਾਜ਼ਾ ਹੈ। ਪਿਛਲੇ ਸੱਤ ਸਾਲਾਂ ਤੋਂ ਬੈਂਕ ਦੀ ਇਸ ਬ੍ਰਾਂਚ ਵਿਚ ਘੁਟਾਲੇ ਦਾ ਤਾਣਾ-ਬਾਣਾ ਬੁਣਿਆ ਜਾ ਰਿਹਾ ਸੀ। ਇਸ ਘੁਟਾਲੇ ਲਈ ਹੀਰਿਆਂ ਦਾ ਇਕ ਪ੍ਰਸਿੱਧ ਵਪਾਰੀ ਨੀਰਵ ਮੋਦੀ ਉਸ ਦੇ ਭਰਾ ਪਤਨੀ ਉਸ ਨਾਲ ਵਪਾਰਕ ਸਾਂਝ ਵਾਲੇ ਇਕ ਵਿਅਕਤੀ ਮੇਹੁਲ ਚੀਨੂਭਾਈ ਚੌਕਸੀ ਤੇ ਬੈਂਕ ਦੇ ਕੁਝ ਅਧਿਕਾਰੀਆਂ ਨੂੰ ਦੋਸ਼ੀ ਮੰਨਿਆ ਜਾ ਰਿਹਾ ਹੈ। ਇਸ ਘੁਟਾਲੇ ਨਾਲ ਦੋ ਸਰਕਾਰੀ ਬੈਂਕਾਂ ਯੂਨੀਅਨ ਬੈਂਕ ਆਫ ਇੰਡੀਆ ਅਲਾਹਾਬਾਦ ਬੈਂਕ ਤੇ ਇਕ ਗ਼ੈਰ-ਸਰਕਾਰੀ ਬੈਂਕ ਐਕਸਿਸ ਬੈਂਕ ਦਾ ਵੀ ਵੱਡਾ ਨੁਕਸਾਨ ਹੋਇਆ ਹੈ। ਦੇਸ਼ ਦੀਆਂ ਚਾਰ ਪ੍ਰਮੁੱਖ ਏਜੰਸੀਆਂ ਭਾਵ ਵਿਦੇਸ਼ ਮੰਤਰਾਲਾ ਈ. ਡੀ. (ਇਨਫੋਰਸਮੈਂਟ ਡਾਇਰੈਕਟੋਰੇਟ) ਸੀ. ਬੀ. ਆਈ. (ਕੇਂਦਰੀ ਜਾਂਚ ਬਿਊਰੋ) ਅਤੇ ਆਮਦਨ ਕਰ ਵਿਭਾਗ ਵਲੋਂ ਆਪੋ-ਆਪਣੀ ਕਾਰਵਾਈ ਕੀਤੀ ਜਾ ਰਹੀ ਹੈ। ਇਹ ਸਤਰਾਂ ਲਿਖੇ ਜਾਣ ਤੱਕ ਨੀਰਵ ਮੋਦੀ ਦੀ 5,674 ਕਰੋੜ ਰੁਪਏ ਦੇ ਮੁੱਲ ਦੀ ਜਾਇਦਾਦ 'ਤੇ ਕਬਜ਼ਾ ਕੀਤਾ ਜਾ ਚੁੱਕਾ ਹੈ। ਘੁਟਾਲੇ ਦੀ ਰਕਮ ਦੀ ਪੂਰਤੀ ਲਈ ਦਿਨ-ਰਾਤ ਕੋਸ਼ਿਸ਼ਾਂ ਜਾਰੀ ਹਨ। ਅਧਿਕਾਰੀਆਂ ਦਾ ਕਹਿਣਾ ਹੈ ਕਿ ਕੁਝ ਹੀ ਦਿਨਾਂ ਦੇ ਵਿਚ ਘੁਟਾਲੇ ਦੀ ਰਕਮ ਨੂੰ ਪੂਰਾ ਕਰ ਲਿਆ ਜਾਵੇਗਾ।

**ਨੀਰਵ ਮੋਦੀ ਕੌਣ ਹੈ?** : ਨੀਰਵ ਮੋਦੀ ਗੁਜਰਾਤ ਸੂਬੇ ਨਾਲ ਸਬੰਧ ਰੱਖਣ ਵਾਲਾ ਭਾਰਤ ਦਾ ਇਕ ਵੱਡਾ ਹੀਰਿਆਂ ਦਾ ਵਪਾਰੀ ਹੈ। ਮੋਦੀ ਦੀ ਉਮਰ 48 ਸਾਲ ਹੈ, ਉਸ ਦੀ ਪਤਨੀ ਦਾ ਨਾਂਅ ਅਮੀ ਮੋਦੀ ਹੈ। ਮੋਦੀ ਦੇ ਤਿੰਨ ਬੱਚੇ ਹਨ। ਮੋਦੀ ਦੀ ਰਿਹਾਇਸ਼ ਮੁੰਬਈ ਵਿਚ ਹੈ। ਮੋਦੀ ਦੀਆਂ ਮੁੱਖ ਤੌਰ 'ਤੇ ਆਰ. ਯੂ. ਐਸ. ਡਾਇਮੰਡ ਸੋਲਰ ਐਕ-ਸਪੋਰਟਸ ਅਤੇ ਸਟੈਲਰ ਡਾਇਮੰਡਜ਼ ਨਾਂਅ ਦੀਆਂ ਹੀਰਿਆਂ ਦੀਆਂ ਤਿੰਨ ਪ੍ਰਸਿੱਧ ਕੰਪਨੀਆਂ ਹਨ। ਇਸ ਘੁਟਾਲੇ ਵਿਚ ਇਨ੍ਹਾਂ ਤਿੰਨਾਂ ਕੰਪਨੀਆਂ ਦੇ ਨਾਂਅ ਸਾਹਮਣੇ ਆਏ ਹਨ। ਭਾਰਤ ਵਿਚ ਮੋਦੀ ਦੀ ਲਗਪਗ 11.2 ਹਜ਼ਾਰ ਕਰੋੜ ਰੁਪਏ ਦੀ ਜਾਇਦਾਦ ਹੈ। ਮੋਦੀ ਕੋਲੋਂ ਹਾਲੀਵੁੱਡ ਤੇ ਬਾਲੀਵੁੱਡ ਦੇ ਕਲਾਕਾਰ ਵੀ ਹੀਰਿਆਂ ਦੇ ਗਹਿਣੇ ਖਰੀਦਦੇ ਹਨ। ਭਾਰਤ ਦੀ ਪ੍ਰਸਿੱਧ ਅਭਿਨੇਤਰੀ ਪ੍ਰਿਅੰਕਾ ਚੋਪੜਾ ਮੋਦੀ ਦੀਆਂ ਕੰਪਨੀਆਂ ਦੀ ਬ੍ਰਾਂਡ ਅੰਬੈਸਡਰ ਹੈ।

**ਘੁਟਾਲਾ ਸਾਹਮਣੇ ਕਿਵੇਂ ਆਇਆ?:** ਪੰਜਾਬ ਨੈਸ਼ਨਲ ਬੈਂਕ ਦੇ ਕੁਝ ਅਧਿਕਾਰੀਆਂ ਨੇ ਨੀਰਵ ਮੋਦੀ ਤੇ ਉਸ ਦੇ ਕੁਝ ਵਪਾਰਕ ਸਾਂਝ ਰੱਖਣ ਵਾਲੇ ਵਿਅਕਤੀਆਂ ਨੂੰ ਹਾਂਗਕਾਂਗ ਤੋਂ ਗਹਿਣੇ ਖਰੀਦਣ ਵਾਸਤੇ ਫਰਜ਼ੀ ਅੱਠ ਲੈਟਰ ਆਫ ਅੰਡਰਸਟੈਂਡਿੰਗ (ਆਪਸੀ ਸਮਝੌਤੇ ਦਾ ਪੱਤਰ) ਜਾਰੀ ਕੀਤੇ ਸਨ। ਤਿੰਨ ਪੱਤਰ ਐਕਸਿਸ ਬੈਂਕ ਤੇ ਪੰਜ ਪੱਤਰ ਅਲਾਹਾਬਾਦ ਬੈਂਕ ਦੇ ਨਾਂਅ ਜਾਰੀ ਕੀਤੇ ਗਏ ਸਨ। ਇਹ ਪੱਤਰ ਪੰਜਾਬ ਨੈਸ਼ਨਲ ਬੈਂਕ ਦੁਆਰਾ ਸਵਿਫਟ ਨੈੱਟਵਰਕ ਰਾਹੀਂ ਜਾਰੀ ਕੀਤੇ ਗਏ। ਪੱਤਰ ਜਾਰੀ ਕਰਨ ਤੋਂ ਬਾਅਦ ਅਧਿਕਾਰੀਆਂ ਨੇ ਇਨ੍ਹਾਂ ਬੈਂਕਾਂ ਨਾਲ ਪੈਸਿਆਂ ਦਾ ਲੈਣ-ਦੇਣ ਕਰਨ ਦੇ ਪਾਸਵਰਡ ਨੂੰ ਰੱਦ ਕਰ ਦਿੱਤਾ। ਇਨ੍ਹਾਂ ਬੈਂਕਾਂ ਨੇ ਨੀਰਵ ਮੋਦੀ ਤੇ ਉਸ ਦੇ ਸਾਥੀਆਂ ਨੂੰ ਗਹਿਣੇ ਖਰੀਦਣ ਵਾਸਤੇ ਕਰਜ਼ਾ ਦੇ ਦਿੱਤਾ। ਜਦ ਉਕਤ ਦੋਵਾਂ ਬੈਂਕਾਂ ਨੇ ਪੰਜਾਬ ਨੈਸ਼ਨਲ ਬੈਂਕ ਕੋਲੋਂ ਕਰਜ਼ੇ ਦੇ ਪੈਸੇ ਮੰਗੇ ਤਾਂ ਪੰਜਾਬ ਨੈਸ਼ਨਲ ਬੈਂਕ ਦੇ ਸਿਸਟਮ ਵਿਚ ਇਨ੍ਹਾਂ ਪੱਤਰਾਂ ਦੇ ਸਬੰਧ ਵਿਚ ਕੋਈ ਵੀ ਜਾਣਕਾਰੀ ਮੌਜੂਦ ਨਾ ਹੋਣ ਕਾਰਨ ਇਹ ਘੁਟਾਲਾ ਸਾਹਮਣੇ ਆ ਗਿਆ।

**ਲੈਟਰ ਆਫ ਅੰਡਰਸਟੈਂਡਿੰਗ ਕੀ ਹੁੰਦੀ ਹੈ?:** ਐਲ. ਓ. ਯੂ. ਜਾਂ ਲੈਟਰ ਆਫ ਅੰਡਰਸਟੈਂਡਿੰਗ (ਆਪਸੀ ਸਮਝੌਤੇ ਦਾ ਪੱਤਰ) ਬੈਂਕਾਂ ਤੇ ਕਰਜ਼ਾ ਲੈਣ ਵਾਲੇ ਵਿਅਕਤੀ ਵਿਚਕਾਰ ਗਾਰੰਟੀ ਜਾਂ ਸਮਝੌਤਾ ਹੁੰਦਾ ਹੈ। ਇਹ ਸਮਝੌਤਾ ਕਿਸੇ ਬੈਂਕ ਦੁਆਰਾ ਇਕ ਜਾਂ ਇਕ ਤੋਂ ਵਧੇਰੇ ਬੈਂਕਾਂ ਵਿਚਕਾਰ ਹੁੰਦਾ ਹੈ। ਇਸ ਸਮਝੌਤੇ ਤਹਿਤ ਬੈਂਕ ਇਕ ਦੂਸਰੇ ਦੇ ਗਾਹਕਾਂ ਨੂੰ ਕਰਜ਼ਾ ਦੇ ਸਕਦੇ ਹਨ। ਵਿਦੇਸ਼ਾਂ ਵਿਚ ਖਰੀਦੋ-ਫਰੋਖ਼ਤ ਕਰਨ ਲਈ ਭੁਗਤਾਨ ਕਰਨ ਦੀ ਜ਼ਿੰਮੇਵਾਰੀ ਸਮਝੌਤੇ ਲਈ ਪੱਤਰ ਜਾਰੀ ਕਰਨ ਵਾਲੇ ਬੈਂਕ ਦੀ ਹੁੰਦੀ ਹੈ। ਵਿਦੇਸ਼ਾਂ ਵਿਚ ਖਰੀਦਦਾਰੀ ਲਈ ਅਕਸਰ ਵਪਾਰੀ ਇਹ ਪੱਤਰ ਬੈਂਕ ਤੋਂ ਲੈਂਦੇ ਹਨ ਤਾਂ ਕਿ ਉਨ੍ਹਾਂ ਨੂੰ ਕਰੰਸੀ ਨੂੰ ਬਦਲਾਉਣ ਲਈ ਕਿਸੇ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ। ਇਹ ਪੱਤਰ ਬੈਂਕ ਸਿਰਫ ਉਸ ਵਿਅਕਤੀ ਜਾਂ ਕੰਪਨੀ ਨੂੰ ਹੀ ਦਿੰਦੇ ਹਨ, ਜਿਸ ਦਾ ਵਪਾਰ ਬਹੁਤ ਹੀ ਵਧੀਆ ਹੋਵੇ ਅਤੇ ਬੈਂਕ ਨੂੰ ਉਸ ਪਾਸੋਂ ਕਰਜ਼ੇ ਦੀ ਵਸੂਲੀ ਕਰਨ ਲਈ ਕਿਸੇ ਵੀ ਪ੍ਰਕਾਰ ਦੀ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ।

ਲੈਟਰ ਆਫ ਅੰਡਰਸਟੈਂਡਿੰਗ ਜਾਰੀ ਕਰਨ ਦੇ ਕੀ ਨਿਯਮ ਹਨ? : ਰਿਜ਼ਰਵ ਬੈਂਕ ਆਫ ਇੰਡੀਆ ਦੇ ਨਿਯਮਾਂ ਅਨੁਸਾਰ ਹੀਰਿਆਂ ਜਾਂ ਸੋਨੇ ਦੇ ਵਪਾਰੀਆਂ ਲਈ ਲੈਟਰ ਆਫ ਅੰਡਰਸਟੈਂਡਿੰਗ ਜਾਂ ਲੈਟਰ ਆਫ ਕ੍ਰੈਡਿਟ (ਕਰਜ਼ੇ ਦਾ ਪੱਤਰ) 90 ਦਿਨਾਂ ਤੋਂ ਵਧੇਰੇ ਸਮੇਂ ਲਈ ਜਾਰੀ ਨਹੀਂ ਕੀਤਾ ਜਾ ਸਕਦਾ ਪਰ ਪੰਜਾਬ ਨੈਸ਼ਨਲ ਬੈਂਕ ਦੇ

(ਬਾਕੀ ਸਫਾ 22 'ਤੇ)

# ਵਧ ਰਹੀਆਂ ਹਨ ਕੈਪਟਨ ਲਈ ਚੁਣੌਤੀਆਂ

- ਕੇ.ਐੱਸ.ਚਾਵਲਾ

ਵਿਰੋਧੀ ਪਾਰਟੀਆਂ ਅਤੇ ਆਪਣੀ ਹੀ ਪਾਰਟੀ ਦੇ ਕੁਝ ਸਾਥੀਆਂ ਵੱਲੋਂ ਕੀਤੇ ਜਾ ਰਹੇ ਵਿਰੋਧ ਦਾ ਸਾਹਮਣਾ ਕਰ ਰਹੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਵਿਰੋਧੀਆਂ ਨੂੰ ਮਾਤ ਦੇਣ ਲਈ ਮਜ਼ਬੂਤ ਮੁਹਿੰਮ ਛੇੜੀ ਹੋਈ ਹੈ। ਭਾਵੇਂ ਉਨ੍ਹਾਂ ਨੂੰ ਆਪਣੇ ਨੇੜਲੇ ਸਾਥੀ ਰਾਣਾ ਗੁਰਜੀਤ ਸਿੰਘ ਦੇ ਰੇਤ ਖਣਨ ਸੌਦਿਆਂ ਵਿੱਚ ਭ੍ਰਿਸ਼ਟਾਚਾਰ ਦੇ ਦੋਸ਼ ਲੱਗਣ ਕਾਰਨ ਅਸਤੀਫ਼ਾ ਦੇਣ ਲਈ ਮਜਬੂਰ ਹੋਣ ਅਤੇ ਮੁੱਖ ਪ੍ਰਿੰਸੀਪਲ ਸਕੱਤਰ ਸੁਰੇਸ਼ ਕੁਮਾਰ ਦੀ ਨਿਯੁਕਤੀ ਹਾਈ ਕੋਰਟ ਵੱਲੋਂ ਰੱਦ ਕੀਤੇ ਜਾਣ ਕਾਰਨ ਦੋ ਅਹਿਮ ਝਟਕੇ ਲੱਗੇ, ਪ੍ਰੰਤੂ ਉਨ੍ਹਾਂ ਨੇ ਇਨ੍ਹਾਂ ਦੀ ਪਰਵਾਹ ਨਹੀਂ ਕੀਤੀ। ਉਨ੍ਹਾਂ ਨੇ ਹਾਲਾਤ ਦਾ ਸਾਹਮਣਾ ਕਰਨ ਲਈ ਆਪਣੇ ਆਪ ਨੂੰ ਤਿਆਰ ਕਰ ਲਿਆ ਹੈ।

ਪੰਜਾਬ ਦੇ ਹਾਲਾਤ ਕਾਬੂ ਹੇਠ ਲਿਆਉਣ ਅਤੇ ਲੋਕਾਂ ਦੇ ਮਨਾਂ ਵਿੱਚੋਂ ਗੈਂਗਸਟਰਾਂ ਦੀਆਂ ਸਰਗਰਮੀਆਂ ਕਾਰਨ ਫੈਲੇ ਭੈਅ ਨੂੰ ਦੂਰ ਕਰਨ ਲਈ ਉਨ੍ਹਾਂ ਪੁਲੀਸ ਨੂੰ ਹੋਰ ਸਰਗਰਮ ਕੀਤਾ। ਉਨ੍ਹਾਂ ਪੁਲੀਸ ਨੂੰ ਹਦਾਇਤ ਦਿੱਤੀ ਕਿ ਉਹ ਗੈਂਗਸਟਰਾਂ ਵੱਲੋਂ ਮੰਗੀਆਂ ਜਾ ਰਹੀਆਂ ਫਿਰੌਤੀਆਂ, ਲੁੱਟਾਂ-ਖੋਹਾਂ, ਅਗਵਾ ਅਤੇ ਹੱਤਿਆਵਾਂ ਦੀਆਂ ਘਟਨਾਵਾਂ ਰੋਕਣ ਲਈ ਸਖ਼ਤ ਕਦਮ ਉਠਾਏ ਤਾਂ ਜੋ ਲੋਕਾਂ ਦਾ ਸ਼ਾਸਨ ਵਿੱਚ ਭਰੋਸਾ ਬਹਾਲ ਹੋ ਸਕੇ। ਪੰਜਾਬ ਪੁਲੀਸ ਨੂੰ ਕੁਝ ਸਫਲਤਾਵਾਂ ਵੀ ਮਿਲੀਆਂ ਹਨ ਜਿਨ੍ਹਾਂ ਵਿੱਚ ਖ਼ਤਰਨਾਕ ਤੇ ਲੋੜੀਂਦੇ ਗੈਂਗਸਟਰ ਵਿੱਕੀ ਗੌਂਡਰ ਨੂੰ ਮਾਰ-ਮੁਕਾਉਣਾ ਸ਼ਾਮਲ ਹੈ। ਗੌਂਡਰ ਤੇ ਉਸਦੇ ਦੋ ਸਾਥੀਆਂ ਦੀ ਪੁਲੀਸ ਮੁਕਾਬਲੇ ਵਿੱਚ ਮੌਤ ਹੋਣ ਬਾਅਦ ਕਈ ਹੋਰ ਗੈਂਗਸਟਰਾਂ ਨੇ ਆਤਮ-ਸਮਰਪਣ ਕਰਨਾ ਸ਼ੁਰੂ ਕਰ ਦਿੱਤਾ ਤਾਂ ਜੋ ਕਿਤੇ ਉਨ੍ਹਾਂ ਦਾ ਅੰਤ ਵੀ ਮੁਕਾਬਲਿਆਂ ਵਿੱਚ ਨਾ ਹੋ ਜਾਵੇ। ਪੰਜਾਬ ਪੁਲੀਸ ਨੇ ਗੈਂਗਸਟਰਾਂ ਨਾਲ ਸਿੱਝਣ ਲਈ ਜਿਹੜੀ ਰਣਨੀਤੀ ਘੜੀ ਹੈ, ਉਨ੍ਹਾਂ ਵਿੱਚ ਪੁਲੀਸ ਦੇ ਉੱਚ ਅਧਿਕਾਰੀਆਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਪਿਛਲੇ ਦਸ ਮਹੀਨਿਆਂ ਦੌਰਾਨ ਪੁਲੀਸ ਨੇ ਅੱਠ ਨਾਮੀ ਗੈਂਗਸਟਰਾਂ ਨੂੰ ਮੁਕਾਬਲਿਆਂ ਵਿੱਚ ਮਾਰਿਆ ਅਤੇ 27 ਹੋਰ ਲੋੜੀਂਦੇ ਗੈਂਗਸਟਰ ਕਾਬੂ ਕੀਤੇ ਹਨ। ਗੈਂਗਸਟਰਾਂ ਖ਼ਿਲਾਫ਼ ਇਹ ਮੁਹਿੰਮ ਪੂਰੀ ਤਾਕਤ ਨਾਲ ਜਾਰੀ ਹੈ। ਮੁੱਖ ਮੰਤਰੀ ਦੇ ਹੱਕ ਵਿੱਚ ਇਹ ਗੱਲ ਜਾਂਦੀ ਹੈ ਕਿ ਉਹ ਸੁਲਝੇ ਹੋਏ ਵਿਅਕਤੀ ਹਨ ਅਤੇ ਕੋਈ ਵੀ ਗ਼ਲਤ ਗੱਲ ਬਰਦਾਸ਼ਤ ਨਹੀਂ ਕਰਦੇ। ਉਹ ਹਾਂਦਰੂ ਸੁਝਾਵਾਂ ਦਾ ਸਵਾਗਤ ਕਰਦੇ ਹਨ। ਰੇਤ ਖਣਨ ਧਾਂਦਲੀ ਵਿੱਚ ਸ਼ਾਮਲ ਹੋਣ ਦੇ ਦੋਸ਼ਾਂ ਕਾਰਨ ਰਾਣਾ ਗੁਰਜੀਤ ਸਿੰਘ ਦਾ ਕੈਬਨਿਟ ਵਿੱਚੋਂ ਬਾਹਰ ਹੋਣਾ ਕੈਪਟਨ ਅਮਰਿੰਦਰ ਸਿੰਘ ਲਈ ਵੱਡਾ ਝਟਕਾ ਸੀ। ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਸੁਖਪਾਲ ਸਿੰਘ ਖਹਿਰਾ ਨੇ ਇਸ ਮੁੱਦੇ ਨੂੰ ਜ਼ੋਰਦਾਰ ਢੰਗ ਨਾਲ ਉਠਾਇਆ ਅਤੇ ਇਸ ਸਬੰਧੀ



ਸ਼ਿਕਾਇਤ ਕਾਂਗਰਸ ਦੇ ਕੌਮੀ ਪ੍ਰਧਾਨ ਰਾਹੁਲ ਗਾਂਧੀ ਤਕ ਉਠਾਈ। ਸ੍ਰੀ ਗਾਂਧੀ ਨੇ ਧਾਂਦਲੀ ਦੇ ਦੋਸ਼ਾਂ ਨੂੰ ਗੰਭੀਰਤਾ ਨਾਲ ਲੈਂਦਿਆਂ ਕੈਪਟਨ ਅਮਰਿੰਦਰ ਸਿੰਘ ਨੂੰ ਰਾਣਾ ਗੁਰਜੀਤ ਸਿੰਘ ਦਾ ਅਸਤੀਫ਼ਾ ਲੈਣ ਲਈ ਕਿਹਾ। ਕੈਪਟਨ ਲਈ ਰਾਹੁਲ ਗਾਂਧੀ ਦਾ ਹੁਕਮ ਨਾ ਮੰਨਣਾ ਸੰਭਵ ਨਹੀਂ ਸੀ, ਇਸ ਲਈ ਰਾਣਾ ਗੁਰਜੀਤ ਸਿੰਘ ਨੂੰ ਅਸਤੀਫ਼ਾ ਦੇਣ ਲਈ ਮਜਬੂਰ ਹੋਣਾ ਪਿਆ।

ਰਾਣਾ ਗੁਰਜੀਤ ਸਿੰਘ ਵੱਲੋਂ ਆਪਣੇ ਮਿੱਤਰ ਮੁੱਖ ਮੰਤਰੀ ਲਈ ਸ਼ਰਮਿੰਦਗੀ ਸਹਿਣ ਵਰਗੇ ਹਾਲਾਤ ਪੈਦਾ ਕਰਨਾ ਮੂਰਖਤਾ ਵਾਲੀ ਗੱਲ ਸੀ। ਉਨ੍ਹਾਂ ਨੂੰ ਅਜਿਹੇ ਸਕੈਂਡਲ ਤੋਂ ਦੂਰ ਰਹਿਣਾ ਚਾਹੀਦਾ ਸੀ ਕਿਉਂਕਿ ਕਾਂਗਰਸ ਦਸ ਸਾਲ, ਅਕਾਲੀ-ਭਾਜਪਾ ਗਠਜੋੜ ਦੀ ਸਰਕਾਰ ਸਮੇਂ ਉਸ ਉੱਪਰ ਵੀ ਜ਼ੋਰਦਾਰ ਢੰਗ ਨਾਲ ਅਜਿਹੇ ਦੋਸ਼ ਲਾਉਂਦੀ ਆਈ ਸੀ।

ਕੈਪਟਨ ਲਈ ਦੂਜਾ ਵੱਡਾ ਝਟਕਾ ਮੁੱਖ ਪ੍ਰਿੰਸੀਪਲ ਸਕੱਤਰ ਸੁਰੇਸ਼ ਕੁਮਾਰ ਦੀ ਨਿਯੁਕਤੀ ਨੂੰ ਹਾਈ ਕੋਰਟ ਵੱਲੋਂ ਰੱਦ ਕਰਨਾ ਸੀ। ਪੰਜਾਬ ਸਰਕਾਰ ਦੇ ਸੇਵਾਮੁਕਤ ਆਈ ਏ ਐੱਸ ਅਧਿਕਾਰੀ ਸੁਰੇਸ਼ ਕੁਮਾਰ ਦੀ ਪਛਾਣ ਇਮਾਨਦਾਰ ਅਧਿਕਾਰੀ ਵਜੋਂ ਕਾਇਮ ਹੋਈ ਅਤੇ ਉਹ ਜਿਸ ਵੀ ਅਹੁਦੇ ਉੱਪਰ ਤਾਇਨਾਤ ਰਹੇ, ਪੂਰੀ ਇਮਾਨਦਾਰੀ ਨਾਲ ਡਿਊਟੀ ਨਿਭਾਉਂਦੇ ਰਹੇ। ਇਸੇ ਕਰਕੇ ਕੈਪਟਨ ਨੇ ਉਨ੍ਹਾਂ ਨੂੰ ਮੌਜੂਦਾ ਕਾਰਜਕਾਲ ਦੌਰਾਨ ਆਪਣਾ ਮੁੱਖ ਪ੍ਰਿੰਸੀਪਲ ਸਕੱਤਰ ਨਿਯੁਕਤ ਕੀਤਾ ਸੀ। ਪ੍ਰੰਤੂ ਪੰਜਾਬ ਦੀ ਅਫ਼ਸਰਸ਼ਾਹੀ ਨੂੰ ਇਹ ਰਾਸ ਨਹੀਂ ਆਇਆ ਤੇ ਉਹ ਚਾਹੁੰਦੀ ਸੀ ਕਿ ਸੁਰੇਸ਼ ਕੁਮਾਰ ਇਸ ਅਹੁਦੇ 'ਤੇ ਨਾ ਰਹਿਣ।

ਪਿਛਲੇ ਇੱਕ ਮਹੀਨੇ ਤੋਂ ਪੰਜਾਬ ਕੈਬਨਿਟ ਅੰਦਰ ਮਤਭੇਦਾਂ ਦੀਆਂ ਅਫ਼ਵਾਹਾਂ ਵੀ ਜ਼ੋਰਾਂ 'ਤੇ ਹਨ। ਇਹ ਅਫ਼ਵਾਹਾਂ ਉਸ ਸਮੇਂ ਸਿਖਰ 'ਤੇ ਪਹੁੰਚ ਗਈਆਂ ਜਦੋਂ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਇਹ ਆਵਾਜ਼ ਉਠਾਈ ਕਿ ਅੰਮ੍ਰਿਤਸਰ-ਜਲੰਧਰ ਤੇ ਪਟਿਆਲਾ ਦੇ ਮੇਅਰਾਂ ਦੀ ਚੋਣ ਲਈ ਕਾਂਗਰਸ ਦੇ ਉਮੀਦਵਾਰ ਚੁਣਨ ਦੀ ਪ੍ਰਕਿਰਿਆ ਵਿੱਚ ਉਨ੍ਹਾਂ ਨੂੰ ਸ਼ਾਮਲ ਨਹੀਂ ਕੀਤਾ ਗਿਆ। ਇਹ ਵਿਵਾਦ ਆਰਜ਼ੀ ਤੌਰ 'ਤੇ ਫ਼ਿਲਹਾਲ ਟਲ ਗਿਆ ਹੈ। ਇਹ ਸਾਰੇ ਜਾਣਦੇ ਹਨ ਕਿ ਨਵਜੋਤ ਸਿੰਘ ਸਿੱਧੂ ਇੱਕ ਕਾਬਲ ਮੰਤਰੀ ਹਨ ਅਤੇ ਉਹ ਬਾਦਲਾਂ ਤੇ ਮੋਦੀ ਖ਼ਿਲਾਫ਼ ਖੁੱਲ੍ਹ ਕੇ ਬੋਲਦੇ ਆ ਰਹੇ ਹਨ।

ਵਿੱਤ ਮੰਤਰੀ ਮਨਪ੍ਰੀਤ ਸਿੰਘ ਬਦਲ ਵੀ ਆਪਣੇ ਅੰਦਾਜ਼ ਵਿੱਚ ਮੋਦੀ ਸਰਕਾਰ ਉੱਪਰ ਸਹਿਯੋਗ ਨਾ ਕਰਨ ਦੇ ਦੋਸ਼ ਖੁੱਲ੍ਹ ਕੇ ਲਾਉਂਦੇ ਹਨ। ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਦਾ ਇਹ ਦੁਖਾਂਤ ਹੈ ਕਿ ਉਹ ਇਹ ਤੱਥ ਅਜੇ ਵੀ ਮੰਨਣ ਤੋਂ ਇਨਕਾਰੀ ਹੈ ਕਿ ਉਹ ਸੱਤਾ ਵਿੱਚੋਂ ਬਾਹਰ ਹਨ ਅਤੇ ਲੋਕਾਂ ਨੇ ਉਨ੍ਹਾਂ ਨੂੰ ਬੁਰੀ ਤਰ੍ਹਾਂ ਠੁਕਰਾਇਆ ਹੋਇਆ ਹੈ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਅਮਰਿੰਦਰ ਸਰਕਾਰ ਖ਼ਿਲਾਫ਼ ਮੋਰਚਾ ਖੋਲ੍ਹਿਆ ਹੋਇਆ ਹੈ ਕਿ ਇਹ ਵਿਧਾਨ ਸਭਾ ਚੋਣਾਂ ਦੌਰਾਨ ਕੀਤੇ ਵਾਅਦਿਆਂ ਉੱਪਰ ਹੁਣ ਅਮਲ ਨਹੀਂ ਕਰ ਰਹੀ। ਉਹ ਹੁਣ ਲੋਕਾਂ ਦੇ ਨਾਇਕ ਬਣਨ ਦਾ ਯਤਨ ਕਰ ਰਹੇ ਹਨ, ਪਰ ਪੰਜਾਬ ਦੇ ਲੋਕ ਉਨ੍ਹਾਂ ਦੀ ਦਸ-ਸਾਲਾ ਸੱਤਾ ਕਾਰਗੁਜ਼ਾਰੀ ਤੋਂ ਭਲੀ-ਭਾਂਤ ਜਾਣੂੰ ਹਨ।

ਦੂਜੇ ਪਾਸੇ ਪੰਜਾਬ ਕਾਂਗਰਸ ਦੀ ਲੀਡਰਸ਼ਿਪ ਅਕਾਲੀਆਂ ਦੇ ਪ੍ਰਾਪੇਗੰਡੇ ਦਾ ਮੁਕਾਬਲਾ ਕਰਨ ਲਈ ਕੋਈ ਕਦਮ ਨਹੀਂ ਉਠਾ ਰਹੀ। ਉੱਪਰੋਂ ਯੂ.ਪੀ. ਦੀ ਸ਼ਿੰਭੋਲੀ ਸ਼ੂਗਰ ਮਿਲ ਦੇ ਕਰਜ਼ ਘੁਟਾਲੇ ਵਿੱਚ ਕੈਪਟਨ ਦੇ ਦਾਮਾਦ ਦਾ ਨਾਮ ਆਉਣ ਨੇ ਮੁੱਖ ਮੰਤਰੀ ਦੀ ਸਿਰਦਰਦੀ ਵਧਾ ਦਿੱਤੀ ਹੈ।

ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਪਾਰਟੀ ਦੇ ਪੁਨਰਗਠਨ ਵੱਲ ਵੀ ਧਿਆਨ ਨਹੀਂ ਦੇ ਰਹੇ। ਪਾਰਟੀ ਨੂੰ ਅਜਿਹੀ ਸੁਸਤੀ ਵਾਰਾ ਨਹੀਂ ਖਾਏਗੀ। ਉਨ੍ਹਾਂ ਨੂੰ ਆਪਣੇ ਪਿਤਾ ਬਲਰਾਮ ਜਾਖੜ ਦੀ ਤਰ੍ਹਾਂ ਤਨਦੇਹੀ ਨਾਲ ਕੰਮ ਕਰਦਿਆਂ ਹੁਣੇ ਤੋਂ 2019 ਦੀਆਂ ਲੋਕ ਸਭਾ ਚੋਣਾਂ ਲਈ ਤਿਆਰੀ ਸ਼ੁਰੂ ਕਰਨੀ ਹੋਵੇਗੀ।

# ਪੰਜਾਬ ਨਾਲ ਹੁੰਦੀਆਂ ਵਧੀਕੀਆਂ ਦੇ ਜ਼ਿੰਮੇਵਾਰ ਕੌਣ?

ਸੰਨ 1978 ਤੋਂ ਲੈ ਕੇ 1993 ਤਕ, ਪੰਜਾਬ ਵੱਡੇ ਸੰਤਾਪ ਵਿਚੋਂ ਲੰਘਿਆ ਹੈ। ਅਕਾਲੀ ਦਲ ਵਲੋਂ ਪੰਜਾਬ ਦੀਆਂ ਮੰਗਾਂ ਪ੍ਰਤੀ ਮੋਰਚੇ, ਖਾੜਕੂਵਾਦ ਦਾ ਜ਼ੋਰ, ਹਰਿਮੰਦਰ ਸਾਹਿਬ ਉਤੇ ਫ਼ੌਜੀ ਹਮਲਾ, ਹਜ਼ਾਰਾਂ ਸਿੱਖ ਨੌਜੁਆਨਾਂ, ਯਾਤਰੂਆਂ ਦਾ ਮਾਰਿਆ ਜਾਣਾ ਅਤੇ ਪੁਲਿਸਦੀਆਂ ਸਖ਼ਤਈਆਂ ਨੇ ਪੰਜਾਬ ਨੂੰ ਝੰਜੋੜੀ ਰਖਿਆ ਹੈ।ਪੰਜਾਬ ਦੀਆਂ ਮੰਗਾਂ, ਜਿਨ੍ਹਾਂ ਕਰ ਕੇ ਮੋਰਚੇ ਲੱਗੇ ਅਤੇ ਸੰਘਰਸ਼ ਹੋਇਆ, ਨੂੰ ਤਿੰਨ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ। ਰਾਜਨੀਤਕ ਵਿਸ਼ੇ ਵਿਚ ਸਨ ਚੰਡੀਗੜ੍ਹ ਅਤੇ ਪੰਜਾਬੀ ਬੋਲਦੇ ਇਲਾਕਿਆਂ ਦੀ ਪੰਜਾਬ ਵਿਚ ਸ਼ਮੂਲੀਅਤ। ਆਰਥਕ ਵਿਸ਼ੇ ਸਨ ਨਹਿਰੀ ਪਾਣੀ ਦੇ ਪ੍ਰਵਾਨਤ ਹੱਕਾਂ ਦੀ ਮਹਿਫ਼ੂਜ਼ਤਾ ਅਤੇ ਧਾਰਮਕ ਵਿਸ਼ਿਆਂ 'ਚ ਸਨ ਸਿੱਖ ਗੁਰਦਵਾਰਾ ਐਕਟ ਵਿਚ ਤਰਮੀਮਾਂ ਅਤੇ ਅੰਮ੍ਰਿਤਸਰ ਸ਼ਹਿਰ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦੇਣ ਦਾ ਐਲਾਨ। ਬਹੁਤ ਹੀ ਗੰਭੀਰਤਾ ਨਾਲ ਸੋਚੀਏ ਕਿ ਕੀ ਸਾਡੀਆਂ ਉਨ੍ਹਾਂ ਸਾਰੀਆਂ ਮੰਗਾਂ ਬਾਰੇ ਕਿਸੇ ਕਿਸਮ ਦੀ ਕੋਈ ਵੀ ਪ੍ਰਾਪਤੀ ਹੋਈ? ਲਿਖਤੀ ਸਮਝੌਤਾ ਹੋਣ ਦੇ ਬਾਵਜੂਦ ਅੱਜ ਵੀ ਚੰਡੀਗੜ੍ਹ ਇਕ ਕੇਂਦਰੀ ਸ਼ਹਿਰ ਹੈ ਅਤੇ ਪੰਜਾਬ ਨੂੰ ਨਹੀਂ ਦਿਤਾ ਗਿਆ। ਹਰਿਆਣੇ ਅਤੇ ਹਿਮਾਚਲ ਵਿਚ ਪੰਜਾਬੀ ਬੋਲਦੇ ਇਲਾਕਿਆਂ ਨੂੰ ਪੰਜਾਬ ਵਿਚ ਅੱਜ ਤਕ ਮਿਲਾਉਣ ਬਾਰੇ ਕੋਈ ਸੋਚ ਹੀ ਨਹੀਂ ਨਹੀਂ ਬਣਨ ਦਿਤੀ ਗਈ। ਦਰਿਆਈ ਪਾਣੀਆਂ ਦਾ ਮਸਲਾ ਜਿਉਂ ਦਾ ਤਿਉਂ ਹੀ ਹੈ। ਪਹਿਲਾਂ ਇਨ੍ਹਾਂ ਉਪਰੋਕਤ ਗੱਲਾਂ ਨੂੰ ਹੀ ਵਿਚਾਰ ਲਈਏ। ਸੰਨ 1984 ਤੋਂ ਬਾਅਦ ਤਿੰਨ ਵਾਰੀ ਅਕਾਲੀ ਸਰਕਾਰਾਂ ਪੰਜਾਬ ਦੀ ਸੱਤਾ ਚ ਆਈਆਂ ਹਨ। ਕੌਮ ਦੀ ਕਿੰਨੀ ਬਦਕਿਸਮਤੀ ਹੈ ਕਿ ਪੰਜਾਬ ਦੇ ਗੰਭੀਰ ਮਸਲਿਆਂ, ਜਿਨ੍ਹਾਂ ਕਰ ਕੇ ਏਨੀ ਜੱਦੋਜਹਿਦ ਹੋਈ ਅਤੇ ਹਜ਼ਾਰਾਂ ਹੀ ਜਾਨਾਂ ਕੁਰਬਾਨ ਹੋਈਆਂ, ਬਾਰੇ ਸਾਡੇ ਅਕਾਲੀ ਲੀਡਰਾਂ ਨੂੰ ਕੋਈ ਚੇਤਾ ਹੀ ਨਾ ਰਿਹਾ। ਕੇਂਦਰ ਵਿਚ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਸੀ ਅਤੇ ਅਕਾਲੀ ਦਲ ਦੀ ਉਸ ਵਿਚ ਭਾਈਵਾਲੀ ਸੀ। ਉਹ ਸਰਕਾਰ ਕਈਆਂ ਪਾਰਟੀਆਂ ਅਤੇ ਸੰਗਠਨਾਂ ਦੇ ਸਹਿਯੋਗ ਨਾਲ ਬਣੀ ਸੀ। ਉਸ ਵੇਲੇ ਸਾਡੀ ਪਾਰਟੀ ਦੇ ਲੀਡਰ ਇਕ-ਅੱਧੀ ਕੇਂਦਰ ਦੀ ਵਜ਼ੀਰੀ ਲੈ ਕੇ ਸ਼ਾਂਤ ਹੋ ਗਏ ਅਤੇ ਅਪਣੀਆਂ ਮੰਗਾਂ, ਜਿਨ੍ਹਾਂ ਲਈ ਏਨੀਆਂ ਸ਼ਹਾਦਤਾਂ ਹੋਈਆਂ ਅਤੇ ਕੌਮ ਨੇ ਜ਼ਿਲਤ ਝੱਲੀ, ਸੱਭ ਕੁੱਝ ਭੁੱਲ ਗਏ। ਸਾਡੇ ਲੀਡਰ ਇਕੋ ਹੋਕਾ ਦਿੰਦੇ ਰਹੇ ਕਿ ਸਾਡਾ ਭਾਜਪਾ ਨਾਲ ਨਹੁੰ ਮਾਸ ਵਾਲਾ ਰਿਸ਼ਤਾ ਹੈ। ਇਹ ਰਿਸ਼ਤਾ ਤਾਂ ਜੰਮ ਜੰਮ ਰੱਖੋ, ਪਰ ਕੌਮ ਦੇ ਮੁਫ਼ਾਦ ਨੂੰ ਕਿਉਂ ਵਿਸਾਰਦੇ ਹੋ? ਕੀ ਇਸ ਦਾ ਕਿਸੇ ਕੋਲਜਵਾਬ ਹੈ?ਸਾਡੇ ਅਕਾਲੀ ਦਲ ਦੇ ਨੇਤਾ ਕੁੱਝ ਵੀ ਨਾ ਪ੍ਰਾਪਤ ਕਰ ਸਕਣ ਦੇ ਜ਼ਿੰਮੇਵਾਰ ਹਨ। ਇਕ ਗੱਲ ਠੀਕ ਹੈ ਕਿ ਕੇਂਦਰ ਵਿਚ ਸਥਾਪਤ ਕਾਂਗਰਸ ਸਰਕਾਰ, ਪੰਜਾਬ ਵਿਚ ਸਿੱਖਾਂ ਦੇ ਹੱਕਾਂ ਪ੍ਰਤੀ ਬੇਰੁਖ਼ੀ ਵਾਲਾ ਵਤੀਰਾ ਰਖਦੀ ਸੀ। ਪਰ ਇਹ ਵੀ ਤਾਂ ਠੀਕ ਹੈ ਕਿ ਸੰਤ ਲੌਂਗੋਵਾਲ ਦਾ ਲਿਖਤੀ ਸਮਝੌਤਾ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨਾਲ ਹੋਇਆ ਸੀ ਅਤੇ ਉਸਲਈ ਕੇਂਦਰ ਸਰਕਾਰ ਉਤੇ ਇਸ ਨੂੰ ਅਮਲ ਵਿਚ ਲਿਆਉਣ ਲਈ ਜ਼ੋਰ ਕਿਉਂ ਨਾ ਪਾਇਆ ਗਿਆ? ਆਂਧਰ ਪ੍ਰਦੇਸ਼ ਵਿਚੋਂ ਇਕ ਨਵਾਂ ਸੂਬਾ ਤੇਲੰਗਾਨਾ ਬਣਿਆ ਤਾਂ ਆਂਧਰ ਬਾਰੇ ਇਹ ਫ਼ੈਸਲਾ ਹੋਇਆ ਕਿ ਇਹ ਸੂਬਾ ਅਪਣੀ ਵਖਰੀ ਰਾਜਧਾਨੀ ਬਣਾਵੇਗਾ ਅਤੇ ਕੇਂਦਰ ਸਰਕਾਰ ਇਸ ਲਈ ਤਕਰੀਬਨ 70 ਫ਼ੀ ਸਦੀ ਦਾ ਖ਼ਰਚ ਕਰੇਗੀ। ਜੇ ਇਹ ਅਸੂਲ ਜਾਂ ਪ੍ਰਬੰਧ ਆਂਧਰ ਅਤੇ ਤੇਲੰਗਾਨਾ ਵਿਚ ਲਾਗੂ ਹੋ ਸਕਦਾ ਹੈ ਤਾਂ ਚੰਡੀਗੜ੍ਹ ਦੇ ਮਸਲੇ ਤੇ ਕਿਉਂ ਨਹੀਂ? ਕੋਈ ਸਾਡੀਆਂ ਮੰਗਾਂ ਥਾਲੀ ਵਿਚ ਪਰੋਸ ਕੇ ਤਾਂ ਨਹੀਂ ਦੇਵੇਗਾ, ਇਸ ਲਈ ਸਾਨੂੰ ਕਹਿਣਾ ਵੀ ਪਵੇਗਾ ਤੇ ਅੱਖਾਂ ਵੀ ਵਿਖਾਉਣੀਆਂ ਪੈਣਗੀਆਂ। ਬਸ਼ਰਤੇ ਲੀਡਰ ਸੱਚੇ-ਸੁੱਚੇ ਅਤੇ ਸਪੱਸ਼ਟ ਭਾਵਨਾ ਵਾਲੇ ਹੋਣ। ਪਿਛਲੇ ਚਾਰ ਸਾਲਾਂ ਤੋਂ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਅਗਵਾਈ ਵਾਲੀ ਨਰਿੰਦਰ ਮੋਦੀ ਦੀ ਸਰਕਾਰ ਹੈ। ਇਸ ਪਾਰਟੀ ਕੋਲ ਅਪਣਾ ਬਹੁਮਤ ਹੈ ਪਰ ਫਿਰ ਵੀ ਅਕਾਲੀ ਦਲ ਨਾਲ ਸਾਂਝ ਕਰ ਕੇ ਕੇਂਦਰੀ ਵਜ਼ਾਰਤ ਵਿਚ ਨੁਮਾਇੰਦਗੀ ਦਿੱਤੀ ਗਈ ਹੈ। ਅੱਜ ਹਰਿਆਣੇ ਵਿਚ ਵੀ ਭਾਜਪਾ ਦੀ ਸਰਕਾਰ ਹੈ। ਸਾਡੇ ਸਿੱਖ ਨੇਤਾ, ਪ੍ਰਧਾਨ ਮੰਤਰੀ ਉਤੇ ਦਬਾਅ ਕਿਉਂ ਨਹੀਂ



ਪਾਉਂਦੇ ਕਿ ਪੰਜਾਬੀਆਂ ਨੂੰ ਇਨਸਾਫ਼ ਦਿਉ ਅਤੇ ਹੱਕੀ ਮੰਗਾਂ ਦੀ ਪ੍ਰਵਾਨਗੀ ਹੋਵੇ? ਸੱਚੀ ਗੱਲ ਤਾਂ ਇਹ ਹੈ ਕਿ ਸਾਡੇ ਅਕਾਲੀ ਲੀਡਰਾਂ ਨੇ ਪਿਛਲੇ ਤਿੰਨ ਸਾਲ ਕੇਂਦਰ ਸਰਕਾਰ ਨੂੰ ਕੁੱਝ ਕਿਹਾ ਹੀ ਨਹੀਂ, ਕੋਈ ਮੰਗ ਨਹੀਂਰੱਖੀ। ਸ਼ਾਇਦ ਇਸ ਕਰ ਕੇ ਕਿ ਵਜ਼ਾਰਤ ਵਿਚ ਸਾਡੀ ਭਾਈਵਾਲੀ ਹੈ। ਅੱਜ ਅਕਾਲੀ ਲੀਡਰ ਕੁੱਝ ਕਹਿਣ ਜੋਗੇ ਹੀ ਨਹੀਂ ਰਹੇ। ਜਦੋਂ ਹੁਣ ਪੰਜਾਬ ਵਿਚ ਅਕਾਲੀ ਦਲ ਸੱਤਾ ਗੁਆ ਚੁਕਾ ਹੈ ਅਤੇ ਵਿਰੋਧੀ ਧਿਰ ਵਜੋਂ ਜੋ ਵੀ ਪ੍ਰਵਾਨ ਨਹੀਂ ਹੋ ਸਕਿਆ। ਬਾਕੀ ਪਾਰਟੀਆਂ ਤੋਂ ਕੁੱਝ ਸਬਕ ਸਿਖਣ ਦੀ ਲੋੜ ਹੈ। ਅੱਜ ਆਂਧਰ ਵਿਚ ਰਾਜ ਕਰਦੀ ਪਾਰਟੀ ਨੇ ਕੇਂਦਰ ਸਰਕਾਰ ਨੂੰ ਕਰੜੀ ਅੱਖ ਵਿਖਾਉਂਦਿਆਂ ਕਿਹਾ ਕਿ ਉਨ੍ਹਾਂ ਦੇ ਸੂਬੇ ਲਈ ਕੇਂਦਰ ਸਰਕਾਰ ਨੇ ਕੁੱਝ ਨਹੀਂ ਕੀਤਾ ਅਤੇ ਇਸ ਲਈ ਅਗਲੇਰੀਆਂ ਚੋਣਾਂ ਵਿਚ ਐਨ.ਡੀ.ਏ. ਦਾ ਸਾਥ ਨਾ ਦੇਣ ਬਾਰੇ ਸੋਚ ਸਕਦੇ ਹਨ। ਸ਼ਿਵ ਸੈਨਾ ਨੇ ਤਾਂ ਸਪੱਸ਼ਟ ਸ਼ਬਦਾਂ ਵਿਚ ਭਾਜਪਾ ਨਾਲ ਨਾਰਾਜ਼ਗੀ ਅਤੇ ਮਤਭੇਦ ਹੁੰਦਿਆਂ ਤੋੜ-ਵਿਛੋੜੇ ਦਾ ਐਲਾਨ ਵੀ ਕਰ ਦਿਤਾ ਹੈ। ਇਧਰੋਂ ਸਾਡੇ ਅਕਾਲੀ ਲੀਡਰਾਂ ਦਾ ਬਿਆਨ ਹੈ ਕਿ ਅਸੀ ਤਾਂ ਭਾਜਪਾ ਦੇ ਪੱਕੇ ਸਾਥੀ ਹਾਂ। ਕੇਂਦਰ ਵਿਚ ਭਾਜਪਾ ਸਰਕਾਰ ਵਾਲੇ ਫਿਰ ਸਾਡੀ ਗੱਲ ਕਿਉਂ ਸੁਣਨਗੇ?

ਅਕਾਲੀ ਦਲ ਦੇ ਇਕ ਸੰਸਦ ਮੈਂਬਰ ਨੇ ਗੱਲਬਾਤ ਕਰਦੇ ਦਸਿਆ ਕਿ ਅਸੀ ਫਸੇ ਹੋਏ ਹਾਂ, ਇਸ ਲਈ ਕਿ ਕਾਂਗਰਸ ਵੇਲੇ ਦੀ ਕੇਂਦਰ ਸਰਕਾਰ ਸਾਡੇ ਲਈ ਕੁੱਝ ਕਰਨਾ ਨਹੀਂ ਸੀ ਚਾਹੁੰਦੀ ਅਤੇ ਭਾਜਪਾ ਨਾਲਮਿੱਤਰਤਾ ਅਤੇ ਸਾਂਝ ਕਰਨਾ ਸਾਡੀ ਮਜਬੂਰੀ ਹੈ। ਇਸ ਗੱਲ ਦਾ ਸਿੱਧਾ ਜਵਾਬ ਹੈ ਕਿ ਅਸੀ ਅਪਣੀ ਕੋਈ ਕਮਜ਼ੋਰੀ ਨਾ ਉਨ੍ਹਾਂ ਅੱਗੇ ਰਖੀਏ। ਜੇਕਰ ਅਸੀ ਕੇਂਦਰੀ ਵਜ਼ਾਰਤ ਵਿਚ ਹਿੱਸੇਦਾਰੀ ਰਖਣੀ ਚਾਹੁੰਦੇ ਹਾਂ ਤਾਂ ਭਾਜਪਾ ਪ੍ਰਧਾਨ ਮੰਤਰੀ ਦੀ ਕੋਈ ਮਜਬੂਰੀ ਨਹੀਂ ਕਿ ਉਹ ਸਾਡੀ ਗੱਲ ਮੰਨਣ। ਧਿਆਨ ਨਾਲ ਸੋਚੀਏ ਕਿ ਮੋਦੀ ਸਰਕਾਰ ਦੇ ਤਿੰਨ ਸਾਲ ਦੌਰਾਨ ਜਦੋਂ ਪੰਜਾਬ ਵਿਚ ਅਕਾਲੀ-ਭਾਜਪਾ ਸਰਕਾਰ ਸੀ, ਪੰਜਾਬ ਨੂੰ ਕੀ ਕੁੱਝ ਵਿਸ਼ੇਸ਼ ਪੈਕੇਜ ਮਿਲਿਆ? ਜੇ ਇਹ ਗੱਲ ਹੈ ਤਾਂ ਫਿਰ ਕਿਸ ਗੱਲੋਂ ਉਨ੍ਹਾਂ ਨਾਲ ਨੇੜਤਾ ਰੱਖ ਕੇ ਅਧੀਨਗੀ ਸਵੀਕਾਰ ਕੀਤੀ ਹੋਈ ਹੈ? ਨਿਜੀ ਸਵਾਰਥਾਂ ਕਰ ਕੇ ਸਾਡੇ ਸਿੱਖ ਲੀਡਰਾਂ ਨੇ ਪੰਜਾਬ ਦੇ ਹਿਤਾਂ ਦੀ ਕੁਰਬਾਨੀ ਕਰ ਦਿਤੀ ਹੈ। ਗੱਲ ਇਥੇ ਹੀ ਨਹੀਂ ਮੁਕਦੀ। ਪੰਜਾਬ ਵਿਚ ਅੱਜ ਤੋਂ 10 ਸਾਲ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਕਾਂਗਰਸ ਦੀ ਸਰਕਾਰ ਸੀ। ਕੇਂਦਰ ਵਿਚ ਵੀ ਕਾਂਗਰਸ ਦੀ ਸਰਕਾਰ ਸੀ। ਇਹ ਗੱਲ ਕੈਪਟਨ ਅਮਰਿੰਦਰ ਸਿੰਘ ਦੇ ਹੱਕ ਅਤੇ ਸ਼ਾਨ ਵਿਚ ਜਾਂਦੀ ਹੈ ਕਿ ਉਨ੍ਹਾਂ ਨੇ ਜੂਨ ਵਿਚ ਦਰਬਾਰ ਸਾਹਿਬ ਸਮੂਹ ਉਤੇ ਫ਼ੌਜ ਚਾੜ੍ਹਨ ਵਿਰੁਧ ਕਾਂਗਰਸ ਤੋਂ ਅਸਤੀਫ਼ਾ ਦੇ ਦਿਤਾ ਸੀ। ਪੰਜਾਬ ਦੇ ਪਾਣੀਆਂ ਦੀ ਰਾਖੀ ਹਿਤ ਪੰਜਾਬ ਅਸੈਂਬਲੀ ਦਾ ਵਿਸ਼ੇਸ਼ ਇਜਲਾਸ ਬੁਲਾ ਕੇ ਪਿਛਲੇ ਸਾਰੇ ਨਿਰਦੇਸ਼ਾਂ ਨੂੰ ਰੱਦ ਕਰ ਦਿਤਾ ਸੀ। ਪਰ ਫਿਰ ਵੀ ਕੈਪਟਨ ਅਮਰਿੰਦਰ ਸਿੰਘ ਕੇਂਦਰ ਕੋਲੋਂ ਪੰਜਾਬ ਦੇ ਹਿਤਾਂ ਦੀ ਕੋਈ ਗੱਲ, ਸਮੇਤ ਚੰਡੀਗੜ੍ਹ ਦੀ ਸ਼ਮੂਲੀਅਤ ਦੀ, ਨਾ ਕਰਵਾ ਸਕੇ। ਇਹ ਕੈਪਟਨ ਅਮਰਿੰਦਰ ਸਿੰਘ ਦੀ ਕਮਜ਼ੋਰੀ ਅਤੇ ਕਾਂਗਰਸ ਦੀ ਸਿੱਖਾਂ ਪ੍ਰਤੀ ਸਦਭਾਵਨਾ ਦੀ ਘਾਟ ਕਰ ਕੇ ਹੀ ਸੀ।ਸਾਡੀ ਕੌਮ ਦੇ ਲੀਡਰਾਂ ਦੀ ਨਿਜੀ ਸਵਾਰਥ ਦੀ ਗੱਲ ਤਾਂ ਇਥੋਂ ਤਕ ਹੈ ਕਿ ਪੰਜਾਬ ਵਿਚ ਸ. ਸੁਰਜੀਤ ਸਿੰਘ ਬਰਨਾਲਾ ਸਰਕਾਰ 1985 ਤੇ 1986 ਵਿਚ ਸੀ। ਚੰਡੀਗੜ੍ਹ ਪੰਜਾਬ ਨੂੰ ਦੇਣ ਦਾ ਫ਼ੈਸਲਾ ਹੋ ਗਿਆ ਸੀ। ਯਾਦ ਰਖਿਉ ਕਿ ਰਾਜੀਵ ਲੌਂਗੋਵਾਲ ਅਕਾਰਡ (ਸਮਝੌਤੇ) ਵਿਚ ਬਰਨਾਲਾ ਅਤੇ ਬਲਵੰਤ ਸਿੰਘ, ਸੰਤ ਲੌਂਗੋਵਾਲ ਦੇ ਨਾਲ ਸਨ ਜਦੋਂ ਕਿਹਾ ਗਿਆ ਕਿ 26 ਜਨਵਰੀ 1986 ਨੂੰ ਚੰਡੀਗੜ੍ਹ ਪੰਜਾਬ ਨੂੰ ਦੇਣ ਦਾ ਐਲਾਨ ਹੋਵੇਗਾ। ਪਰ ਜੇ ਇੰਜ ਨਹੀਂ ਹੋਇਆ ਤਾਂ ਰੋਸ ਵਜੋਂ ਅਕਾਲੀ ਦਲ ਨੂੰ ਅਪਣੇ ਅਹੁਦਿਆਂ ਤੋਂ ਤਿਆਗ ਪੱਤਰ ਦੇਣਾ ਬਣਦਾ ਸੀ। ਜਦੋਂ ਬਰਨਾਲਾ ਜੀ ਨੂੰ ਪੁਛਿਆ ਗਿਆ ਤਾਂ ਜਵਾਬ ਸੀ ਕਿ ਅਸਤੀਫ਼ਾ ਦੇਣ ਨਾਲ ਅਬੋਹਰ ਫ਼ਾਜ਼ਿਲਕਾ, ਹਰਿਆਣੇ ਵਿਚ ਚਲਾ ਜਾਣਾ ਸੀ। ਅੱਜ ਪੰਜਾਬ ਸਰਕਾਰ ਦੀ ਆਰਥਕ ਸਥਿਤੀ ਸ਼ਰਮਨਾਕ ਹੱਦ ਤਕ ਪਹੁੰਚ ਗਈ ਹੈ। ਤਨਖ਼ਾਹਾਂ ਦੇਣ ਲਈ ਸਰਕਾਰ ਕੋਲ ਪੈਸਾ ਨਹੀਂ ਹੈ।

ਗ਼ਰੀਬ ਬਜ਼ੁਰਗਾਂ ਨੂੰ ਬੁਢਾਪਾ ਪੈਨਸ਼ਨ ਦੇਣ ਲਈ ਸਰਕਾਰ ਕੋਲ ਫ਼ੰਡ ਨਹੀਂ ਹਨ। ਮੁਰੰਮਤ ਖੁਣੋਂ ਟੁੱਟੀਆਂ ਸੜਕਾਂ, ਪਿੰਡਾਂ ਵਿਚ ਸਿਹਤ ਸਹੂਲਤਾਂ ਦੀ ਘਾਟ ਅਤੇ ਕੁੱਝ ਵੀ ਨਾ ਕਰ ਸਕਣਾ, ਪੰਜਾਬ ਸਰਕਾਰ ਉਤੇ ਇਕ ਧੱਬਾ ਹੈ। ਕੇਂਦਰ ਸਰਕਾਰ ਦੀ ਪੰਜਾਬ ਪ੍ਰਤੀ ਬੇਰੁਖ਼ੀ ਅਤੇ ਅਣਗੌਲਤਾ ਦੀ ਤਸਵੀਰ ਵੀ ਵੇਖਣੀ ਬਣਦੀ ਹੈ। ਜੇ ਪੰਜਾਬ ਦੇ ਹਿਤਾਂ ਨੂੰ ਅਣਗੌਲਿਆ ਜਾਂਦਾ ਹੈ ਤਾਂ ਸਾਡੇ ਅਕਾਲੀ ਅਤੇ ਕਾਂਗਰਸ ਦੇ ਸੰਸਦ ਮੈਂਬਰ ਕਿਉਂ ਨਹੀਂ ਬੋਲਦੇ? ਦੇਸ਼ ਦੇ ਰਿਜ਼ਰਵ ਬੈਂਕ ਨੇ ਪੰਜਾਬ ਕੋਲ 12 ਹਜ਼ਾਰ ਕਰੋੜ ਦੇ ਅਨਾਜ ਭੰਡਾਰ ਦੀ ਅਣਹੋਂਦ ਕਰ ਕੇ, ਇਹ ਰਕਮ ਭੈੜੇ ਕਰਜ਼ੇ ਵਿਚ ਪਾ ਦਿਤੀ। ਕੇਂਦਰ ਸਰਕਾਰ ਨੇ ਪੰਜਾਬ ਸਰਕਾਰ ਨੂੰ ਕਿਹਾ ਕਿ ਸੂਬੇ ਵਲ ਬਣਦੇ 31 ਹਜ਼ਾਰ ਕਰੋੜ, ਜਿਸ ਦੀ ਕੇਂਦਰ ਨੇ ਗਰੰਟੀ ਦਿਤੀ ਹੋਈ ਹੈ, ਭਾਵੇਂ ਕਰਜ਼ਾ ਚੁੱਕ ਕੇ ਹੀ ਸਹੀ ਪਰ ਵਾਪਸ ਕੀਤੀ ਜਾਵੇ। ਅਕਾਲੀ ਸਰਕਾਰ ਨੇ ਥੋੜੀ ਜਿਹੀ ਗੱਲ ਕੀਤੀ ਅਤੇ ਇਸ ਰਕਮ ਦੀ ਜਾਂਚ ਬਾਰੇ ਵੀ ਕਿਹਾ ਪਰ ਫਿਰ ਚੁੱਪ ਕਰ ਕੇ ਮੰਨ ਗਈ। ਇਹ 12 ਹਜ਼ਾਰ ਕਰੋੜ ਦੀ ਰਕਮ ਫਿਰ 31 ਹਜ਼ਾਰ ਕਰੋੜ ਕਿਵੇਂ ਬਣ ਗਈ, ਇਸ ਦਾ ਜਵਾਬ ਅਕਾਲੀ ਸਰਕਾਰ ਨੂੰ ਦੇਣਾ ਬਣਦਾ ਹੈ। ਜੇ ਇਸ ਦਾ ਹਿਸਾਬ ਰੱਖਿਆ ਹੁੰਦਾ ਅਤੇ ਪੰਜਾਬ ਦਾ ਦੇਣਾ ਨਹੀਂ ਸੀ ਬਣਦਾ ਤਾਂ ਪੰਜਾਬ ਸਰਕਾਰ ਨੂੰ ਉਸ ਵੇਲੇ ਦ੍ਰਿੜ ਸਟੈਂਡ ਲੈਂਦਿਆਂ ਕੇਂਦਰ ਨੂੰ ਅੱਖਾਂ ਵਿਖਾਉਣੀਆਂ ਚਾਹੀਦੀਆਂ ਸਨ, ਪਰ ਅਕਾਲੀ ਸਰਕਾਰ ਚੁੱਪ-ਚੁਪੀਤੇ ਮੰਨ ਗਈ ਕਿਉਂਕਿ ਅਗਲੇਰਾ ਅਨਾਜ ਚੁਕਾਈ ਦਾ ਸਮਾਂ ਸਿਰ ਤੇ ਆ ਗਿਆ ਸੀ। ਇੰਜ ਕੇਂਦਰ, ਪੰਜਾਬ ਨੂੰ ਬਲੈਕਮੇਲ ਕਰ ਰਿਹਾ ਸੀ ਅਤੇ ਸਾਡੇ ਲੀਡਰਾਂ ਵਿਚ ਜੁਰਅਤ ਨਾ ਹੋਈ ਕਿ ਕੇਂਦਰ ਦੇ ਵਿੱਤ ਮੰਤਰੀ ਨੂੰ ਕਰੜਾ ਜਵਾਬ ਦਿੰਦੇ। ਪੰਜਾਬ ਦੇ ਹਿਤਾਂ ਨੂੰ ਸਮੇਂ ਦੀ ਸਰਕਾਰ ਨੇ ਕੁਰਬਾਨ ਕਰ ਦਿਤਾ। ਅਜੋਕੀ ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਇਸ ਗੱਲ ਦੀ ਪੂਰੀ ਘੋਖ ਕਰੇ ਕਿ ਸਾਡਾ 12 ਹਜ਼ਾਰ ਕਰੋੜ ਰੁਪਏ ਦਾ ਅਨਾਜ ਭੰਡਾਰ ਕਿਵੇਂ ਖ਼ੁਰਦ-ਬੁਰਦ ਹੋਇਆ ਅਤੇ ਇਹ ਰਕਮ ਦੂਣ ਸਵਾਈ ਹੁੰਦੀ 31 ਹਜ਼ਾਰ ਕਰੋੜ ਤੇ ਕਿਵੇਂ ਅੱਪੜ ਗਈ? ਆਏ ਦਿਨ ਅਖ਼ਬਾਰਾਂ ਵਿਚ ਪੜ੍ਹਦੇ ਹਾਂ ਕਿ ਪੰਜਾਬ ਸਰਕਾਰ, ਕੇਂਦਰ ਕੋਲੋਂ ਕਿਸੇ ਨਾ ਕਿਸੇ ਢੰਗ ਨਾਲ ਸਹਾਇਤਾ ਅਤੇ ਜਾਂਚ ਦੀ ਸੂਰਤ ਵਿਚ ਕਰਜ਼ਾ ਵੀ ਮੰਗ ਰਹੀ ਹੈ। ਪੰਜਾਬ ਦਾ ਕਿਸਾਨ ਕਰਜ਼ੇ ਵਿਚ ਦਬਿਆ ਖ਼ੁਦਕੁਸ਼ੀਆਂ ਦੇ ਰਾਹ ਤੇ ਤੁਰ ਪਿਆ ਹੈ। ਪੰਜਾਬ

(ਬਾਕੀ ਸਫ਼ਾ 22 'ਤੇ)

# ਕੀ ਜਸਟਿਨ ਟਰੂਡੋ ਦੇ ਭਾਰਤ ਦੌਰੇ ਨੂੰ ਸਾਬੋਤਾਜ ਕਰਨ ਦੀ ਰਚੀ ਗਈ ਸੀ ਸਾਜਿਸ਼?

ਚੰਡੀਗੜ੍ਹ – ਵਿਸ਼ਵ ਭਰ ਦੇ ਸਿੱਖਾਂ ਦੇ ਮਨਾਂ ਵਿੱਚ ਭਾਰੀ ਸਤਿਕਾਰ ਤੇ ਪਿਆਰ ਵਾਲਾ ਰੁਤਬਾ ਹਾਸਲ ਕਰਨ ਵਾਲੇ ਜਸਟਿਨ ਟਰੂਡੋ ਵਲੋਂ ਹਾਲ ਵਿੱਚ ਹੀ ਕੀਤੇ ਗਏ ਭਾਰਤ ਦੇ ਦੌਰੇ ਨੂੰ 'ਅਤਿਵਾਦ' ਦੀ ਰੰਗਤ ਦੇ ਕੇ ਕੈਨੇਡਾ ਦੇ ਨੌਜਵਾਨ ਤੇ ਉਤਸ਼ਾਹੀ ਪ੍ਰਧਾਨ ਮੰਤਰੀ ਨੂੰ 'ਬਦਨਾਮ ਕਰਨ ਦੀ ਸਾਜਿਸ਼ ਭਾਰਤ ਸਰਕਾਰ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਇਸ਼ਾਰੇ ਉੱਤੇ ਉਸਦੇ ਦੇ ਸਲਾਹਕਾਰਾਂ ਨੇ ਰਚੀ ਸੀ। ਟਰੂਡੋ ਦੀ ਫੇਰੀ ਨੂੰ ਸਾਬੋਤਾਜ ਕਰਨ ਦੀ ਸਾਜਿਸ਼ ਅਸਲ ਵਿੱਚ ਨਿਆਂ ਤੇ ਇਨਸਾਫ਼ ਮੰਗਣ ਬਦਲੇ ਸਿੱਖਾਂ ਨੂੰ ਬਦਨਾਮ ਕਰਨ ਦੀ ਕੋਝੀ ਚਾਲ ਸੀ ਜੋ ਜੱਗ ਜ਼ਾਹਿਰ ਹੋਣ ਬਾਅਦ ਮੋਦੀ ਤੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ 'ਦਿੱਲੀ ਦਰਬਾਰ ਦੇ ਜੀ ਹਜ਼ੂਰੀਏ' ਵਾਲੇ ਵਤੀਰੇ ਵਿਰੁਧ ਵਿਦੇਸ਼ੀ ਸਿੱਖਾਂ 'ਚ ਸਖ਼ਤ ਨਾਰਾਜ਼ਗੀ ਪਾਈ ਜਾ ਰਹੀ ਹੈ। ਜਸਟਿਨ ਟਰੂਡੋ ਦੇ ਹਫ਼ਤੇ ਭਰ ਦੇ ਭਾਰਤ ਦੌਰੇ ਬਾਅਦ ਸਾਹਮਣੇ ਆਏ ਤੱਥਾਂ ਬਾਅਦ ਨਿਰਪੱਖ ਅਤੇ ਸਿੱਖ ਪੱਖੀ ਮੀਡੀਆ ਨੇ ਸਬੂਤਾਂ ਸਮੇਤ ਇਹ ਗੱਲ ਸਾਹਮਣੇ ਲਿਆਂਦੀ ਹੈ ਕਿ ਜਸਪਾਲ ਅਟਵਾਲ ਨਾਂ ਦੇ ਵਿਅਕਤੀ ਨੂੰ ਭਾਰਤ ਭੇਜਣ, ਕੈਨੇਡਾ ਦੇ ਪ੍ਰਧਾਨ ਦੇ ਡਿਨਰ 'ਚ ਸ਼ਮੂਲੀਅਤ ਦਾ ਸੱਦਾ, ਟਰੂਡੋ ਦੀ ਪਤਨੀ ਨਾਲ ਅਟਵਾਲ ਦੀ ਫੋਟੋ ਖਿੱਚ ਕੇ ਨਸ਼ਰ ਕਰਨ ਦੀ ਸਾਰੀ ਕਾਰਵਾਈ ਕੈਨੇਡਾ ਵਿਚਲੇ ਭਾਰਤੀ ਦੂਤਾਵਾਸ ਦੀ ਸੋਚੀ ਸਮਝੀ ਚਾਲ ਸੀ।

ਹੈਰਾਨੀ ਦੀ ਗੱਲ ਇਹ ਕਿ ਮੋਦੀ ਸਰਕਾਰ ਦੇ ਇਸ਼ਾਰੇ ਉੱਤੇ ਹੀ ਭਾਰਤ ਮੀਡੀਆ ਦੇ ਵੱਡੇ ਹਿੱਸੇ ਨੇ ਟਰੂਡੋ ਤੇ ਖਾਲਿਸਤਾਨ ਨੂੰ ਰਲਗੱਡ ਕਰਕੇ ਮਾਮਲੇ ਨੂੰ ਬਿਨ੍ਹਾਂ ਵਜ੍ਹਾ ਮਾਮਲਾ ਰਿੜਕਿਆ। ਅੱਗੋਂ 'ਵਾਸ਼ਿੰਗਟਨ ਪੋਸਟ' ਸਮੇਤ ਵਿਦੇਸ਼ੀ ਮੀਡੀਆ ਨੇ ਇਹੋ ਰਾਗ ਅਲਾਪਣ ਨੂੰ ਪਹਿਲ ਦਿੱਤੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਟਰੂਡੋ ਦੇ ਦੌਰੇ ਦੀ ਸ਼ੁਰੂਆਤ, ਗੁਜਰਾਤ ਅਤੇ ਪੰਜਾਬ ਪੁੱਜਣ ਤੱਕ 'ਰੁੱਖਾ ਵਤੀਰਾ ਅਪਣਾਉਣ' ਲੈ ਕੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਮੁਲਾਕਾਤ ਅਤੇ ਪੰਜਾਬੀ ਸਿੱਖਾਂ ਨਾਲ ਨੇੜਤਾ ਨੂੰ ਵੱਖਰੇ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ ਗਿਆ ਹੈ। ਵੈਨਕੂਵਰ ਤੋਂ ਸਾਬਕਾ ਖਾਲਿਸਤਾਨ ਪੱਖੀ ਅਤੇ ਅਪਰਾਧਿਕ ਪਿਛੋਕੜ ਦੇ ਜਸਪਾਲ ਅਟਵਾਲ ਦੀ ਡੈਲੀਗੇਸ਼ਨ ਅਤੇ ਕੈਨੇਡੀਅਨ ਹਾਈ ਕਮਿਸ਼ਨਰ ਵੱਲੋਂ ਸੱਦੇ ਸਮਾਗਮ ਵਿੱਚ ਸ਼ਮੂਲੀਅਤ ਸਭ ਤੋਂ ਵੱਡਾ ਮੁੱਦਾ ਰਿਹਾ। ਵਰਲਡ ਸਿੱਖ ਸੰਸਥਾ ਨੇ ਉਨ੍ਹਾਂ ਮੀਡੀਆ ਰਿਪੋਰਟਾਂ ਦਾ ਖੰਡਨ ਕੀਤਾ ਹੈ ਜਿਨ੍ਹਾਂ ਮੁਤਾਬਕ 'ਕੈਨੇਡਾ ਵਿੱਚ ਸਿੱਖ ਕੱਟੜਵਾਦ ਮੁੜ ਸਿਰ ਚੁੱਕ ਰਿਹਾ ਹੈ'।

ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤਾਂ ਭਾਰਤ ਦੀ ਹਫ਼ਤੇ ਭਰ ਦੀ ਫੇਰੀ ਤੋਂ ਖੱਟੇ-ਮਿੱਠੇ ਅਨੁਭਵ ਲੈ ਕੇ ਆਪਣੇ ਦੇਸ਼ ਪਰਤ ਚੁੱਕੇ ਹਨ, ਪਰ ਇਸ ਫੇਰੀ ਦੌਰਾਨ ਇਕ 'ਗਿਣੀ-ਮਿੱਥੀ' ਯੋਜਨਾ ਤਹਿਤ ਖਾਲਿਸਤਾਨ ਦੇ ਖੜ੍ਹੇ ਕੀਤੇ ਗਏ ਹਊਏ ਉੱਪਰ ਪਤਾ ਨਹੀਂ ਕਿੰਨਾ ਚਿਰ ਚਰਚਾ ਚਲਦੀ ਰਹੇ ਤੇ ਇਸ ਗ਼ੈਰ-ਮੁੱਦੇ ਨੂੰ ਮੁੱਦਾ ਬਣਾਏ ਜਾਣ ਕਾਰਨ ਸਿੱਖਾਂ, ਖਾਸ ਕਰ ਭਾਰਤ ਤੇ ਕੈਨੇਡਾ 'ਚ ਵਸਦੇ ਸਿੱਖਾਂ ਨੂੰ ਸ਼ਾਇਦ ਕਿਸੇ ਨਾ ਕਿਸੇ ਰੂਪ 'ਚ ਮਾੜੇ ਨਤੀਜਿਆਂ ਦਾ ਸਾਹਮਣਾ ਵੀ ਕਰਨਾ ਪਵੇ। ਕੈਨੇਡਾ ਵਿੱਚ ਸਿੱਖ ਭਾਈਚਾਰੇ ਦੀ ਸਮਾਜਿਕ ਅਹਿਮੀਅਤ ਤੇ ਰਾਜਸੀ ਸਾਖ਼ ਦਾ ਜ਼ਿਕਰ ਕਰਦਿਆਂ ਉਹ ਲਿਖਦੇ ਹਨ ਕਿ ਸਿੱਖਾਂ ਲਈ ਹੁਣ ਬਾਹਰਲਾ ਮੁਲਕ ਨਹੀਂ ਰਿਹਾ। ਕੈਨੇਡਾ ਦੇ ਹਰ ਖੇਤਰ ਵਿਚ ਸਿੱਖ ਬੜੇ ਸਹਿਜ ਤੇ ਸੁਭਾਵਕ ਹੋ ਕੇ ਵਿਚਰ ਸਕਦੇ ਹਨ। ਉਥੋਂ ਦੀ ਪਾਰਲੀਮੈਂਟ ਦੇ ਮੈਂਬਰ ਚੁਣੇ ਜਾਂਦੇ ਹਨ। ਫੈਡਰਲ ਸਰਕਾਰ ਵਿਚ 6 ਮੰਤਰੀ ਬਣੇ ਬੈਠੇ ਹਨ। ਅਦਾਲਤਾਂ 'ਚ ਜੱਜ ਤੇ ਸੂਬਿਆਂ 'ਚ ਪੁਲਿਸ ਮੁਖੀ ਵਰਗੇ ਅਹਿਮ ਅਹੁਦੇ ਸੰਭਾਲ ਰਹੇ ਹਨ।

ਸਭ ਤੋਂ ਅਚੰਭੇ ਭਰੀ ਗੱਲ ਕਿ ਇਕ ਸਾਬਤ ਸੂਰਤ ਸਿੱਖ ਸ. ਹਰਜੀਤ ਸਿੰਘ ਸੱਜਣ ਕੈਨੇਡਾ ਫੌਜ ਦਾ ਜਰਨੈਲ ਰਿਹਾ ਹੈ ਤੇ ਹੁਣ ਦੁਨੀਆ ਦੇ ਦੂਜੇ ਵੱਡੇ ਮੰਨੇ ਜਾਂਦੇ ਮੁਲਕ ਦੇ ਰੱਖਿਆ ਮੰਤਰੀ ਦੀ ਕਮਾਨ ਸੰਭਾਲੀ ਬੈਠਾ ਹੈ। ਬ੍ਰਿਟਿਸ਼ ਕੋਲੰਬੀਆ ਦੇ ਸਿੱਖਾਂ ਦੀ ਬੈਂਕ 'ਖਾਲਸਾ ਕਰੈਡਿਟ ਯੂਨੀਅਨ' ਸੂਬੇ ਦੀਆਂ ਬੈਂਕਾਂ 'ਚ ਮੋਹਰੀ ਹੈ। ਹੋਰ ਅਨੇਕਾਂ ਖੇਤਰਾਂ 'ਚ ਕੈਨੇਡੀਅਨ ਸਿੱਖ ਅੱਗੇ ਵਧ ਰਹੇ ਹਨ। ਇਹ ਮੁਲਕ ਹੈ ਜਿਥੇ ਕਦੇ ਕਿਸੇ ਨੂੰ ਗਿਲਾ-ਸ਼ਿਕਵਾ ਨਹੀਂ ਹੋਇਆ ਕਿ ਉਨ੍ਹਾਂ ਨੂੰ ਸਿੱਖ ਜਾਂ ਪੰਜਾਬੀ ਹੋਣ ਕਾਰਨ ਵਿਤਕਰੇ ਦਾ ਸਾਹਮਣਾ ਕਰਨਾ ਪਿਆ ਹੋਵੇ। ਗੋਰੀ ਵਸੋਂ ਵਾਂਗ ਸਿੱਖ ਵੀ ਕੈਨੇਡਾ ਵਾਸੀ ਹੋਣ ਉੱਪਰ ਮਾਣ ਕਰਨ ਲੱਗੇ ਹਨ।

ਕੈਨੇਡਾ 'ਚ ਵਿਚਾਰਾਂ ਦੇ ਪ੍ਰਗਟਾਵੇ ਦੀ ਖੁੱਲ੍ਹ ਅਤੇ ਵਿਚਾਰਾਂ ਦੇ ਮਤਭੇਦਾਂ ਨੂੰ ਸਹਾਰਨ ਦੀ ਬਿਰਤੀ ਕਾਰਨ ਉਥੇ ਕਿਸੇ ਉੱਪਰ ਵੀ ਦੇਸ਼ ਵਿਰੋਧੀ ਹੋਣ ਦਾ ਠੱਪਾ ਨਹੀਂ ਲਗਦਾ। ਕੈਨੇਡਾ ਦੇ ਵੱਡੇ ਸੂਬੇ ਕਿਊਬੈਕ ਦੇ ਕਾਫੀ ਲੋਕ ਆਪਣੇ ਸੂਬੇ ਨੂੰ ਦੇਸ਼ ਤੋਂ ਵੱਖ ਕਰਨ ਦੀ ਮੰਗ ਉਠਾਉਂਦੇ ਰਹਿੰਦੇ ਹਨ ਤੇ ਕੁਝ ਸਾਲ ਪਹਿਲਾਂ ਕੈਨੇਡਾ ਸਰਕਾਰ ਨੇ ਉਨ੍ਹਾਂ ਦੀ ਮੰਗ ਪ੍ਰਵਾਨ ਕਰਕੇ ਸਵੈ-ਨਿਰਣੇ ਦੇ ਅਧਿਕਾਰ ਹੇਠ ਮਤਦਾਨ ਦੀ ਖੁੱਲ੍ਹ ਵੀ ਦਿੱਤੀ ਸੀ। ਵੋਟਾਂ ਵਿਚ ਸੂਬੇ ਨੂੰ ਵੱਖ ਦੇਸ਼ ਬਣਾਉਣ ਵਾਲੇ ਹਾਰ ਗਏ, ਪਰ ਉਥੇ ਇਸ ਸਾਰੇ ਅਮਲ ਦੌਰਾਨ ਨਾ ਕਿਸੇ ਉੱਪਰ ਵੱਖਵਾਦ ਦਾ ਦੋਸ਼ ਲਗਾਇਆ ਗਿਆ ਤੇ ਨਾ ਦੇਸ਼ ਵਿਰੋਧੀ ਹੋਣ ਦਾ ਠੱਪਾ ਹੀ ਲਗਾਇਆ। ਕੈਨੇਡਾ ਤੇ ਭਾਰਤ 'ਚ ਵਿਚਰਨ ਵਾਲੀਆਂ ਬਹੁਤ ਸਾਰੀਆਂ ਅਹਿਮ ਸ਼ਖ਼ਸੀਅਤਾਂ ਦਾ ਮੰਨਣਾ ਹੈ ਕਿ ਪੰਜਾਬ 'ਚੋਂ ਖਾੜਕੂ ਲਹਿਰ ਸਮੇਂ ਕੈਨੇਡਾ ਗਏ ਸਿੱਖਾਂ 'ਚ ਆਮ ਕਰਕੇ ਸ਼ੁਰੂ ਵਿਚ ਭਾਰਤ ਵਿਰੋਧੀ ਭਾਵਨਾਵਾਂ ਸਨ ਤੇ ਕੁਝ ਖਾਲਿਸਤਾਨੀ ਅਨਸਰ ਉਨ੍ਹਾਂ ਦਾ ਲਾਭ ਵੀ ਲੈਂਦੇ ਰਹੇ ਹਨ, ਪਰ ਪਿਛਲੇ ਤਿੰਨ ਦਹਾਕਿਆਂ ਦੌਰਾਨ ਕੈਨੇਡੀਅਨ ਸਮਾਜ 'ਚ ਸਿੱਖਾਂ ਦੀ ਹੋਈ ਇਕਮਿਕਤਾ ਤੇ ਵੱਡੀ ਗਿਣਤੀ ਨਵੀਂ ਪੀੜ੍ਹੀ ਦੇ ਉਥੋਂ ਦੇ ਜੰਮਪਲ ਹੋਣ ਕਾਰਨ ਹੁਣ ਉਥੋਂ ਦੇ ਸਿੱਖਾਂ ਲਈ ਖਾਲਿਸਤਾਨ ਕੋਈ ਮੁੱਦਾ ਨਹੀਂ, ਸਗੋਂ ਉਸ ਸਮਾਜ ਵਿਚ ਵੱਡੀਆਂ ਪ੍ਰਾਪਤੀਆਂ ਹਾਸਲ ਕਰਨ ਵੱਲ ਰੁਚਿਤ ਹਨ ਤੇ ਪਿਛਲੇ ਡੇਢ ਦਹਾਕੇ ਵਿਚ ਕੀਤੀਆਂ ਵੀ ਹਨ।



ਇਨ੍ਹਾਂ ਆਗੂਆਂ ਦਾ ਕਹਿਣਾ ਹੈ ਕਿ ਕੈਨੇਡਾ 'ਚ ਕੋਈ ਟਾਵਾਂ ਵਿਰਲਾ ਖਾਲਿਸਤਾਨ ਦੀ ਗੱਲ ਕਰਨ ਵਾਲਾ ਹੋਵੇਗਾ, ਪਰ ਇਸ ਮੁੱਦੇ ਨੂੰ ਸਿੱਖਾਂ ਦਾ ਮੁੱਦਾ ਬਣਾਉਣਾ ਸਿੱਖਾਂ ਨਾਲ ਅਨਿਆਏ ਕਰਨ ਵਾਲੀ ਗੱਲ ਹੈ। ਅਸਲ ਵਿਚ ਕੈਨੇਡਾ ਦੇ ਸਿੱਖ ਆਗੂ ਖਾਲਿਸਤਾਨ ਨਹੀਂ, ਸਗੋਂ ਮਨੁੱਖੀ ਅਧਿਕਾਰਾਂ, ਨਿਆਂ ਤੇ ਇਨਸਾਫ਼ ਦੀ ਮੰਗ ਕਰਦੇ ਰਹਿੰਦੇ ਹਨ ਤੇ ਮੀਡੀਏ ਦੇ ਇਕ ਹਿੱਸੇ ਵਲੋਂ ਇਸੇ ਨੂੰ ਕਦੇ ਗਰਮ ਖਿਆਲੀ ਤੇ ਕਦੇ ਖਾਲਿਸਤਾਨੀ ਦਾ ਨਾਂਅ ਦਿੱਤਾ ਜਾਂਦਾ ਹੈ। ਬ੍ਰਿਟਿਸ਼ ਕੋਲੰਬੀਆ 'ਚ ਗੁਰਦੁਆਰਿਆਂ 'ਚ ਭਾਰਤੀ ਸਫ਼ਾਰਤਖਾਨਿਆ ਦੇ ਅਧਿਕਾਰੀਆਂ ਦੀ ਦਖ਼ਲਅੰਦਾਜ਼ੀ ਦਾ ਵਿਰੋਧ ਕਰਨ ਵਾਲੇ ਆਗੂ ਸ. ਗਿਆਨ ਸਿੰਘ ਗਿੱਲ ਦਾ ਕਹਿਣਾ ਹੈ ਕਿ ਉਂਟਾਰੀਓ ਅਸੰਬਲੀ ਨੇ 1984 ਦੇ ਸਿੱਖਾਂ ਦੇ ਕਤਲੇਆਮ ਨੂੰ ਨਸਲਕੁਸ਼ੀ ਵਜੋਂ ਮਾਨਤਾ ਦੇਣ ਦਾ ਮਤਾ ਪਾਸ ਕੀਤਾ ਹੈ ਤੇ ਸਿੱਖ ਇਹ ਵੀ ਮੰਗ ਕਰ ਰਹੇ ਹਨ ਕਿ ਨਸਲਕੁਸ਼ੀ ਦੇ ਜ਼ਿੰਮੇਵਾਰ ਲੋਕਾਂ ਨੂੰ ਸਜ਼ਾਵਾਂ ਦੇ ਕੇ ਸਿੱਖਾਂ ਨੂੰ ਇਨਸਾਫ ਦਿੱਤਾ ਜਾਵੇ। ਸਿੱਖਾਂ ਦੀ ਇਸ ਮੰਗ ਨੂੰ ਹੀ ਕਈ ਵਾਰ ਭਾਰਤ ਵਿਰੋਧੀ ਕਹਿ ਦਿੱਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਦੂਸਰੇ ਮੁਲਕਾਂ 'ਚ ਜਾ ਵਸੇ ਸਿੱਖਾਂ ਪ੍ਰਤੀ ਭਾਰਤ ਤ੍ਰਿਸਕਾਰ ਭਰੀ ਨੀਤੀ ਛੱਡੇ ਤੇ ਬਰਾਬਰਤਾ ਦੇ ਆਧਾਰ 'ਤੇ ਗੱਲ ਕਰੇ। ਦਿੱਲੀ ਦੇ ਸਿੱਖ ਆਗੂ ਤੇ ਸਾਬਕਾ ਰਾਜ ਸਭਾ ਮੈਂਬਰ ਸ. ਤਰਲੋਚਨ ਸਿੰਘ ਦਿੱਲੀ ਦਾ ਕਿਹਣਾ ਹੈ ਇਕ ਸਾਜਸ਼ ਹੇਠ ਖਾਲਿਸਤਾਨ ਦਾ ਹਊਆ ਖੜ੍ਹਾ ਕਰਕੇ ਜਸਟਿਨ ਟਰੂਡੋ ਤੇ ਉਸ ਨਾਲ ਆਏ ਵਫਦ ਦੀ ਅਹਿਮੀਅਤ ਨੂੰ ਰੋਲਣ ਦਾ ਯਤਨ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਪਹਿਲੀ ਵਾਰ ਹੈ ਕਿ ਕਿਸੇ ਵੱਡੇ ਦੇਸ਼ ਦਾ ਪ੍ਰਧਾਨ ਮੰਤਰੀ ਚਾਰ ਸਿੱਖ ਮੰਤਰੀਆਂ ਤੇ 14 ਪੰਜਾਬੀ ਪਾਰਲੀਮੈਂਟ ਮੈਂਬਰਾਂ ਤੇ ਸਿੱਖ ਪੱਤਰਕਾਰਾਂ ਦੀ ਭਾਰੀ ਟੋਲੀ ਲੈ ਕੇ ਪੁੱਜਿਆ। ਇਸ ਨਾਲ ਦੁਨੀਆ ਭਰ ਵਿਚ ਸਿੱਖਾਂ ਦੇ ਮਾਣ ਤੇ ਸਤਿਕਾਰ 'ਚ ਵਾਧਾ ਹੋਇਆ ਹੈ, ਪਰ ਭਾਰਤੀ ਪ੍ਰੈੱਸ ਦਾ ਵੱਡਾ ਹਿੱਸਾ ਸਾਜਿਸ਼ ਦਾ ਸ਼ਿਕਾਰ ਹੋ ਗਿਆ ਤੇ ਪਹਿਲਾਂ ਤਾਂ ਉਸ ਨੇ ਟਰੂਡੋ ਦੇ ਵਫ਼ਦ ਦੀ ਮਹਾਨਤਾ ਨੂੰ ਉਸ ਦੇ 'ਫਿੱਕੇ' ਸਨਮਾਨ ਹੇਠ ਦੱਬਣ ਦਾ ਹੋ-ਹੱਲਾ ਮਚਾਇਆ ਤੇ ਫਿਰ 30 ਸਾਲ ਪਹਿਲਾਂ ਹੋਈ ਘਟਨਾ 'ਚ ਸਜ਼ਾ ਯਾਫਤਾ ਇਕ ਸਾਬਕਾ ਖਾੜਕੂ ਜਸਪਾਲ ਅਟਵਾਲ ਦੀ ਮੁੰਬਈ 'ਚ ਸ੍ਰੀਮਤੀ ਟਰੂਡੋ ਨਾਲ ਤਸਵੀਰ ਤੇ ਪ੍ਰਧਾਨ ਮੰਤਰੀ ਦੇ ਡਿਨਰ 'ਚ ਸੱਦੇ ਦਾ ਏਨਾ ਬਾਤ ਦਾ ਬਤੰਗੜ ਬਣਾਇਆ ਜਿਵੇਂ ਕੈਨੇਡਾ ਖਾਲਿਸਤਾਨ ਬਣਾਉਣ ਆਇਆ ਹੋਵੇ ? ਉਨ੍ਹਾਂ ਕਿਹਾ ਕਿ ਟਰੂਡੋ ਦੀ ਥਾਂ ਸਵਾਲ ਤਾਂ ਭਾਰਤ ਸਰਕਾਰ ਉੱਪਰ ਹੋਣਾ ਚਾਹੀਦਾ ਹੈ ਕਿ ਉਸ ਨੂੰ ਵੀਜ਼ਾ ਕਿਵੇਂ ਦਿੱਤਾ ਗਿਆ?

ਅਟਵਾਲ ਪਹਿਲੀ ਵਾਰ ਭਾਰਤ ਨਹੀਂ ਆਇਆ, ਪਿਛਲੇ ਅਗਸਤ ਮਹੀਨੇ ਵੀ ਉਹ ਦਿੱਲੀ 'ਚ ਸੀ ਤੇ ਗੁਰਦੁਆਰਾ ਰਕਾਬ ਗੰਜ ਵਿਖੇ ਉਸ ਨੂੰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਨਮਾਨਿਤ ਵੀ ਕੀਤਾ ਸੀ। ਉਨ੍ਹਾਂ ਸਵਾਲ ਕੀਤਾ ਕਿ ਸੰਜੇ ਦੱਤ ਨੂੰ ਅੱਤਵਾਦੀ ਕਾਨੂੰਨ ਹੇਠ ਚਾਰ ਸਾਲ ਦੀ ਸਜ਼ਾ ਹੋਈ ਸੀ ਤੇ ਉਹ ਭੁਗਤ ਵੀ ਗਿਆ ਹੈ। ਹੁਣ ਉਹ ਵੱਡੀਆਂ-ਵੱਡੀਆਂ ਹਸਤੀਆਂ ਨਾਲ ਮਿਲਦਾ ਤੇ ਜੱਫੀਆਂ ਪਾਉਂਦਾ ਹੈ। ਕੀ ਉਸ ਨੂੰ ਵੀ ਦੇਸ਼ ਨਿਕਾਲੇ ਦੀ ਮੰਗ ਕੀਤੀ ਜਾਵੇਗੀ?

ਉੱਘੇ ਅਰਥ ਸ਼ਾਸਤਰੀ, ਚਿੰਤਕ ਤੇ ਕੇਂਦਰੀ ਯੂਨੀਵਰਸਿਟੀ ਬਠਿੰਡਾ ਦੇ ਚਾਂਸਲਰ ਸ.ਸਰਦਾਰਾ ਸਿੰਘ ਜੌਹਲ ਆਖਦੇ ਹਨ ਕਿ ਖਾਲਿਸਤਾਨ ਇਸ ਵੇਲੇ ਕੋਈ ਮੁੱਦਾ ਨਹੀਂ। ਦਫ਼ਨਾਏ ਮੁੱਦਿਆਂ ਨੂੰ ਜੀਵਤ ਕਰਨਾ ਬੇਵਕੂਫੀ ਤੋਂ ਵੱਧ ਕੁਝ ਨਹੀਂ। ਭਾਰਤ ਤੇ ਕੈਨੇਡਾ ਸਮੇਤ ਕਿਤੇ ਵੀ ਇਹ ਕੋਈ ਮਸਲਾ ਨਹੀਂ।

ਇਸ ਕਰਕੇ ਇਹ ਵਕਤੀ ਰੌਲਾ ਰੱਪਾ ਹੈ, ਕੁਝ ਦਿਨਾਂ ਬਾਅਦ ਕਿਸੇ ਨੇ ਯਾਦ ਨਹੀਂ ਕਰਨਾ। ਪਰ ਇਸ ਮਸਲੇ ਉੱਪਰ ਸਿਆਸਤ ਕਰਨਾ ਬੇਹੱਦ ਮੰਦਭਾਗਾ ਹੈ ? ਉਨ੍ਹਾਂ ਕਿਹਾ ਕਿ ਪੰਜਾਬ ਨੇ ਦਾਨਿਸ਼ਵਰੀ ਸੋਚ ਦੀ ਘਾਟ ਕਾਰਨ ਕੈਨੇਡਾ ਦੇ ਪ੍ਰਧਾਨ ਮੰਤਰੀ ਦੀ ਪੰਜਾਬ ਫੇਰੀ ਦੇ ਸੁਨਹਿਰੀ ਮੌਕੇ ਨੂੰ ਹੱਥੋਂ ਗੁਆ ਲਿਆ ਹੈ।

### ਭਾਰਤੀ ਦੂਤਾਵਾਸ ਦੇ ਅਧਿਕਾਰੀ ਨੇ ਟਰੂਡੋ ਦੇ ਦੌਰੇ ਦੌਰਾਨ ਰੱਖੀ ਪੂਰੀ ਨਿਗ੍ਹਾ

ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਹਫ਼ਤਾ ਭਰ ਫੇਰੀ ਦੌਰਾਨ ਕੈਨੇਡਾ 'ਚ ਭਾਰਤੀ ਦੂਤਾਵਾਸ 'ਚ ਤਾਇਨਾਤ ਇਕ ਸੀਨੀਅਰ ਅਧਿਕਾਰੀ ਦਾ ਪ੍ਰਛਾਵਾਂ ਬਣ ਕੇ ਘੁੰਮਦੇ ਰਹਿਣ ਦੀ ਜ਼ੋਰਦਾਰ ਚਰਚਾ ਹੈ ਗ਼ ਦੂਤਾਵਾਸ 'ਚ ਡਿਪਟੀ ਕਾਸਲੇਟ ਜਨਰਲ ਵਜੋਂ ਤਾਇਨਾਤ, ਪਰ ਕਾਸਲੇਟ ਜਨਰਲ ਨਾ ਹੋਣ ਕਾਰਨ ਸਾਰੀਆਂ ਤਾਕਤਾਂ ਮਾਣ ਰਿਹਾ ਇਹ ਅਧਿਕਾਰੀ ਕੈਨੇਡਾ ਦੇ ਸਿੱਖ ਭਾਈਚਾਰੇ ਵਿਚ ਪਹਿਲਾਂ ਹੀ ਕਾਫੀ ਚਰਚਿਤ ਹੈ।

ਦੱਸਿਆ ਜਾਂਦਾ ਹੈ ਕਿ ਜਸਟਿਨ ਟਰੂਡੋ ਦੀ ਫੇਰੀ ਉੱਪਰ ਖਾਲਿਸਤਾਨ ਦੇ ਪ੍ਰਛਾਵੇਂ ਦੀ ਚਾਦਰ ਤਾਣਨ ਲਈ ਇਸ ਅਧਿਕਾਰੀ ਦੀ ਚੋਣ ਕੀਤੀ ਗਈ ਤੇ ਇਕ ਪੂਰੀ ਯੋਜਨਾ ਤਹਿਤ ਇਹ ਅਧਿਕਾਰੀ ਟਰੂਡੋ ਦੀ ਫੇਰੀ ਤੋਂ ਇਕ ਹਫ਼ਤਾ ਪਹਿਲਾਂ ਭਾਰਤ ਪੁੱਜ ਗਿਆ ਸੀ।

ਇਹ ਅਧਿਕਾਰੀ ਪਹਿਲਾਂ ਹੀ ਮਿੱਥੇ ਪ੍ਰੋਗਰਾਮ ਮੁਤਾਬਿਕ 10 ਫਰਵਰੀ ਨੂੰ ਇਕ ਮੀਡੀਆ ਕਰਮੀ ਤੇ ਇਕ ਭਾਰਤੀ ਰਾਜਸੀ ਪਾਰਟੀ ਦੇ ਉਥੇ ਥਾਪੇ ਆਗੂ ਨਾਲ ਭਾਰਤ ਰਵਾਨਾ ਹੋਇਆ ਸੀ ਗ਼ ਵੱਖ-ਵੱਖ ਅਖ਼ਬਾਰਾਂ ਨੂੰ ਦਿੱਤੇ ਬਿਆਨਾਂ ਵਿਚ ਸਾਬਕਾ ਖਾੜਕੂ ਕਹੇ ਜਾਦੇ ਜਸਪਾਲ ਅਟਵਾਲ ਨੇ ਵੀ 11 ਫਰਵਰੀ ਨੂੰ ਹੀ ਭਾਰਤ ਪੁੱਜਣ ਦਾ ਦਾਅਵਾ ਕੀਤਾ ਹੈ। ਭਾਰਤੀ ਦੂਤਾਵਾਸ ਦੇ ਸੀਨੀਅਰ ਅਧਿਕਾਰੀ ਤੇ ਅਟਵਾਲ ਦੇ ਇਕੋ ਸਮੇਂ ਦਿੱਲੀ ਪੁੱਜਣ ਨੂੰ ਮਹਿਜ਼ ਇਤਫਾਕ ਨਹੀਂ ਮੰਨਿਆ ਜਾ ਰਿਹਾ ਗ਼ ਦੱਸਿਆ ਜਾਂਦਾ ਹੈ ਕਿ ਦੂਤਾਵਾਸ ਦਾ ਉਕਤ ਅਧਿਕਾਰੀ ਜਸਟਿਨ ਟਰੂਡੋ ਦੀ ਫੇਰੀ ਸਮੇਂ ਹਰ ਥਾਂ ਨਾਲ ਹੀ ਪ੍ਰਛਾਵੇਂ ਵਾਂਗ ਘੁੰਮਦਾ ਰਿਹਾ ਹੈ।

### ਅਟਵਾਲ ਤਾਂ ਭਾਰਤ ਸਰਕਾਰ ਦਾ ਚਹੇਤਾ

ਸਾਬਕਾ ਖਾੜਕੂ ਕਿਹਾ ਜਾ ਰਿਹਾ ਜਸਪਾਲ ਅਟਵਾਲ ਭਾਰਤ ਸਰਕਾਰ ਦੀ ਚਹੇਤਿਆਂ ਦੀ ਸੂਚੀ ਵਿਚ ਸ਼ਾਮਿਲ ਹੈ ਗ਼ ਵਿਦੇਸ਼ ਮੰਤਰਾਲੇ ਦੇ ਇਕ ਅਧਿਕਾਰੀ ਵਲੋਂ ਉਸ ਦਾ ਨਾਂਅ ਕਾਲੀ ਸੂਚੀ 'ਚੋਂ ਪਿਛਲੇ ਸਾਲ ਹੀ ਕੱਢੇ ਜਾਣ ਦਾ ਬੋਲਿਆ ਝੂਠ ਨੰਗਾ ਹੋ ਗਿਆ ਹੈ ਗ਼ ਅਟਵਾਲ ਪਿਛਲੇ ਸਾਲਾਂ 'ਚ ਕਈ ਵਾਰ ਭਾਰਤ ਆ ਚੁੱਕਾ ਹੈ। ਜਸਪਾਲ ਅਟਵਾਲ ਭਾਵੇਂ ਸੰਨ 1986 'ਚ ਕੈਨੇਡਾ ਗਏ ਬਰਨਾਲਾ ਸਰਕਾਰ ਦੇ ਮੰਤਰੀ ਉੱਪਰ ਕਾਤਲਾਨਾ ਹਮਲੇ ਤੇ ਫਿਰ ਬ੍ਰਿਟਿਸ਼ ਕੋਲੰਬੀਆ ਦੇ ਪ੍ਰੀਮੀਅਰ ਰਹੇ ਉੱਜਲ ਦੁਸਾਂਝ ਉੱਪਰ ਹਮਲਾ ਕਰਨ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ। ਪਰ ਦੱਸਿਆ ਜਾਂਦਾ ਹੈ ਕਿ ਕੁਝ ਵਕਫ਼ੇ ਬਾਅਦ ਜਸਪਾਲ ਨੇ ਭਾਰਤੀ ਅਧਿਕਾਰੀਆਂ ਨਾਲ ਨੇੜਤਾ ਬਣਾ ਲਈ ਸੀ ਅਤੇ ਪਹਿਲੀ ਵਾਰ ਉਹ 1999 'ਚ ਵੀਜ਼ਾ ਲੈ ਕੇ ਭਾਰਤ ਆਇਆ। ਇਸ ਤੋਂ ਬਾਅਦ ਮੁੜ ਫਿਰ ਸਾਲ 2002, ਸਾਲ 2007 ਅਤੇ ਫਿਰ ਅਗਸਤ 2017 'ਚ ਉਹ ਭਾਰਤ ਆਇਆ। ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ 2007 'ਚ ਭਾਰਤੀ ਵੀਜ਼ਾ ਦੇਣ ਲਈ ਇਕ ਸਮੇਂ ਉਸ ਦਾ ਸ਼ਿਕਾਰ ਬਣੇ ਉੱਜਲ ਦੁਸਾਂਝ ਨੇ ਖੁਦ ਸਿਫ਼ਾਰਸ਼ ਕੀਤੀ ਸੀ ਗ਼ ਸੋਸ਼ਲ ਮੀਡੀਆ ਵਿਚ ਅਪਡੇਟ ਕੀਤੀਆਂ ਤਿੰਨ ਤਸਵੀਰਾਂ ਜਸਪਾਲ ਨੇ ਖੁਦ ਲਿਖਿਆ ਹੈ ਕਿ ਉਸ ਨੂੰ ਵਿੱਤ ਮੰਤਰਾਲੇ ਤੇ ਵਿਦੇਸ਼ ਮੰਤਰਾਲੇ 'ਚ ਸ਼ਾਨਦਾਰ ਪ੍ਰਾਹੁਣਚਾਰੀ ਮਿਲੀ ਤੇ ਸਵਾਗਤ ਹੋਇਆ।

ਸੈਂਟਰਲ ਸਰੀ ਤੋਂ ਮੈਂਬਰ ਪਾਰਲੀਮੈਂਟ ਰਣਦੀਪ ਸਿੰਘ ਸਰਾਏ ਤੇ ਦਿੱਲੀ 'ਚ ਪ੍ਰਧਾਨ ਮੰਤਰੀ ਨਾਲ ਰਾਤ ਦੇ ਖਾਣੇ ਦਾ ਸੱਦਾ ਅਤੇ ਮੁੰਬਈ 'ਚ ਸ੍ਰੀਮਤੀ ਟਰੂਡੋ ਨਾਲ ਤਸਵੀਰ ਪਹਿਲੋਂ ਹੀ ਘੜੀ ਯੋਜਨਾ ਦਾ ਹਿੱਸਾ ਸੀ, ਜਿਉਂ ਹੀ ਇਹ ਯੋਜਨਾ ਸਿਰੇ ਚੜ੍ਹੀ ਤਾਂ ਦੂਤਾਵਾਸ ਦੇ ਅਧਿਕਾਰੀ ਨਾਲ ਗਏ ਮੀਡੀਆ ਕਰਮੀ ਦੀ ਫੇਸਬੁੱਕ ਉੱਪਰ ਸਭ ਤੋਂ ਪਹਿਲਾਂ ਇਹ ਤਸਵੀਰ ਅਪਲੋਡ ਕੀਤੀ ਗਈ। ਇਕ ਘੰਟੇ ਵਿਚ ਜਦ ਬਹੁਤ ਸਾਰੇ ਲੋਕਾਂ ਨੇ ਇਹ ਤਸਵੀਰ ਉਤਾਰ ਲਈ ਤਾਂ ਉਕਤ ਫੇਸਬੁੱਕ ਤੋਂ ਵੀ ਮਿਟਾ ਦਿੱਤੀ ਗਈ। ਕਹਿੰਦੇ ਹਨ ਕਿ ਇਸ ਤੋਂ ਬਾਅਦ ਫਿਰ ਚੱਲਿਆ ਟਰੂਡੋ ਦੀ ਫੇਰੀ ਉੱਪਰ ਖਾਲਿਸਤਾਨ ਦਾ ਧੂੜਾ ਛਿੜਕਣ ਦਾ ਸਿਲਸਿਲਾ।

ਭਾਰਤੀ ਮੀਡੀਏ ਦੇ ਵੱਡੇ ਹਿੱਸੇ ਨੇ ਇਸ ਘਟਨਾ ਦੀ ਪੜਤਾਲ ਦੀ ਬਜਾਏ ਲਸਣ ਦੀ ਗੰਢੀ ਹੱਥ ਆਉਣ ਤੇ ਪੰਸਾਰੀ ਬਣ ਬੈਠਣ ਵਾਂਗ ਬਸ ਖਾਲਿਸਤਾਨ ਦਾ ਝੰਡਾ ਬੁਲੰਦ ਕਰ ਦਿੱਤਾ ਤੇ ਇਕ ਸਾਜਿਸ਼ ਤਹਿਤ ਅਜਿਹਾ ਪ੍ਰਭਾਵ ਪੈਦਾ ਕਰਨ ਉੱਪਰ ਜ਼ੋਰ ਲਾ ਦਿੱਤਾ, ਜਿਵੇਂ ਟਰੂਡੋ ਤੇ ਉਸ ਦੀ ਸਰਕਾਰ ਖਾਲਿਸਤਾਨੀਆਂ ਦੀ ਪਨਾਹਗੀਰ ਹੋਵੇ ਤੇ ਅਜਿਹੇ ਲੋਕਾਂ ਨੂੰ ਕੰਧਾੜੀ ਬਿਠਾ ਕੇ ਭਾਰਤ ਵਿਚ ਵੀ ਲੈ ਆਈ ਹੋਵੇ।

### ਕੂਟਨੀਤਕ ਸਿਸ਼ਟਾਚਾਰ ਦੀ ਸ਼ਰੇਆਮ ਉਲੰਘਣਾ

ਕੈਨੇਡਾ 'ਚ ਭਾਰਤੀ ਦੂਤਾਵਾਸ 'ਚ ਤਾਇਨਾਤ ਸੀਨੀਅਰ ਅਧਿਕਾਰੀ ਵਲੋਂ ਉਸ ਦੇਸ਼ ਦੇ ਪ੍ਰਧਾਨ ਮੰਤਰੀ ਦੇ ਭਾਰਤ ਦੌਰੇ ਉੱਪਰ ਥਾਂ-ਥਾਂ ਹਾਜ਼ਰ ਹੋਣ ਨੂੰ ਕੂਟਨੀਤਕ ਸਿਸ਼ਟਾਚਾਰ ਦੀ ਅਵੱਗਿਆ ਸਮਝਿਆ ਜਾ ਰਿਹਾ ਹੈ ਗ਼ ਭਾਰਤੀ ਵਿਦੇਸ਼ ਸੇਵਾ 'ਚ ਕੰਮ ਕਰਦੇ ਰਹੇ ਅਧਿਕਾਰੀਆਂ ਦਾ ਦੱਸਣਾ ਹੈ ਕਿ ਆਪਣੇ ਦਫਤਰਾਂ 'ਚ ਬੈਠ ਕੇ ਆਪਣੇ ਸੂਤਰਾਂ ਰਾਹੀਂ ਰਿਪੋਰਟਾਂ ਭੇਜਣਾ ਤਾਂ ਹਰ ਦੂਤਾਵਾਸ ਅਧਿਕਾਰੀ ਦਾ ਹੀ ਦਸਤੂਰ ਹੈ, ਦੂਤਾਵਾਸ ਅਧਿਕਾਰੀ ਉਨ੍ਹਾਂ ਹੀ ਦੇਸ਼ਾਂ ਦੇ ਪ੍ਰਧਾਨ ਮੰਤਰੀ ਦੌਰਿਆਂ 'ਚ ਹਾਜ਼ਰ ਹੋਣ ਲੱਗ ਪੈਣ, ਅਜਿਹਾ ਕਦੇ ਦੇਖਿਆ, ਸੁਣਿਆ ਨਹੀਂ ਗਿਆ।

# ਖਬਰਾਂ, ਜੋ ਝਲਕ ਵਿਖਾ ਗਾਇਬ ਹੋ ਜਾਂਦੀਆਂ ਨੇ



ਜਸਵੰਤ ਸਿੰਘ ਅਜੀਤ

ਹਰ ਕੋਈ ਜਾਣਦਾ ਹੈ ਕਿ ਭਾਰਤੀ ਬਿਜਲਈ ਅਤੇ ਪ੍ਰਿੰਟ ਮੀਡਿਆ ਵਿੱਚ ਨਿਤ ਕਈ ਅਜਿਹੀਆਂ ਖਬਰਾਂ ਆਉਂਦੀਆਂ ਰਹਿੰਦੀਆਂ ਹਨ, ਜੋ ਆਮ ਲੋਕਾਂ ਦੇ ਜੀਵਨ ਨਾਲ ਸੰਬੰਧ ਰਖਦੀਆਂ ਹਨ ਤੇ ਚਰਚਾ ਦਾ ਮੁੱਦਾ ਬਣ ਲੋਕ-ਜੀਵਨ ਲਈ ਚੰਗੇ ਨਤੀਜੇ ਪੈਦਾ ਕਰਨ ਵਿੱਚ ਸਹਾਇਕ ਹੋ ਸਕਦੀਆਂ ਹਨ। ਪਰ ਉਹ ਇੱਕ ਦਿਨ ਹੀ ਪੜ੍ਹਨ-ਸੁਣਨ ਨੂੰ ਮਿਲਦੀਆਂ ਹਨ, ਫਿਰ ਅਜਿਹੀਆਂ ਗਾਇਬ ਹੁੰਦੀਆਂ ਹਨ ਕਿ ਢੂੰਡਿਆਂ ਵੀ ਕਿਤੇ ਨਹੀਂ ਮਿਲਦੀਆਂ। ਅਜਿਹੀਆਂ ਹੀ ਕੁਝ ਖਬਰਾਂ ਇਥੇ ਪਾਠਕਾਂ ਦੀ ਦਿਲਚਸਪੀ ਲਈ ਇਥੇ ਪੇਸ਼ ਹਨ :

**ਗੱਲ ਦਾਅਵਿਆਂ ਤੇ ਅਸਲੀ ਅੰਕੜਿਆਂ ਦੀ :** ਆਮ ਚਰਚਾ ਸੁਣਨ ਨੂੰ ਮਿਲਦੀ ਰਹਿੰਦੀ ਹੈ ਕਿ ਸੱਤਾਧਾਰੀ ਪਾਰਟੀ ਨਾਲ ਸਬੰਧਤ ਚਲੇ ਆ ਰਹੇ ਰਾਜਨੇਤਾ ਆਏ ਦਿਨ ਸਰਕਾਰੀ ਅੰਕੜਿਆਂ ਪੁਰ ਅਧਾਰਤ ਹੋਣ ਦੇ ਦਾਅਵੇ ਨਾਲ ਜੋ ਅੰਕੜੇ ਪੇਸ਼ ਕਰਦੇ ਚਲੇ ਆਉਂਦੇ ਹਨ, ਅਸਲ ਵਿੱਚ ਉਨ੍ਹਾਂ ਦਾ ਸਰਕਾਰੀ ਅੰਕੜਿਆਂ ਦੇ ਨਾਲ ਦੂਰ ਦਾ ਵੀ ਵਾਸਤਾ ਨਹੀਂ ਹੁੰਦਾ। ਜਿਵੇਂ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਨੇ ਕੁਝ ਸਮਾਂ ਪਹਿਲਾਂ ਦਾਅਵਾ ਕੀਤਾ ਸੀ ਕਿ ਨੋਟਬੰਦੀ ਕਾਰਣ ਛਤੀਸਗੜ੍ਹ ਦੇ ਮਾਓਵਾਦੀਆਂ ਅਤੇ ਕਸ਼ਮੀਰੀ ਵੱਖਵਾਦੀਆਂ ਕੋਲ ਫੰਡਾਂ ਦੀ ਭਾਰੀ ਕਮੀ ਹੋ ਗਈ ਹੈ, ਜਿਸ ਕਾਰਣ ਉਥੇ ਹੋ ਰਹੀ ਹਿੰਸਾ ਵੀ ਬਹੁਤ ਘਟ ਗਈ ਹੈ। ਇਸਦੇ ਵਿਰੁਧ ਮੀਡੀਆ ਦੀਆਂ ਖਬਰਾਂ ਦਸਦੀਆਂ ਕਸ਼ਮੀਰ ਵਿੱਚ 9 ਨਵੰਬਰ 2016 ਤੋਂ 13 ਅਗਸਤ 2017 ਦੌਰਾਨ ਹਿੰਸਕ ਘਟਨਾਵਾਂ ਵਿੱਚ 93 ਮੌਤਾਂ ਹੋਈਆਂ, ਜਦੋਂ ਕਿ ਇਸਤੋਂ ਪਿਛਲੇ ਵਰ੍ਹੇ ਇਸੇ ਸਮੇਂ ਦੌਰਾਨ ਇਹ ਗਿਣਤੀ 70 ਰਹੀ ਸੀ। ਉਧਰ ਛਤੀਸਗੜ੍ਹ ਵਿੱਚ ਵੀ ਇਸੇ ਸਮੇਂ ਦੌਰਾਨ ਹੋਏ ਮੁਕਾਬਲਿਆਂ ਦੀ ਗਿਣਤੀ ਵੀ 60 ਤੇ 65 ਰਹੀ, ਜੋ ਕਿ ਘਟ ਹੋਣ ਦੇ ਰੁਝਾਨ ਨੂੰ ਨਕਾਰਦੀ ਹੈ। ਵਿੱਤ ਮੰਤਰੀ ਅਰੁਣ ਜੇਤਲੀ ਨੇ ਪਿਛਲੇ ਮਈ ਮਹੀਨੇ ਦੇ ਦੂਸਰੇ ਹਫਤੇ ਵੀ ਇਹ ਦਾਅਵਾ ਕੀਤਾ ਸੀ ਕਿ ਨੋਟਬੰਦੀ ਤੋਂ ਬਾਅਦ ਕਰ-ਦਾਤਿਆਂ ਗਿਣਤੀ ਵਿੱਚ 91 ਲਖ ਦਾ ਵਾਧਾ ਹੋ ਗਿਆ ਹੈ, ਜਦਕਿ ਇਸ ਸੰਬੰਧ ਸਹੀ ਅੰਕੜਿਆਂ ਦੀ ਜਾਣਕਾਰੀ ਹਾਸਲ ਕਰਨ ਲਈ ਜਦੋਂ ਕੁਝ ਪਤ੍ਰਕਾਰਾਂ ਨੇ ਵਿੱਤ ਵਿਭਾਗ ਨਾਲ ਸੰਪਰਕ ਕੀਤਾ, ਤਾਂ ਉਨ੍ਹਾਂ ਨੂੰ ਦਸਿਆ ਗਿਆ ਕਿ ਅਰੁਣ ਜੇਤਲੀ ਨੇ ਪੂਰੇ ਵਿੱਤੀ ਵਰ੍ਹੇ (2016-2017) ਵਿੱਚ ਹੋਏ ਵਾਧੇ ਦੇ ਅੰਕੜੇ ਪੇਸ਼ ਕਰ ਦਿੱਤੇ ਹਨ। ਪਰ ਸਰਕਾਰ ਵਲੋਂ ਪੇਸ਼ ਕੀਤੇ ਗਏ ਆਰਥਿਕ ਸਰਵੇ ਵਿੱਚ ਵੀ ਇਸ ਵਿੱਤੀ ਵਰ੍ਹੇ ਦੀ ਕੁਲ ਗਿਣਤੀ 80.7 ਲਖ ਦਸੀ ਗਈ। ਇਸੇ ਤਰ੍ਹਾਂ ਇਹ ਵੀ ਦਸਿਆ ਗਿਆ ਕਿ ਪ੍ਰਧਾਨ ਮੰਤਰੀ ਨੇ ਅਜ਼ਾਦੀ ਦਿਵਸ ਤੇ ਦੇਸ਼-ਵਾਸੀਆਂ ਦੇ ਨਾਂ ਆਪਣੇ ਭਾਸ਼ਣ ਵਿੱਚ ਐਲਾਨ ਕੀਤਾ ਸੀ ਕਿ ਨੋਟਬੰਦੀ ਤੋਂ ਬਾਅਦ ਆਮਦਨ ਕਰ-ਦਾਤਿਆਂ ਦੀ ਗਿਣਤੀ ਲਗਭਗ 'ਦੋ-ਗੁਣਾਂ' ਹੋ ਗਈ ਹੈ। ਜਦਕਿ 7 ਅਗਸਤ 2017 ਨੂੰ ਕੇਂਦਰੀ ਪ੍ਰਤੱਖ ਟੈਕਸ ਬੋਰਡ (ਸੀਬੀਡੀਟੀ) ਵਲੋਂ ਜਾਰੀ ਪ੍ਰੈਸ ਨੋਟ ਵਿੱਚ ਦਸਿਆ ਗਿਆ ਕਿ ਨੋਟਬੰਦੀ ਦੇ ਫਲਸਰੂਪ ਆਮਦਨ ਟੈਕਸ ਰਿਟਰਨਾਂ ਦੀ ਗਿਣਤੀ ਵਿੱਚ ੨੪ ਫੀਸਦੀ ਹੀ ਵਾਧਾ ਹੋਇਆ ਹੈ। ਇਸਤੋਂ ਇਉਂ ਜਾਪਦਾ ਹੈ ਕਿ ਜਿਵੇਂ ਜਾਂ ਤਾਂ ਵਿੱਤ ਵਿਭਾਗ ਵਿੱਚ ਆਪਸੀ ਤਾਲਮੇਲ ਦੀ ਘਾਟ ਹੈ, ਜਾਂ ਫਿਰ ਅਖੌਤੀ 'ਸਫਲਤਾ' ਦਾ ਮੁਲ੍ਹਮਾ ਚਾੜ੍ਹ ਅੰਕੜੇ ਪੇਸ਼ ਕੀਤੇ ਜਾ ਰਹੇ ਹਨ।

**87 ਹਜ਼ਾਰ ਨੌਕਰੀਆਂ ਦਾ ਸੁਆਲ :** ਦਸਿਆ ਗਿਆ ਹੈ ਕਿ ਚਾਲੂ ਵਿੱਤੀ ਵਰ੍ਹੇ (2017-2018) ਦੀ ਪਹਿਲੀ ਤਿਮਾਹੀ (ਅਪ੍ਰੈਲ-ਜੂਨ) ਵਿੱਚ ਨਿਰਮਾਣ ਖੇਤ੍ਰ ਨਾਲ ਜੁੜੇ ਠੇਕੇ ਅਤੇ ਆਰਜ਼ੀ ਸ਼੍ਰੇਣੀ ਦੇ ਕਰਮਚਾਰੀ ਸਭ ਤੋਂ ਵੱਧ ਪ੍ਰਭਾਵਤ ਹੋਏ ਹਨ। ਇਸ ਦੌਰਾਨ ਕੁਲ ਮਿਲਾ 87 ਹਜ਼ਾਰ ਨੌਕਰੀਆਂ ਚਲੀਆਂ ਗਈਆਂ ਹਨ। ਇਹ ਅੰਕੜੇ ਲੇਬਰ ਵਿਭਾਗ ਦੀ ਇਕਾਈ ਲੇਬਰ ਬਿਊਰੋ ਦੇ ਤਿਮਾਹੀ ਸਰਵੇ ਵਿੱਚ ਸਾਹਮਣੇ ਆਏ ਦਸੇ ਜਾਂਦੇ ਹਨ। ਤਿਮਾਹੀ ਰੋਜ਼ਗਾਰ ਸਰਵੇ ਦੇ ਅਨੁਸਾਰ ਚਾਲੂ ਵਿੱਤੀ ਵਰ੍ਹੇ ਦੀ ਪਹਿਲੀ ਤਿਮਾਹੀ

(ਬਾਕੀ ਸਫਾ 22 'ਤੇ)

# ਬੜਾ ਪੁਰਾਣਾ ਹੈ ਸਿੱਖ ਭਾਈਚਾਰੇ ਦਾ ਕੈਨੇਡਾ ਨਾਲ ਸਬੰਧ

ਕੈਨੇਡਾ ਵਿਚ ਵਸਣ ਵਾਲੇ ਸਿੱਖਾਂ ਦਾ ਸਬੰਧ ਕੈਨੇਡਾ ਦੇਸ਼ ਨਾਲ 100 ਸਾਲ ਤੋਂ ਵੀ ਪੁਰਾਣਾ ਹੈ। ਬ੍ਰਿਟਿਸ਼ ਕੋਲੰਬੀਆ ਜਾ ਕੇ ਸਭ ਤੋਂ ਪਹਿਲਾਂ ਵਸਣ ਵਾਲੇ ਭਾਰਤੀ ਫ਼ੌਜੀ ਸਨ, ਜੋ ਮਹਾਰਾਣੀ ਵਿਕਟੋਰੀਆ ਦੀ 60 ਸਾਲਾ ਵਰ੍ਹੇਗੰਢ ਮਨਾਉਣ ਲਈ 1897 ਈ: ਨੂੰ ਉਥੇ ਪਹੁੰਚੇ ਸਨ। ਇਸੇ ਤਰ੍ਹਾਂ ਕੁਝ ਫ਼ੌਜੀ ਜਵਾਨ 1902 ਈ: ਨੂੰ ਸਰਦਾਰ ਮੇਜਰ ਖ਼ਾਨ ਦੀ ਅਗਵਾਈ ਵਿਚ ਰਾਜਾ ਐਡਵਰਡ ਦੀ ਤਾਜਪੋਸ਼ੀ ਦੇ ਜਸ਼ਨ ਮਨਾਉਣ ਲਈ ਵਿਕਟੋਰੀਆ ਬੀ.ਸੀ. ਵਿਚ ਪਹੁੰਚੇ ਸਨ।

ਸ: ਬੁਕਮ ਸਿੰਘ 14 ਸਾਲ ਦੀ ਉਮਰ ਵਿਚ ਬੀ.ਸੀ. ਪਹੁੰਚੇ ਪਹਿਲੇ ਭਾਰਤੀ ਸਨ, ਜੋ ਪਹਿਲੀ ਸੰਸਾਰ ਜੰਗ ਸਮੇਂ ਕੈਨੇਡਾ ਦੀ ਫ਼ੌਜ 'ਕਿੰਗਸਟਨ ਬਟਾਲੀਅਨ' ਵਿਚ ਬਤੌਰ ਕੈਨੇਡੀਅਨ ਫ਼ੌਜੀ ਜਵਾਨ ਸ਼ਾਮਿਲ ਹੋਏ। ਸਾਲ 1907 ਈ: ਤੱਕ ਕੈਨੇਡਾ ਵਿਚ ਭਾਰਤੀਆਂ ਦੀ ਗਿਣਤੀ 5000 ਦੇ ਕਰੀਬ ਹੋ ਚੁੱਕੀ ਸੀ। ਕੈਨੇਡਾ ਪਹੁੰਚਣ ਵਾਲੇ ਭਾਰਤੀਆਂ ਵਿਚੋਂ ਬਹੁਗਿਣਤੀ ਸਿੱਖ ਸਨ। ਗ਼ਦਰ ਲਹਿਰ ਦਾ ਜਨਮ ਅਮਰੀਕਾ ਵਿਚ ਹੋਇਆ ਅਤੇ ਕੈਨੇਡਾ ਦੇ ਸਿੱਖਾਂ ਨੇ ਇਸ ਗ਼ਦਰ ਪਾਰਟੀ ਦੀ ਸਥਾਪਨਾ ਲਈ ਪੂਰਨ ਯੋਗਦਾਨ ਪਾਇਆ। ਸ: ਖੁਸ਼ਵੰਤ ਸਿੰਘ ਦੇ ਅਨੁਸਾਰ ਜੇਕਰ ਕੁਝ ਹਿੰਦੂ ਇਸ ਲਹਿਰ ਵਿਚ ਸ਼ਾਮਿਲ ਨਾ ਹੁੰਦੇ ਤਾਂ ਇਹ ਗ਼ਦਰ ਲਹਿਰ ਨਿਰੋਲ ਸਿੱਖ ਲਹਿਰ ਹੀ ਮੰਨੀ ਜਾਣੀ ਸੀ। ਗ਼ਦਰ ਪਾਰਟੀ ਵਿਚ ਸ਼ਾਮਿਲ ਗ਼ਦਰੀ ਬਾਬੇ ਸਿੱਖ ਧਰਮ ਨਾਲ ਸਬੰਧ ਰੱਖਦੇ ਸਨ। ਸਿੱਖਾਂ ਨੇ 1906 ਈ: ਨੂੰ ਵੈਨਕੂਵਰ, ਬੀ.ਸੀ. ਵਿਚ ਖਾਲਸਾ ਦੀਵਾਨ ਸੁਸਾਇਟੀ ਦੀ ਸਥਾਪਨਾ ਕਰ ਲਈ ਸੀ।

ਖਾਲਸਾ ਦੀਵਾਨ ਸੁਸਾਇਟੀ ਇਕ ਇਹੋ ਜਿਹੀ ਸੁਸਾਇਟੀ ਸੀ, ਜਿਸ ਨੇ ਅੰਗਰੇਜ਼ੀ ਰਾਜ ਦੇ ਵਿਰੁੱਧ ਸੰਘਰਸ਼ ਕੀਤਾ। ਇਹੋ ਜਿਹੇ ਸੰਘਰਸ਼ ਲਈ ਕੈਨੇਡੀਅਨ ਸਰਕਾਰ ਨੇ ਮਨਜ਼ੂਰੀ ਨਾ ਦਿੱਤੀ, ਕਿਉਂਕਿ ਉਸ ਸਮੇਂ ਹਿੰਦੁਸਤਾਨ ਤੇ ਕੈਨੇਡਾ ਉੱਤੇ ਇਨ੍ਹਾਂ ਦਾ ਹੀ ਰਾਜ ਸੀ। ਕੈਨੇਡਾ ਵਿਚਲੇ ਸਿੱਖਾਂ ਨੇ ਆਪਣੇ-ਆਪ ਨੂੰ ਜਥੇਬੰਦ ਕਰਕੇ ਕੈਨੇਡਾ ਸਰਕਾਰ ਦੀਆਂ ਨਸਲੀ ਨੀਤੀਆਂ ਦੇ ਆਧਾਰ 'ਤੇ ਘੜੇ ਕਾਨੂੰਨਾਂ ਵਿਰੁੱਧ ਸੰਘਰਸ਼ ਕੀਤਾ। ਕਾਮਾਗਾਟਾਮਾਰੂ ਜਹਾਜ਼ ਦਾ ਜੋ ਸਾਕਾ 29 ਸਤੰਬਰ, 1914 ਈ: ਨੂੰ ਵਾਪਰਿਆ, ਉਸ ਦਾ ਸਬੰਧ ਵੀ ਕੈਨੇਡਾ ਨਾਲ ਹੈ। ਬਾਬਾ ਗੁਰਦਿਤ ਸਿੰਘ ਸਰਹਾਲੀ ਵਾਲਿਆਂ ਨੇ 29 ਮਾਰਚ, 1914 ਈ: ਨੂੰ ਬੜੀਆਂ ਮੁਸ਼ਕਿਲਾਂ ਨਾਲ ਕਾਮਾਗਾਟਾਮਾਰੂ ਜਹਾਜ਼ ਜਾਪਾਨ ਤੋਂ ਠੇਕੇ ਉੱਤੇ



ਲਿਆ। ਬੜੀਆਂ ਮੁਸ਼ਕਿਲਾਂ, ਰੋਕਾਂ, ਰੁਕਾਵਟਾਂ ਤੋਂ ਬਾਅਦ 3 ਅਪ੍ਰੈਲ, 1914 ਈ: ਨੂੰ ਬਾਬਾ ਜੀ ਹਾਂਗਕਾਂਗ ਤੋਂ ਜਹਾਜ਼ ਚਲਾਉਣ ਵਿਚ ਕਾਮਯਾਬ ਹੋਏ। ਇਹ ਗੁਰੂ ਨਾਨਕ ਜਹਾਜ਼ 21 ਮਈ, 1914 ਈ: ਨੂੰ ਕੈਨੇਡਾ ਵਿਚ ਵਿਕਟੋਰੀਆ ਪਹੁੰਚਿਆ ਤਾਂ ਇਸ ਜਹਾਜ਼ ਦੇ ਦੁਆਲੇ ਸਖ਼ਤ ਪਹਿਰੇ ਲਗਾ ਦਿੱਤੇ ਗਏ। ਜਹਾਜ਼ ਵੈਨਕੂਵਰ ਜਾ ਕੇ 22 ਮਈ ਤੋਂ ਲੈ ਕੇ 22 ਜੁਲਾਈ ਤੱਕ ਸਮੁੰਦਰ ਵਿਚ ਹੀ ਸਖ਼ਤ ਪਹਿਰੇ ਵਿਚ ਰਿਹਾ। ਅਖ਼ੀਰ ਨਿਰਾਸ਼ ਹੋ ਕੇ 22 ਜੁਲਾਈ, 1914 ਈ: ਨੂੰ ਜਹਾਜ਼ ਵਾਪਸ ਮੁੜ ਪਿਆ ਅਤੇ 26 ਸਤੰਬਰ, 1914 ਈ: ਨੂੰ ਬਜ ਬਜ ਘਾਟ 'ਤੇ ਪਹੁੰਚਿਆ। ਇਸ ਜ਼ਿਆਦਤੀ ਕਾਰਨ ਠੇਕੇ ਦੀਆਂ ਸ਼ਰਤਾਂ ਮੁਤਾਬਿਕ ਜਹਾਜ਼ ਬਾਬਾ ਗੁਰਦਿਤ ਸਿੰਘ ਅਧੀਨ ਨਾ ਰਿਹਾ ਅਤੇ ਉਨ੍ਹਾਂ ਦਾ ਲੱਖਾਂ ਡਾਲਰਾਂ ਦਾ ਵਪਾਰਕ ਨੁਕਸਾਨ ਹੋਇਆ। ਅਖੀਰ 29 ਸਤੰਬਰ, 1914 ਈ: ਰਾਤ ਨੂੰ ਬਜਬਜਘਾਟ ਵਿਖੇ ਬੇ-ਨਸੀਬ ਮੁਸਾਫ਼ਿਰਾਂ ਨੂੰ ਗੋਲੀਆਂ ਨਾਲ ਭੁੰਨਿਆ ਗਿਆ। ਇਸ ਖ਼ੂਨੀ ਸਾਕੇ ਵਿਚ 20 ਸਿੱਖ, ਦੋ ਗੋਰੇ, ਦੋ ਪੁਲਿਸ ਵਾਲੇ, ਦੋ ਬਜ ਬਜ ਘਾਟ ਦੇ ਰਹਿਣ ਵਾਲੇ ਮਾਰੇ ਗਏ।

ਪੰਜਾਬ ਵਿਚ 1920 ਈ: ਵਿਚ ਸ਼ੁਰੂ ਹੋਈ ਗੁਰਦੁਆਰਾ ਸੁਧਾਰ ਲਹਿਰ, ਅਕਾਲੀ ਲਹਿਰ ਅਤੇ ਬੱਬਰ ਅਕਾਲੀ ਲਹਿਰ ਨੇ ਗੁਰਦੁਆਰਿਆਂ ਨੂੰ ਮਹੰਤਾਂ ਤੋਂ ਆਜ਼ਾਦ ਕਰਵਾਇਆ। ਬੱਬਰ ਅਕਾਲੀਆਂ ਵਿਚ ਬਹੁਤੇ ਬੱਬਰ ਕੈਨੇਡਾ ਤੋਂ ਵਾਪਸ ਪਰਤੇ ਪੰਜਾਬੀ ਸਿੱਖ ਸਨ। ਇਹ ਕੈਨੇਡੀਅਨ ਪਹਿਲਾਂ ਹੀ ਗ਼ਦਰ ਪਾਰਟੀ ਲਈ ਬਹੁਤ ਕੁਝ ਕਰ ਚੁੱਕੇ ਸਨ। ਸ਼੍ਰੋਮਣੀ ਅਕਾਲੀ ਦਲ ਵਲੋਂ ਗੁਰਦੁਆਰਿਆਂ ਨੂੰ ਮਹੰਤਾਂ ਤੋਂ ਆਜ਼ਾਦ ਕਰਵਾਉਣ ਲਈ ਮੋਰਚੇ ਲਗਾਏ ਗਏ, ਸ਼ਹੀਦੀ ਸਾਕੇ ਵਾਪਰੇ। ਜੈਤੋ ਦਾ ਮੋਰਚਾ ਜੋ 9 ਫਰਵਰੀ, 1924 ਈ: ਨੂੰ ਸ਼ੁਰੂ ਹੋਇਆ, ਉਸ ਮੋਰਚੇ ਵਿਚ 500-500 ਸਿੰਘਾਂ ਦੇ ਸ਼ਹੀਦੀ ਜਥੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਗੰਗਸਰ ਜੈਤੋ ਲਈ ਰਵਾਨਾ ਹੋਏ। ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਵਲੋਂ ਬਾਬਾ ਭਗਵਾਨ ਸਿੰਘ ਦੁਸਾਂਝ ਦੀ ਅਗਵਾਈ ਵਿਚ ਗਿਆਰਾਂ ਸਿੰਘਾਂ ਦਾ ਜਥਾ 17 ਜੁਲਾਈ, 1924 ਈ: ਨੂੰ ਮੋਰਚੇ ਲਈ ਭੇਜਿਆ ਗਿਆ। ਇਹ ਜਥਾ 21 ਫਰਵਰੀ, 1925 ਈ: ਨੂੰ ਗੰਗਸਰ ਜੈਤੋ ਪਹੁੰਚਿਆ, ਜਿਥੋਂ ਇਸ ਜਥੇ ਦੇ ਸਿੰਘਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

ਹੁਣ ਸਮਾਂ ਬਦਲ ਚੁੱਕਾ ਹੈ। ਜਿਸ ਦੇਸ਼ ਦੀ ਸੰਸਦ ਨੇ ਭਾਰਤੀਆਂ ਨੂੰ ਦੇਸ਼ ਵਿਚੋਂ ਬਾਹਰ ਰੱਖਣ ਲਈ ਨਸਲਵਾਦੀ ਕਾਨੂੰਨ ਪਾਸ ਕੀਤਾ ਸੀ, ਉਸੇ ਸੰਸਦ ਵਿਚ ਸਿੱਖ ਤੇ ਪੰਜਾਬੀ ਸੰਸਦ ਮੈਂਬਰ ਅੱਜ ਨਵੇਂ ਕਾਨੂੰਨ ਘੜਨ ਵਿਚ ਆਪਣਾ ਵਿਸ਼ੇਸ਼ ਯੋਗਦਾਨ ਪਾ ਰਹੇ ਹਨ। ਅੱਜ ਕੈਨੇਡਾ ਦੀ ਸੰਸਦ ਅਤੇ ਸੂਬਿਆਂ ਵਿਚ ਪੰਜਾਬੀ ਸਿੱਖ ਬੜੇ ਮਹੱਤਵਪੂਰਨ ਅਹੁਦਿਆਂ 'ਤੇ ਬਿਰਾਜਮਾਨ ਹਨ। ਕਾਮਾਗਾਟਾਮਾਰੂ ਜਹਾਜ਼ ਜਿਸ ਨੂੰ ਕੈਨੇਡਾ ਤੋਂ ਵਾਪਸ ਮੋੜ ਦਿੱਤਾ ਗਿਆ ਸੀ, ਉਸ ਲਈ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਲੋਕਾਂ ਦੇ ਵੱਡੇ ਇਕੱਠ ਵਿਚ ਮੁਆਫ਼ੀ ਮੰਗ ਚੁੱਕੇ ਹਨ। ਅੱਜ ਉਹ ਆਪਣੇ ਪੰਜਾਬੀ ਮੰਤਰੀਆਂ ਸਮੇਤ ਹਰਿਮੰਦਰ ਸਾਹਿਬ ਵਿਖੇ ਆਪਣੀ ਸ਼ਰਧਾ ਦੇ ਫੁਲ ਭੇਟ ਕਰਨ ਆ ਰਹੇ ਹਨ। ਸਿੱਖ ਭਾਈਚਾਰਾ ਅਤੇ ਸਮੂਹ ਪੰਜਾਬੀ ਉਨ੍ਹਾਂ ਪ੍ਰਤੀ ਪਿਆਰ ਤੇ ਸਤਿਕਾਰ ਦੀਆਂ ਭਾਵਨਾਵਾਂ ਰੱਖਦੇ ਹਨ।

# ਅਮਰੀਕਾ 'ਚ ਅਤਿਵਾਦ ਨਾਲੋਂ ਵੀ ਖ਼ਤਰਨਾਕ ਜਨਤਕ ਗੋਲੀਬਾਰੀ

**ਨਾਹਰ ਸਿੰਘ ਔਜਲਾ**

ਇਹ ਤੱਥ ਹੈਰਾਨੀਜਨਕ ਹੈ ਕਿ ਅਮਰੀਕਾ ਵਿੱਚ 1968 ਤੋਂ ਲੈ ਕੇ 2011 ਤਕ ਹੀ 14 ਲੱਖ ਦੇ ਕਰੀਬ ਲੋਕ ਜਨਤਕ ਗੋਲੀਬਾਰੀ ਦੀਆਂ ਘਟਨਾਵਾਂ ਵਿੱਚ ਮਾਰੇ ਜਾ ਚੁੱਕੇ ਹਨ ਤੇ ਲੱਖਾਂ ਫੱਟੜ ਹੋ ਚੁੱਕੇ ਹਨ। ਇੰਨੇ ਸਮੇਂ ਦੌਰਾਨ ਹੀ ਅਮਰੀਕਾ ਨੇ ਜਿੰਨੇ ਵੀ ਯੁੱਧ ਬਾਹਰਲੇ ਮੁਲਕਾਂ ਨਾਲ ਲੜੇ ਹਨ, ਉਨ੍ਹਾਂ ਵਿੱਚ ਮਰਨ ਵਾਲਿਆਂ ਦੀ ਗਿਣਤੀ 12 ਲੱਖ ਹੈ। ਇਸ ਗੋਲੀਬਾਰੀ ਕਾਰਨ ਹੀ ਲੋਕ ਦਹਿਸ਼ਤ ਵਰਗੇ ਮਾਹੌਲ ਵਿੱਚ ਰਹਿ ਰਹੇ ਹਨ। ਇਹ ਸਭ ਕੁਝ ਉਸ ਮੁਲਕ ਵਿੱਚ ਵਾਪਰ ਰਿਹਾ ਹੈ ਜਿਸ ਨੂੰ ਆਰਥਿਕ ਅਤੇ ਫ਼ੌਜੀ ਤੌਰ 'ਤੇ ਸਭ ਤੋਂ ਤਕੜਾ ਦੇਸ਼ ਮੰਨਿਆ ਜਾਂਦਾ ਹੈ। ਜਨਤਕ ਗੋਲੀਬਾਰੀ ਦੇ ਕੁਝ ਸਮੇਂ ਬਾਅਦ ਹੀ ਹਥਿਆਰ ਵੇਚਣ ਵਾਲੀਆਂ ਕੰਪਨੀਆਂ ਨੂੰ ਕਿਸੇ ਨਾ ਕਿਸੇ ਬਹਾਨੇ ਹੋਰ ਢਿੱਲ ਦੇ ਦਿੱਤੀ ਜਾਂਦੀ ਹੈ ਤਾਂ ਕਿ ਉਹ ਆਪਣਾ ਮੁਨਾਫ਼ਾ ਕਮਾ ਸਕਣ।

ਇਹ ਉਹ ਦੇਸ਼ ਹੈ ਜਿਹੜਾ ਕਦੇ ਜਮਹੂਰੀ ਹੱਕਾਂ ਦੇ ਨਾਂ ਤੇ ਕਦੇ ਮਾਰੂ ਹਥਿਆਰਾਂ ਦੇ ਨਾਂ ਹੇਠ ਹੋਰ ਮੁਲਕਾਂ ਵਿੱਚ ਰਾਜ ਪਲਟੇ ਕਰਾਉਣ ਜਾਂ ਸਿੱਧਾ ਹਮਲਾ ਕਰਕੇ ਉਸ ਨੂੰ ਬਰਬਾਦ ਕਰ ਦੇਣਾ ਆਪਣਾ ਜਮਹੂਰੀ ਹੱਕ ਸਮਝਦਾ ਹੈ। ਅੰਦਰੂਨੀ ਅਤਿਵਾਦ ਤੋਂ ਬਚਾ ਲਈ ਕਈ ਅਰਬ ਡਾਲਰਾਂ ਦਾ ਖਰਚਾ ਕੀਤਾ ਜਾਂਦਾ ਹੈ, ਪਰ ਜਨਤਕ ਗੋਲੀਬਾਰੀ ਤੋਂ ਬਚਾ ਲਈ ਬਹੁਤ ਹੀ ਨਿਗੂਣਾ ਧਨ ਖਰਚਿਆ ਜਾਂਦਾ ਹੈ। ਅੰਕੜੇ ਦੱਸਦੇ ਹਨ ਕਿ ਅੰਦਰੂਨੀ ਅਤਿਵਾਦ ਦੀਆਂ ਘਟਨਾਵਾਂ ਕਾਰਨ ਜਨਤਕ ਗੋਲੀਬਾਰੀ ਦੇ ਮੁਕਾਬਲੇ ਬਹੁਤ ਘੱਟ ਜਾਨਾਂ ਗਈਆਂ ਹਨ। ਇਸ ਨੂੰ ਨਾ ਰੋਕਣ ਦੇ ਕਾਰਨਾਂ ਦੇ ਹੱਥਾਂ ਵਿੱਚ ਹਨ। ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨੇ ਮਤਾ ਪਾਸ ਕੀਤਾ ਸੀ ਕਿ ਦਿਮਾਗ਼ੀ ਤੌਰ 'ਤੇ ਅਣਫਿੱਟ ਲੋਕਾਂ ਨੂੰ ਹਥਿਆਰ ਵੇਚਣ ਤੋਂ ਪਹਿਲਾਂ ਉਨ੍ਹਾਂ ਦੀ ਹਿਸਟਰੀ ਬਾਰੇ ਜਾਣਨਾ ਜ਼ਰੂਰੀ ਬਣਾਇਆ ਜਾਵੇ, ਪਰ ਡੋਨਲਡ ਟਰੰਪ ਨੇ ਰਾਸ਼ਟਰਪਤੀ ਬਣਦਿਆਂ ਸਾਰ ਪਹਿਲਾਂ ਉਸ ਮਤੇ ਨੂੰ ਹੀ ਖ਼ਤਮ ਕਰ ਦਿੱਤਾ। ਪਿਛਲੇ ਸਾਲ ਹੀ ਲਾਸ ਵੇਗਾਸ ਵਿੱਚ ਸਟੀਫਨ ਨਾਂ ਦੇ ਸਾਬਕਾ ਫ਼ੌਜੀ ਨੇ ਇੱਕ ਹੋਟਲ ਦੇ ਕਮਰੇ ਵਿੱਚੋਂ ਹੀ ਸੰਗੀਤਕ ਸਮਾਗਮ ਵਿੱਚ ਇਕੱਠੇ ਹੋਏ ਲੋਕਾਂ 'ਤੇ ਫਾਇਰਿੰਗ ਕਰਕੇ 58 ਲੋਕਾਂ ਨੂੰ ਮਾਰ ਦਿੱਤਾ ਤੇ 500 ਤੋਂ ਵਧ ਜ਼ਖ਼ਮੀ ਕਰ ਦਿੱਤੇ। ਕੁਝ ਦਿਨ ਪਹਿਲਾਂ ਹੀ ਸਕੂਲ ਦੇ ਇੱਕ ਪੁਰਾਣੇ ਵਿਦਿਆਰਥੀ ਨੇ ਸਕੂਲ ਵਿੱਚ ਹੀ ਗੋਲੀਬਾਰੀ




ਵਿੱਚ ਪਾਰਟੀਆਂ ਵੱਲੋਂ ਵੋਟ ਬੈਂਕ ਵੀ ਦੇਖਿਆ ਜਾ ਰਿਹਾ ਹੈ। ਇੱਕ ਸਰਵੇ ਮੁਤਾਬਿਕ ਬੰਦੂਕਾਂ ਰੱਖਣ ਵਾਲਿਆਂ ਵਿੱਚੋਂ 33 ਫ਼ੀਸਦੀ ਲੋਕ ਅਜਿਹੇ ਹਨ ਜਿਹੜੇ ਸੋਚਦੇ ਹਨ ਕਿ ਬੰਦੂਕਾਂ ਤੋਂ ਬਿਨਾਂ ਰਹਿਣਾ ਅਸੰਭਵ ਹੈ। ਦੂਜਾ ਵੱਡਾ ਕਾਰਨ ਇਹ ਵੀ ਹੈ ਕਿ ਮੁਲਕ ਦੇ ਵਪਾਰ ਦਾ ਬਹੁਤ ਵੱਡਾ ਹਿੱਸਾ ਹਥਿਆਰ ਵੇਚਣ ਨਾਲ ਜੁੜਿਆ ਹੋਇਆ ਹੈ। ਅਮਰੀਕਾ ਦਾ ਆਰਥਿਕ ਮੰਦਵਾੜਾ ਵੀ ਇੱਕ ਕਾਰਨ ਹੈ ਜਿਸ ਵਿੱਚੋਂ ਅਮਰੀਕਾ ਅਜੇ ਬਾਹਰ ਨਹੀਂ ਨਿਕਲ ਸਕਿਆ। ਇਸ ਲਈ ਸਰਕਾਰਾਂ ਵੀ ਚਾਹੁੰਦੀਆਂ ਹਨ ਕਿ ਜਨਤਾ ਦਾ ਧਿਆਨ ਅਜਿਹੇ ਮਾਮਲਿਆਂ ਵੱਲ ਹੀ ਕੇਂਦਰਿਤ ਰਹੇ। ਅਮਰੀਕਾ ਦੇ ਸੰਵਿਧਾਨ ਦੀ ਇੱਕ ਮੱਦ 'ਅਮੈਂਡਮੈਂਟ 2' ਵੀ ਲੋਕਾਂ ਨੂੰ ਹਥਿਆਰ ਰੱਖਣ ਦਾ ਅਧਿਕਾਰ ਦਿੰਦੀ ਹੈ। ਪਰ ਜੇ ਸਰਕਾਰ ਸੁਹਿਰਦ ਹੋਵੇ ਤਾਂ ਇਹੋ ਜਿਹੀਆਂ ਘਟਨਾਵਾਂ ਨੂੰ ਬੰਦ ਕੀਤਾ ਜਾ ਸਕਦਾ ਹੈ।

ਆਸਟਰੇਲੀਆ ਦੀ ਉਦਾਹਰਣ ਸਾਡੇ ਸਾਹਮਣੇ ਹੈ, ਉੱਥੇ 1987 ਤੋਂ ਲੈ ਕੇ 1996 ਤਕ ਚਾਰ ਵੱਡੀਆਂ ਘਟਨਾਵਾਂ ਵਾਪਰੀਆਂ, ਪਰ ਲੋਕਾਂ ਦੇ ਸਖ਼ਤ ਵਿਰੋਧ 'ਤੇ ਸਰਕਾਰ ਨੇ ਹਥਿਆਰ ਰੱਖਣ 'ਤੇ ਇਹੋ ਜਿਹੇ ਸਖ਼ਤ ਕਾਨੂੰਨ ਬਣਾਏ ਕਿ ਨਤੀਜਾ ਸਾਡੇ ਸਾਹਮਣੇ ਹੈ। ਇੱਕ ਸਰਵੇਖਣ ਮੁਤਾਬਿਕ ਅਮਰੀਕਾ ਵਿੱਚ 310 ਮਿਲੀਅਨ ਹਥਿਆਰ ਲੋਕਾਂ ਕਰਕੇ 19 ਲੋਕਾਂ ਦੀ ਜਾਨ ਲੈ ਲਈ। ਨੈਸ਼ਨਲ ਰਾਈਫਲ ਐਸੋਸੀਏਸ਼ਨ ਆਫ ਅਮਰੀਕਾ ਨੇ ਧਮਕੀ ਭਰੇ ਲਹਿਜੇ ਵਿੱਚ ਇਹ ਗੱਲ ਸਾਫ਼ ਕਰ ਦਿੱਤੀ ਹੈ ਕਿ ਲੋਕਾਂ ਨੂੰ ਹਥਿਆਰ ਵੇਚਣ ਦੇ ਮਾਮਲੇ ਵਿੱਚ ਕਿਸੇ ਵੀ ਕਿਸਮ ਦੀ ਕੋਈ ਤਬਦੀਲੀ ਨਹੀਂ ਕੀਤੀ ਜਾਵੇਗੀ।

ਟਰੰਪ ਸਰਕਾਰ ਦੇ ਇਸ ਲੋਕ ਵਿਰੋਧੀ ਰਵੱਈਏ ਨੂੰ ਦੇਖਦਿਆਂ ਇਹ ਪਹਿਲੀ ਵਾਰ ਹੋਇਆ ਹੈ ਕਿ ਇਸ ਘਟਨਾ ਤੋਂ ਬਾਅਦ ਵਿਦਿਆਰਥੀਆਂ ਨੇ ਸੜਕਾਂ 'ਤੇ ਆ ਕੇ ਪ੍ਰਦਰਸ਼ਨ ਕੀਤਾ ਤੇ ਮੰਗ ਕੀਤੀ ਕਿ ਹਥਿਆਰ ਵੇਚਣ ਤੇ ਖ਼ਰੀਦਣ ਵਾਲਿਆਂ ਲਈ ਸਖ਼ਤ ਕਾਨੂੰਨ ਬਣਾਏ ਜਾਣ ਤੇ ਆਟੋਮੈਟਿਕ ਹਥਿਆਰਾਂ ਦੀ ਵਿੱਕਰੀ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾਈ ਜਾਵੇ। ਆਉਣ ਵਾਲੇ ਸਮੇਂ ਵਿੱਚ ਇਹ ਪ੍ਰਦਰਸ਼ਨ ਅਮਰੀਕਾ ਦੇ ਸਾਰੇ ਸ਼ਹਿਰਾਂ ਵਿੱਚ ਹੋਣ ਦੀਆਂ ਸੰਭਾਵਨਾਵਾਂ ਬਣ ਗਈਆਂ ਹਨ। ਇੱਕ ਗੱਲ ਤਾਂ ਸਾਫ਼ ਹੈ ਕਿ ਸਰਕਾਰ ਉਦੋਂ ਤਕ ਕੋਈ ਵੀ ਕਦਮ ਨਹੀਂ ਉਠਾਏਗੀ ਜਦੋਂ ਤਕ ਇੱਕ ਮਜ਼ਬੂਤ ਲੋਕ ਲਹਿਰ ਨਹੀਂ ਬਣੇਗੀ। ਇਸ ਸ਼ੁਰੂਆਤ ਦਾ ਸਵਾਗਤ ਕਰਨਾ ਬਣਦਾ ਹੈ ਤੇ ਸਾਨੂੰ ਲਗਾਤਾਰ ਕੋਸ਼ਿਸ਼ਾਂ ਕਰਦੇ ਰਹਿਣਾ ਚਾਹੀਦਾ ਹੈ ਤਾਂ ਕਿ ਜਨਤਕ ਗੋਲੀਬਾਰੀ ਦੀਆਂ ਘਟਨਾਵਾਂ ਨੂੰ ਠੱਲ੍ਹ ਪਾਈ ਜਾ ਸਕੇ।





Quick Lube & Smog

We rent U-HAUL

OIL CHANGE & SMOG CHECK STATION

SUKHWINDER BHELLA

gogibhella@gmail.com

691 W. Tennyson Rd
Hayward, CA 94544

PH 510-757-6775
FAX 510-292-0330



# Preet Fabrics & Appliance

ਅਸੀਂ ਹੋਲਸੇਲ ਅਤੇ ਰੀਟੇਲ ਵਿਚ ਨਵੇਂ ਡਿਜ਼ਾਇਨਾਂ ਦੇ ਸੂਟ, ਜਿਊਲਰੀ, ਫੈਸ਼ਨ ਦਾ ਹੋਰ ਸਾਮਾਨ, ਵਿਆਹ ਲਈ ਲਹਿੰਗੇ ਅਤੇ ਮੁੰਡਿਆਂ ਲਈ ਵਿਆਹ ਵਾਸਤੇ ਸ਼ੇਰਵਾਨੀ ਅਤੇ ਹੁਣੇ ਨਵੇਂ ਚਲੇ ਡਿਜ਼ਾਇਨਾਂ ਦੇ ਕੱਪੜੇ ਵੀ ਰੱਖਦੇ ਹਾਂ।

ਸਾਡੇ ਕੋਲ ਕਲਗੀ, ਸਿਹਰਾ, ਚੂੜਾ, ਹਾਰ, ਜਾਗੋ, ਰੁਮਾਲੇ ਤੇ ਹੋਰ ਵਿਆਹ ਦਾ ਸਾਮਾਨ ਵੀ ਮਿਲਦਾ ਹੈ।

**YOUR ONE-STOP CENTER FOR BOTH FABRICS & APPLIANCES**

**5156 mowry AVE. Fremont, CA 94538**

TEL : 510-797-7111 FAX : 510-739-6350

(For More Info. Call Onkar)

## APPLIANCES

**WE CARRY ALL MAJOR BRANDS!!**



SONY, SANY, JVC, PANASONIC, LUGGAGE CROSS, PARKER PENS, OSTER BLENDERS

- Tvs, VCRs, DVD
- Tape Recorders
- Camcorders
- DVD Players
- Cordless Phones
- Watches (Seiko, Citizen & Swistar)
- Shavers & Trimmers
- Cellular Phones
- Medical Equipment
- Calling Cards

ਫਰੀ ਡਿਲੀਵਰੀ

# Haller's PHARMACY

Since 1957

* Free Delivery * Open 7 days a week

* $5 credit on over-the-counter products for newly transferred patients

* ਅਸੀਂ ਫਰੀਮਾਂਟ, ਯੂਨੀਅਨ ਸਿਟੀ ਤੇ ਨਿਊਆਰਕ ਸ਼ਹਿਰਾਂ 'ਚ ਦਵਾਈਆਂ ਘਰੋ-ਘਰੀ ਵੀ ਪਹੁੰਚਾ ਸਕਦੇ ਹਾਂ।

* ਕਿਸੇ ਹੋਰ ਫਾਰਮੇਸੀ ਦੀ ਬਜਾਏ ਸਾਡੇ ਕੋਲ ਦਵਾਈਆਂ ਦੀ ਪਰਚੀ ਲਿਆਉਣ ਲਈ ਤੁਸੀਂ ਸਿਰਫ ਸਾਨੂੰ ਫੋਨ ਕਰੋ, ਅਸੀਂਆਪ ਹੀ ਤੁਹਾਡਾ ਖਾਤਾ ਇੱਥੇ ਲੈ ਆਵਾਂਗੇ।

* ਦਵਾਈਆਂ ਨਕਦ ਲੈਣ ਸਮੇਂ ਦੂਸਰੀਆਂ ਫਾਰਮੇਸੀਆਂ, ਜਿੰਨਾ ਹੀ ਰੇਟ ਅਸੀਂ ਵੀ ਮੈਚ ਕਰਾਂਗੇ।

ਇਕ ਵਾਰ ਮੌਕਾ ਜ਼ਰੂਰ ਦਿਓ, ਤੁਹਾਡੇ ਪੰਜਾਬੀ ਦੀ ਆਪਣੀ ਫਾਰਮੇਸੀ

ਹੋਰ ਜਾਣਕਾਰੀ ਲਈ ਸੰਪਰਕ ਕਰੋ: (510) 797-2772

**37323 Fremont Blvd, Fremont, CA 94536**

MOON indian cuisine

# Moon Indian Cuisine

**510-780-9233**

ਰੈਸਟੋਰੈਂਟ ਤੋਂ ਖਾਣਾ ਪੈਕ ਕਰਵਾ ਕੇ ਵੀ ਲੈ ਜਾ ਸਕਦੇ ਹੋ,
ਕੇਟਰਿੰਗ ਵੇਲੇ ਤੰਦੂਰ ਦਾ ਇੰਤਜ਼ਾਮ ਹੈ, ਕੇਟਰਿੰਗ ਵਾਸਤੇ ਕਾਲ ਕਰੋ ਜੀ

* 100 ਬੰਦਿਆਂ ਤੋਂ ਲੈ ਕੇ ਵੱਡੀ ਤੋਂ ਵੱਡੀ ਪਾਰਟੀ ਤੱਕ
* ਗੁਰੂ ਘਰਾਂ ਵਿਚ ਕੇਟਰਿੰਗ ਲਈ 10 ਪ੍ਰਤੀਸ਼ਤ ਤੱਕ ਛੋਟ
* ਬਹੁਤ ਹੀ ਤਜ਼ਰਬੇਕਾਰ ਕੁੱਕ



Paul
510-978-7170

**Fish Pakora**

ਮੱਛੀ ਪਕੌੜੇ ਬਣਾਉਣ ਦੇ ਮਾਹਿਰ
ਲੱਡੂ, ਜਲੇਬੀ, ਬਰਫੀ, ਗੁਲਾਬ ਜਾਮੁਨ ਤੇ ਵਿਆਹ ਸ਼ਾਦੀ ਮੌਕੇ ਸਭ ਤਰ੍ਹਾਂ ਦੀ ਮਠਿਆਈ ਤਿਆਰ ਕਰਦੇ ਹਨ। ਘੱਟ ਕੀਮਤ 'ਤੇ ਲੈ ਸਕਦੇ ਹੋ।



Gill
510-709-5285

Over 30 Years Experience in Restaurant & Catering Business

ਇੰਡੀਅਨ-ਫਿਜੀ, ਪਾਕਿਸਤਾਨੀ ਕੁਜ਼ੀਨ

## ਮੂਨ ਇੰਡੀਅਨ ਕੁਜ਼ੀਨ (ਹੇਵਰਡ)

600 West Harder Rd. Hayward, CA 94544
Phone (510)780-9233 Fax (510) 780-9812
www.moonindiancuisine.net

# TEC Equipment

Your Best Business Partner




ਨਵੇਂ ਅਤੇ ਪੁਰਾਣੇ ਟਰੱਕ ਖਰੀਦਣ ਲਈ ਅੱਜ ਹੀ ਮਿਲੋ

ਅਸੀਂ ਟਰੱਕਾਂ ਲਈ ਫਾਈਨਾਂਸ ਵੀ ਕਰਵਾ ਕੇ ਦਿੰਦੇ ਹਾਂ








## Harjinder Singh Bal

Direct (510) 577-5509
Cell (510) 613-3573
hsingh@tecequipment.com

8099 S Coliseum Way
Oakland, CA 94621

www. tecequipment.com



# Raja

New Introducing Chaat Corner

King of Sweets Now Presents

Come and Enjoy Mouth Watering Chaat All Day




ਹੁਣ ਸ਼ੂਗਰ ਦੇ ਮਰੀਜ਼ਾਂ ਵਾਸਤੇ ਵੀ ਹਰ ਤਰ੍ਹਾਂ ਦੀ ਮਿਠਾਈ ਲੈ ਸਕਦੇ ਹੋ

- BHEL PAPDI CHAAT
- GOL GAPPE (PANI PURI)
- FALUDA KULFI
- KHASTA KACHORI

## RAJA SWEETS & INDIAN CUISINE

31583 Alvarado Blvd. Union City, CA 94587

Phone : (510) 489-9100

Issue- 290, Vol-12, March 14, 2018

# 550ਵਾਂ ਗੁਰੂ ਨਾਨਕ ਪੁਰਬ: 'ਹੋਇ ਇਕਤਰ ਮਿਲਹੁ ਮੇਰੇ ਭਾਈ...॥'





ਡਾ. ਬਲਕਾਰ ਸਿੰਘ

ਬਿਜਲਈ ਮੀਡੀਆ ਨੇ ਜਿਸ ਤਰ੍ਹਾਂ ਦਾ ਮਾਹੌਲ ਪੈਦਾ ਕਰ ਦਿੱਤਾ ਹੈ ਉਸ ਨੂੰ ਲੈ ਕੇ ਪ੍ਰਿੰਟ ਮੀਡੀਆ ਵੀ ਸ਼ਰਮਸਾਰ ਹੋਇਆ ਮਹਿਸੂਸ ਕਰਨ ਲੱਗ ਪਿਆ ਹੈ। ਚੈਨਲਾਂ ਦੇ ਐਂਕਰ, ਜਿਵੇਂ ਨਿਮੰਤ੍ਰਿਤ ਬੁਲਾਰਿਆਂ ਨਾਲ ਵਧੀਕੀਆਂ ਕਰਦੇ ਨਜ਼ਰ ਆਉਂਦੇ ਹਨ, ਉਸ ਨਾਲ ਇਹ ਲੱਗਣ ਲੱਗ ਪੈਂਦਾ ਹੈ ਕਿ ਮਿੰਟਾਂ ਵਾਸਤੇ ਘੰਟੇ ਬਰਬਾਦ ਕਰਨ ਵਾਲੇ ਬੁਲਾਰੇ ਕਿਸ ਮਜਬੂਰੀ ਦੀ ਸਜ਼ਾ ਭੁਗਤ ਰਹੇ ਹਨ?ਮੁੱਦਾ ਕੋਈ ਵੀ ਹੋਵੇ, ਵੱਖ ਵੱਖ ਪਾਰਟੀਆਂ ਦੇ ਨੁਮਾਇੰਦੇ ਆਪੋ ਆਪਣਾ ਸਿਆਸੀ ਰਾਗ ਅਲਾਪਦੇ ਅਲਾਪਦੇ ਏਨੇ ਸ਼ੋਰੀਲੇ ਹੋ ਜਾਂਦੇ ਹਨ ਕਿ ਕੁਝ ਵੀ ਸਮਝ ਸਕਣ ਦਾ ਸਵਾਲ ਪਾਸੇ ਹੀ ਰਹਿ ਜਾਂਦਾ ਹੈ। ਇਸ 'ਤੇ ਉਸੇ ਭਾਈਚਾਰੇ ਵਿਚੋਂ ਰਵੀਸ਼ ਨੂੰ ਇਹ ਕਹਿਣਾ ਪਿਆ ਸੀ ਕਿ ਸੁਣਨਾ ਬੰਦ ਵੀ ਕਰ ਦਿੱਤਾ ਜਾਵੇ ਤਾਂ ਵੀ ਕੋਈ ਨੁਕਸਾਨ ਨਹੀਂ ਹੋਣ ਵਾਲਾ। ਸਿਆਸੀ ਪ੍ਰਤੀਨਿਧਾਂ ਨੂੰ ਸੱਦ ਕੇ ਅਜਿਹੇ ਮੁੱਦਿਆਂ 'ਤੇ ਬਹਿਸ ਕਰਵਾਉਣ ਦਾ ਮਤਲਬ ਇਹੀ ਨਿਕਲੇਗਾ ਕਿ ਜਿਸ ਨੂੰ ਜਿੰਨਾ ਘੱਟ ਪਤਾ ਹੈ, ਉਸ ਨੂੰ ਓਨਾ ਹੀ ਵੱਧ ਬੋਲਣ ਦਾ ਹੱਕ ਹੈ। ਇਸ ਵਰਤਾਰੇ ਨੂੰ ਸਾਦਗੀ ਜਾਂ ਬਾਲ ਬੁੱਧ ਤਾਂ ਨਹੀਂ ਕਿਹਾ ਜਾ ਸਕਦਾ ਕਿਉਂਕਿ ਸਿਆਸਤ ਦੇ ਬੋਲਬਾਲਿਆਂ ਨੇ ਇਸ ਵਾਸਤੇ ਕੋਈ ਥਾਂ ਹੀ ਨਹੀਂ ਛੱਡੀ।

ਗੁਰੂ ਨਾਨਕ ਦੇਵ ਜੀ ਦੇ 550ਵੇਂ ਗੁਰਪੁਰਬ ਨੂੰ ਲੈ ਕੇ ਜਿਸ ਤਰ੍ਹਾਂ ਦਾ ਘੜਮੱਸ ਪੈਦਾ ਹੁੰਦਾ ਜਾ ਰਿਹਾ ਹੈ, ਉਸ ਬਾਰੇ ਉਸਾਰੂ ਸੰਵਾਦ ਦੀਆਂ ਸੰਭਾਵਨਾਵਾਂ ਪ੍ਰਿੰਟ ਮੀਡੀਆ ਵਿਚ ਹੀ ਸੰਭਵ ਹੋ ਸਕਦੀਆਂ ਹਨ। ਇਹ ਇਸ ਲਈ ਵੀ ਕਹਿ ਰਿਹਾ ਹਾਂ ਕਿਉਂਕਿ ਵਰਤਮਾਨ ਸਿਆਸਤਦਾਨ ਸੰਵਾਦ ਵਿਚ ਉਲਝਣ ਦਾ ਜੋਖਮ ਇਕ ਤੋਂ ਵੱਧ ਕਾਰਨਾਂ ਕਰਕੇ ਨਹੀਂ ਉਠਾਉਣਾ ਚਾਹੁੰਦਾ। ਸੰਵਾਦ 550ਵੇਂ ਗੁਰਪੁਰਬ ਦੀ ਯੋਜਨਾ, ਨੀਤੀ ਅਤੇ ਆਦਰਸ਼ ਨੂੰ ਲੈ ਕੇ ਕੀਤੇ ਜਾਣ ਦੀ ਲੋੜ ਹੈ। ਇਸ ਦੀਆਂ ਅੱਗੋਂ ਬਾਣੀ ਪਰਤਾਂ ਅਤੇ ਇਤਿਹਾਸਕ ਪਰਤਾਂ ਵੀ ਫਰੋਲੀਆਂ ਜਾ ਸਕਦੀਆਂ ਹਨ। ਅਜਿਹਾ ਕਰਦਿਆਂ ਇਹ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਇਸ ਦੀਆਂ ਸਿਆਸੀ ਪਰਤਾਂ ਦੀਆਂ ਸੰਭਾਵਨਾਵਾਂ ਬਹੁਤ ਹੀ ਮੱਧਮ ਹਨ ਕਿਉਂਕਿ ਸਿਆਸਤ ਬਾਰੇ ਗੁਰੂ ਨਾਨਕ ਦੇਵ ਜੀ ਦੀਆਂ ਟਿਪਣੀਆਂ ਬਹੁਤ ਸਪਸ਼ਟ ਹਨ। ਇਨ੍ਹਾਂ ਟਿਪਣੀਆਂ ਨੂੰ ਵਿਦੇਸ਼ੀ ਹਮਲਾਵਰਾਂ ਬਾਰੇ ਟਿਪਣੀਆਂ ਸਮਝਣ ਦੀ ਕੋਸ਼ਿਸ਼ ਕਰਾਂਗੇ ਤਾਂ ਬਾਣੀ ਨੂੰ ਇਤਿਹਾਸ ਤੱਕ ਮਹਿਦੂਦ ਕਰਨ ਦੀ ਗਲਤੀ ਕਰ ਰਹੇ ਹੋਵਾਂਗੇ।

ਪੰਜਾਬ ਦੀ ਵਰਤਮਾਨ ਸਰਕਾਰ ਨੇ ਜਿਸ ਤਰ੍ਹਾਂ 550ਵੇਂ ਗੁਰਪੁਰਬ ਨੂੰ ਮਨਾਉਣ ਬਾਰੇ ਸੋਚਿਆ, ਉਸ ਨੂੰ ਸਿਆਸਤ ਮੁਕਤ ਰੱਖਣ ਲਈ ਪੰਜਾਬ ਦੀਆਂ ਸਾਰੀਆਂ ਸਿਆਸੀ ਧਿਰਾਂ ਨੂੰ ਸਰਕਾਰ ਨਾਲ ਸਹਿਯੋਗ ਕਰਨਾ ਚਾਹੀਦਾ ਹੈ। ਇਸ ਵਿਚ ਰੁਕਾਵਟ ਸਿਆਸਤਦਾਨਾਂ ਦੇ ਅਜਿਹੇ ਬਿਆਨ ਹਨ, ਜਿਨ੍ਹਾਂ ਦਾ ਸਬੰਧ ਸਿਆਸੀ ਠਿੱਬੀਆਂ ਲਾਉਣ ਦੀ ਸਿਆਸਤ ਨਾਲ ਹੈ। ਜੇ ਸਰਕਾਰ ਇਸ ਤੋਂ ਉਪਰ ਉਠ ਕੇ ਰਲ-ਮਿਲ ਕੇ ਗੁਰਪੁਰਬ ਮਨਾਉਣ ਦਾ ਸੱਦਾ ਦੇ ਰਹੀ ਹੈ ਤਾਂ ਵੱਖ ਵੱਖ ਰੰਗ ਦੇ ਸਿਆਸਤਦਾਨਾਂ ਨੂੰ ਵੀ ਸਿਆਸੀ ਠਿੱਬੀਆਂ ਤੋਂ ਉਪਰ ਉਠ ਕੇ ਸਹਿਯੋਗ ਕਰਨਾ ਚਾਹੀਦਾ ਹੈ। ਇਸ ਪ੍ਰਸੰਗ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਕੋਲੋਂ ਪਹਿਲ ਹੋ ਗਈ ਹੈ। ਇਸ ਨਾਲ ਪਹਿਲੀ ਵਾਰ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਲਿਫਾਫੇ ਵਿਚੋਂ ਨਿਕਲਿਆ ਨਹੀਂ ਲੱਗਿਆ ਅਤੇ ਅਕਾਲੀ ਦਲ ਦੀ ਦਖਲਅੰਦਾਜ਼ੀ ਤੋਂ ਉਪਰ ਵੀ ਉਠਿਆ ਨਜ਼ਰ ਆਇਆ ਹੈ। ਹੋਣਾ ਇਹ ਚਾਹੀਦਾ ਹੈ ਕਿ ਜਿਵੇਂ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਸਰਕਾਰ ਨੂੰ ਸਹਿਯੋਗ ਦਾ ਵਿਸ਼ਵਾਸ ਦੁਆਇਆ ਹੈ, ਉਵੇਂ ਹੀ ਪੰਜਾਬ ਸਰਕਾਰ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਮਨਾਏ ਜਾਣ ਵਾਲੇ ਗੁਰਪੁਰਬ ਵਿਚ ਸਹਿਯੋਗ ਦਾ ਵਿਸ਼ਵਾਸ ਦੁਆਉਣਾ ਚਾਹੀਦਾ ਹੈ।

ਬਹੁਤ ਹੀ ਚੰਗਾ ਹੋਵੇ ਜੇ ਕੈਪਟਨ ਅਮਰਿੰਦਰ ਸਿੰਘ, ਭਾਈ ਲੌਂਗੋਵਾਲ, ਸੁਖਬੀਰ ਸਿੰਘ ਬਾਦਲ ਅਤੇ ਸੁਖਪਾਲ ਸਿੰਘ ਖਹਿਰਾ ਇਕੱਠੇ ਹੋ ਕੇ ਪੰਜਾਬੀਆਂ ਨੂੰ ਰਲ-ਮਿਲ ਕੇ ਗੁਰਪੁਰਬ ਮਨਾਉਣ ਦਾ ਪ੍ਰੋਗਰਾਮ ਦੇਣ ਅਤੇ ਦਿੱਤੇ ਹੋਏ ਪ੍ਰੋਗਰਾਮ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਆਪਸੀ ਸਹਿਮਤੀ ਨਾਲ ਜਾਗੇ ਹੋਏ ਪੰਜਾਬੀਆਂ ਦੀ ਸਲਾਹਕਾਰ ਕਮੇਟੀ ਬਣਾ ਦੇਣ। ਇਹ ਮੌਕਾ ਗੁਰੂ ਸਾਹਿਬ ਵੱਲੋਂ ਆਪਣੇ ਨਾਮਲੇਵਿਆਂ ਨੂੰ ਸਿਆਸਤ ਤੋਂ ਉਪਰ ਉਠ ਕੇ ਰਲ ਬੈਠਣ ਦੀ ਬਖਸ਼ਿਸ਼ ਸਮਝਣਾ ਚਾਹੀਦਾ ਹੈ।

ਵਰਤਮਾਨ ਸਿਆਸਤ ਨੇ ਜਾਵੇਦ ਅਖਤਰ ਦੇ ਸ਼ਬਦਾਂ ਵਿਚ ਹਵਾਵਾਂ ਨੂੰ ਕੈਦ ਕਰਨ, ਪਾਣੀਆਂ ਨੂੰ ਹੁਕਮ ਵਿਚ ਵਹਾਉਣ ਅਤੇ ਰੰਗਾਂ ਨੂੰ ਮਰਜ਼ੀ ਮੁਤਾਬਕ ਪ੍ਰਗਟ ਕਰਨ ਦੀਆਂ ਵਧੀਕੀਆਂ ਸਾਹਮਣੇ ਲੈ ਆਂਦੀਆਂ ਹਨ। ਅਜਿਹੇ ਹਾਲਾਤ ਵਿਚ ਵੀ ਡਾ. ਮਨਮੋਹਨ ਸਿੰਘ ਦੀ ਸਰਕਾਰ ਵੇਲੇ ਕੇਂਦਰੀ ਸਰਕਾਰ ਦੇ ਫੰਡਾਂ ਨਾਲ 2008 ਵਿਚ ਨਾਂਦੇੜ ਸਾਹਿਬ ਵਿਚ 'ਤਿੰਨ ਸੌ ਸਾਲ, ਸ਼ਬਦ-ਗੁਰੂ ਦੇ ਨਾਲ' ਮਨਾਉਂਦਿਆਂ ਰਲ-ਮਿਲ ਕੇ ਗੁਰਪੁਰਬ ਮਨਾਉਣ ਦਾ ਸਬੂਤ ਦਿੱਤਾ ਜਾ ਚੁਕਾ ਹੈ। ਬਿਹਾਰ ਦੇ ਮੁਖ ਮੰਤਰੀ ਨਿਤੀਸ਼ ਕੁਮਾਰ ਦੀ ਅਗਵਾਈ ਵਿਚ ਪਟਨਾ ਸਾਹਿਬ ਵਿਖੇ ਦਸਮ ਪਾਤਸ਼ਾਹ ਹਜ਼ੂਰ ਦਾ ਗੁਰਪੁਰਬ ਜਿਸ ਸ਼ਾਨ ਨਾਲ ਨਿਰਵਿਘਨ ਮਨਾਇਆ ਜਾ ਚੁਕਾ ਹੈ, ਉਸ ਦੀ ਨਿਰੰਤਰਤਾ ਵਿਚ 550ਵੇਂ ਗੁਰਪੁਰਬ ਨੂੰ ਮਨਾਏ ਜਾਣ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਨੂੰ ਖਾਸ ਕਰ ਕੇ ਅਤੇ ਪੰਜਾਬੀਆਂ ਨੂੰ ਆਮ ਕਰ ਕੇ ਨਿਭਾਉਣੀ ਚਾਹੀਦੀ ਹੈ। ਨਾਂਦੇੜ ਅਤੇ ਪਟਨਾ ਸਾਹਿਬ ਵਿਖੇ ਮਨਾਈਆਂ ਗਈਆਂ ਸ਼ਤਾਬਦੀਆਂ ਨੂੰ ਲੈ ਕੇ ਬਿਜਲਈ ਮੀਡੀਆ ਨੇ ਅਜਿਹਾ ਰੋਲ ਨਹੀਂ ਸੀ ਕੀਤਾ, ਜਿਸ ਤਰ੍ਹਾਂ ਦਾ ਪ੍ਰਭਾਵ 550ਵੇਂ ਗੁਰਪੁਰਬ ਨੂੰ ਲੈ ਕੇ ਪਹਿਲਾਂ ਹੀ ਸਾਹਮਣੇ ਆਉਣ ਲੱਗ ਪਿਆ ਹੈ।

ਇਹ ਠੀਕ ਹੈ ਕਿ ਫੰਡ-ਖਪਾਊ ਫੰਕਸ਼ਨਾਂ ਅਤੇ ਇਕ ਵਾਰੀ ਜਾਂ ਵਕਤੀ ਸੈਲੀਬਰੇਸ਼ਨਾਂ ਤੋਂ ਗੁਰੇਜ ਕਰਨਾ ਚਾਹੀਦਾ ਹੈ। ਅਜਿਹਾ ਤਦ ਹੀ ਹੋ ਸਕਦਾ ਹੈ ਜੇ ਪ੍ਰਾਪਤ ਸਾਧਨਾਂ ਦੀ ਸੁਯੋਗ ਵਰਤੋਂ ਵਾਸਤੇ ਪਲੈਨਿੰਗ ਤੇ ਪ੍ਰੋਗਰਾਮਿੰਗ ਅਗਾਊਂ ਕੀਤੀ ਜਾਵੇ। ਇਸੇ ਵਾਸਤੇ ਜਾਗੇ ਹੋਏ ਪੰਜਾਬੀਆਂ ਦੀ ਸਲਾਹਕਾਰ ਕਮੇਟੀ ਬਾਰੇ ਇਸ਼ਾਰਾ ਕੀਤਾ ਹੈ। ਨਾਨਕ-ਨਾਮਲੇਵਾ ਸਾਰੀ ਦੁਨੀਆਂ ਵਿਚ ਖਿਲਰ ਗਏ ਹਨ, ਪਰ ਸਾਰੀ ਚਰਚਾ ਇਉਂ ਹੋ ਰਹੀ ਹੈ ਜਿਵੇਂ ਇਸ ਨੂੰ ਅੰਬਾਲੇ ਤੱਕ ਰਹਿ ਕੇ ਪੰਜਾਬੀਆਂ ਨੇ ਹੀ ਮਨਾਉਣਾ ਹੈ। ਕਈ ਤਾਂ ਇਸ ਵਿਚੋਂ ਵੀ ਪੰਥਕ ਰੰਗ ਉਘਾੜਨ ਦੀ ਸਿਆਸਤ ਕਰਨ ਲੱਗ ਪਏ ਹਨ।

ਧਿਆਨ ਵਿਚ ਤਾਂ ਇਹ ਰਹਿਣਾ ਚਾਹੀਦਾ ਹੈ ਕਿ ਅਜਿਹੀ ਵਿਉਂਤ ਬਣਾਈ ਜਾਵੇ ਜਿਸ ਨਾਲ ਜਿਥੇ ਵੀ ਨਾਨਕ-ਨਾਮਲੇਵਿਆਂ ਦੀ ਵੱਡੀ ਗਿਣਤੀ ਹੈ, ਉਥੇ ਹੀ 550ਵਾਂ ਗੁਰਪੁਰਬ ਮਨਾਉਣ ਦੀ ਵਿਵਸਥਾ ਹੋ ਜਾਵੇ। ਅਮਰੀਕਾ ਵਾਲੇ ਅਮਰੀਕਾ ਵਿਚ, ਕੈਨੇਡਾ ਵਾਲੇ ਕੈਨੇਡਾ ਵਿਚ, ਇੰਗਲੈਂਡ ਵਾਲੇ ਇੰਗਲੈਂਡ ਵਿਚ ਉਸੇ ਤਰ੍ਹਾਂ ਗੁਰਪੁਰਬ ਮਨਾਉਣ ਜਿਵੇਂ ਬੰਗਾਲੀਆਂ ਨੂੰ ਕਲਕੱਤੇ, ਮਹਾਂਰਾਸ਼ਟਰ ਵਾਲਿਆਂ ਨੂੰ ਬੰਬਈ ਅਤੇ ਯੂ. ਪੀ. ਵਾਲਿਆਂ ਨੂੰ ਯੂ. ਪੀ. ਵਿਚ ਮਨਾਉਣਾ ਚਾਹੀਦਾ ਹੈ। ਵੱਖ ਵੱਖ ਥਾਂਵਾਂ ਦੇ ਸਿੱਖਾਂ ਨੂੰ ਸਾਂਝੀ-ਸਮਝ 'ਤੇ ਪੂਰੀ ਉਤਰਦੀ ਸੋਚੀ ਸਮਝੀ ਵਿਉਂਤਬੰਦੀ ਪੰਜਾਬ ਸਰਕਾਰ ਦੀ ਅਗਵਾਈ ਵਿਚ ਬਣਨ ਵਾਲੀ ਕਮੇਟੀ ਨੂੰ ਕਰਨੀ ਚਾਹੀਦੀ ਹੈ। ਅਜਿਹਾ ਕਰਦਿਆਂ ਇਹ ਧਿਆਨ ਵਿਚ ਰਹਿਣਾ ਚਾਹੀਦਾ ਹੈ ਕਿ ਸਿਧਾਂਤਕਤਾ ਦੇ ਖੁਲ੍ਹੇਪਨ ਨੂੰ ਸਥਾਨਕਤਾ ਦੇ ਬੰਧਨਾਂ ਤੋਂ ਮੁਕਤ ਰਖਿਆ ਜਾਵੇ।

ਮਸਲਾ ਇਸ ਵੇਲੇ ਅਮੀਰ ਵਿਰਾਸਤ ਦੇ ਗਰੀਬ ਵਾਰਸਾਂ ਦਾ ਹੈ। ਇਥੋਂ ਤੱਕ ਪਹੁੰਚਣ ਦਾ ਸਫਰ ਬੇਸ਼ੱਕ ਬਹੁਤ ਲੰਬਾ ਹੈ। ਕਈ ਵਾਰ ਇਹ ਵੀ ਲੱਗਦਾ ਰਿਹਾ ਹੈ ਕਿ ਅੱਗੇ ਵਧਣ ਦੀ ਥਾਂ ਪਿੱਛਲ ਪੈਰੀਂ ਭੱਜਦੇ ਭੱਜਦੇ ਡਿੱਗਦੇ ਵੀ ਰਹੇ ਹਾਂ ਅਤੇ ਉਠਦੇ ਵੀ ਰਹੇ ਹਾਂ। ਸੰਕਟਾਂ ਸਮੇਂ ਲਹੂ ਵਿਚ ਰਮੀ ਹੋਈ ਸਿੱਖੀ ਬਹੁਤ ਕੰਮ ਆਉਂਦੀ ਰਹੀ ਹੈ। ਸਿੱਖ ਬੇਸ਼ੱਕ ਹਾਰਦਾ ਰਿਹਾ ਹੈ ਪਰ ਸਿੱਖੀ ਸਦਾ ਜਿੱਤਦੀ ਰਹੀ ਹੈ। ਇਕੱਲੇ ਇਕੱਲੇ ਸਿੱਖ ਸੰਸਥਾਵਾਂ ਵਰਗੀ ਭੂਮਿਕਾ ਨਿਭਾਉਂਦੇ ਰਹੇ ਹਨ। ਸਾੜਿਆਂ ਅਤੇ ਸ਼ਰੀਕੇ ਵਿਚ ਵੀ ਸਰਬੱਤ ਦੇ ਭਲੇ ਦੀ ਭਾਵਨਾ ਜਗਦੀ ਰਹੀ ਹੈ। ਵੰਡ ਕੇ ਛਕਣ ਨਾਲ ਨਿਭਦਿਆਂ ਗੁਰੂ ਕੇ ਲੰਗਰ ਅਤੁੱਟ ਵਰਤਦੇ ਰਹੇ ਹਨ। ਗੁਰੂ ਦੇ ਅੰਗ-ਸੰਗ ਰਹਿਣ ਲਈ ਜਿੱਥੇ ਵੀ ਸਿੱਖ ਗਿਆ ਹੈ, ਗੁਰਦੁਆਰਾ ਨਾਲ ਲੈ ਕੇ ਗਿਆ ਹੈ। ਜੇ ਕਿਸੇ ਧਰਮ ਦੇ ਨੌਜਵਾਨ ਆਪਣੀ ਧਾਰਮਕ ਸੰਸਥਾ (ਗੁਰਦੁਆਰੇ) ਨਾਲ ਜੁੜੇ ਹੋਏ ਹਨ ਤਾਂ ਉਹ ਸਿੱਖ ਹੀ ਹਨ। ਅਸੀਂ ਥੋੜ੍ਹੇ ਤੋਂ ਬਹੁਤੇ ਹੋਏ ਸੀ ਅਤੇ ਬਹੁਤਿਆਂ ਵਿਚੋਂ ਥੋੜ੍ਹੇ ਤਾਂ ਰਹਿਣੇ ਹੀ ਹਨ। ਸਮੇਂ ਦੀ ਤਬਦੀਲੀ ਨਾਲ ਆਉਣ ਵਾਲੀਆਂ ਤਬਦੀਲੀਆਂ ਨੂੰ ਸਿੱਖ ਸਦਾ ਹੀ ਹੁੰਗਾਰਾ ਭਰਦੇ ਆਏ ਹਨ। ਮਾੜੀਆਂ ਤਬਦੀਲੀਆਂ ਨਾਲ ਮਾੜੇ ਹੋ ਕੇ ਵੀ ਉਹ ਬਚੇ ਰਹੇ ਹਨ। ਡਿੱਗਣਾ ਸਬਕ ਹੋ ਜਾਂਦਾ ਹੈ, ਜੇ ਡਿੱਗ ਕੇ ਉਠ ਪਈਏ। ਦਿਲਾਂ ਦੇ ਦੀਦਿਆਂ ਨਾਲ ਵੇਖਣ ਦੀ ਕਲਾ ਗੁਰੂ ਆਪਣੇ ਸਿੱਖ ਨੂੰ ਸਦਾ ਬਖਸ਼ਦਾ ਰਹਿੰਦਾ ਹੈ। ਗੁਰਪੁਰਬਾਂ, ਸ਼ਤਾਬਦੀਆਂ ਨੂੰ ਇਸੇ ਭਾਵਨਾ ਵਿਚ ਲੈਣਾ ਚਾਹੀਦਾ ਹੈ। ਸਿੱਖੀ ਸਥਾਨਕਤਾ ਨੂੰ ਸਦਾ ਹੀ ਛੜੱਪਦੀ ਆਈ ਹੈ। ਇਸ ਪਾਸੇ ਰਲ-ਮਿਲ ਕੇ ਤੁਰਨ ਲਈ ਸਾਂਝੀ-ਸਮਝ ਉਸਾਰਨ ਵਾਸਤੇ ਉਨ੍ਹਾਂ ਸਭ ਵਿਧੀਆਂ ਨੂੰ ਵਰਤਣ ਤੋਂ ਗੁਰੇਜ ਕਰਨਾ ਚਾਹੀਦਾ ਹੈ, ਜੋ ਸਿਰ-ਜੋੜਨ ਦੀ ਥਾਂ ਸਿਰ-ਤੋੜਨ ਵਾਲੇ ਪਾਸੇ ਲੈ ਕੇ ਜਾਂਦੀਆਂ ਹਨ। ਅੰਨ੍ਹੀ ਸ਼ਰਧਾ ਵੀ ਇਕ ਕਿਸਮ ਦਾ ਹਉਮੈ ਰੋਗ ਹੀ ਹੈ। ਸਿੱਖੀ ਉਹੀ ਹੈ, ਜੋ ਕਿਸੇ ਨੂੰ ਸਮਝ ਆਉਂਦੀ ਹੈ ਅਤੇ ਸਿੱਖ ਹੋਣ ਵਾਲਿਆਂ ਦੇ ਰਾਹ ਵਿਚ ਰੁਕਾਵਟ ਨਹੀਂ ਬਣਨਾ ਚਾਹੀਦਾ। ਅਜਿਹੇ ਮੰਤਵ ਵਾਸਤੇ ਪੁੱਟਿਆ ਹਰ ਕਦਮ ਗੁਰੂ ਵੱਲ ਜਾਂਦਾ ਹੈ। 550ਵੇਂ ਗੁਰਪੁਰਬ ਦੀ ਸ਼ੁਰੂਆਤ ਗੁਰਬਾਣੀ ਵੱਲ ਪਰਤਣ ਤੋਂ ਕਰਨ ਵਾਸਤੇ 'ਹੋਇ ਇਕਤਰ ਮਿਲਹੁ ਮੇਰੇ ਭਾਈ...॥' ਦੇ ਪਾਤਰ ਬਣ ਸਕਣ ਦਾ ਮੌਕਾ ਬਖਸ਼ਿਸ਼ ਵਾਂਗ ਹੰਢਾਉਣਾ ਅਤੇ ਸੇਵਾ ਵਾਂਗ ਵਰਤਣਾ ਚਾਹੀਦਾ ਹੈ।

# ਪੇਂਡੂ ਓਲੰਪਿਕ ਬਨਾਮ ਸਟੰਟਬਾਜ਼ੀ



ਪ੍ਰਿੰ. ਸਰਵਣ ਸਿੰਘ

ਪਿਛਲੇ ਦਿਨੀਂ ਮੈਂ ਕਿਲਾ ਰਾਇਪੁਰ ਦੀਆਂ 'ਖੇਲ੍ਹਾਂ' ਵੇਖੀਆਂ ਜਿਨ੍ਹਾਂ ਨੂੰ ਪੇਂਡੂ ਓਲੰਪਿਕਸ ਕਿਹਾ ਜਾਂਦੈ। ਇਨ੍ਹਾਂ ਦੀ ਮਸ਼ਹੂਰੀ ਵੀ ਬਹੁਤ ਹੈ। ਇਹ ਵੀ ਕਿਹਾ ਜਾਂਦੈ ਕਿ ਜਿਸਨੇ ਕਿਲਾ ਰਾਇਪੁਰ ਦੀਆਂ ਖੇਡਾਂ ਨਹੀਂ ਵੇਖੀਆਂ ਉਸਨੇ ਅਜੇ ਖੇਡਾਂ ਵੇਖੀਆਂ ਹੀ ਨਹੀਂ!

ਕਦੇ ਮੈਂ ਲਿਖਿਆ ਸੀ, 'ਜੀਹਨੇ ਪੰਜਾਬ ਦੀ ਰੂਹ ਦੇ ਦਰਸ਼ਨ ਕਰਨੇ ਹੋਣ ਉਹ ਕਿਲਾ ਰਾਇਪੁਰ ਦਾ ਖੇਡ ਮੇਲਾ ਵੇਖ ਲਵੇ। ਉਹ ਪੰਜਾਬੀ ਸੱਭਿਆਚਾਰ ਦੀ ਮੂੰਹ ਬੋਲਦੀ ਤਸਵੀਰ ਹੁੰਦਾ ਹੈ ਜਿੱਥੇ ਖੇਡਦੇ ਮੱਲ੍ਹਦੇ ਤੇ ਨੱਚਦੇ ਟੱਪਦੇ ਪੰਜਾਬ ਦੇ ਦਰਸ਼ਨ ਦੀਦਾਰ ਹੁੰਦੇ ਹਨ। ਕਿਲਾ ਰਾਇਪੁਰ ਦੀਆਂ ਖੇਡਾਂ ਦਾ ਇਹ ਮੇਲਾ ਦੇਸ਼ ਤੋਂ ਬਾਹਰ ਪਰਦੇਸਾਂ ਵਿੱਚ ਵੀ ਪ੍ਰਸਿੱਧ ਹੋ ਗਿਆ ਹੈ ਤੇ ਮੀਡੀਆ ਨੇ ਇਸ ਨੂੰ ਪੇਂਡੂ ਓਲੰਪਿਕਸ ਦਾ ਨਾਂਅ ਦੇ ਦਿੱਤਾ ਹੈ।'

ਮੈਂ ਇਹ ਖੇਡ ਮੇਲਾ ਅਨੇਕ ਵਾਰ ਵੇਖਿਆ ਹੈ। ਇਹ 1934 ਵਿੱਚ ਸ਼ੁਰੂ ਹੋਇਆ ਸੀ ਜੋ 2018 ਵਿੱਚ 82ਵੀਂ ਵਾਰ ਮਨਾਇਆ ਗਿਆ। ਇਸ ਵਾਰ ਰੁਝੇਵਿਆਂ ਕਾਰਨ ਮੇਰਾ ਇਹ ਮੇਲਾ ਵੇਖਣ ਦਾ ਕੋਈ ਪ੍ਰੋਗਰਾਮ ਨਹੀਂ ਸੀ। ਪਰ ਦਿੱਲੀ ਤੋਂ ਇੱਕ ਟੀ.ਵੀ. ਚੈਨਲ ਦਾ ਪੱਤਰਕਾਰ ਜ਼ੋਰ ਦੇਣ ਲੱਗਾ, ਜੇ 4 ਫਰਵਰੀ ਨੂੰ ਕਿਲਾ ਰਾਇਪੁਰ ਪਹੁੰਚ ਸਕੋਂ ਤਾਂ ਖੇਡਾਂ ਬਾਰੇ ਤੁਹਾਡਾ ਲਾਈਵ ਤਬਸਰਾ ਚਾਹੀਦੈ। ਉਸ ਦਿਨ ਖੇਡਾਂ ਦਾ ਆਖਰੀ ਦਿਨ ਸੀ। ਮੈਂ ਹਾਂ ਕਰ ਦਿੱਤੀ।

ਚੈਨਲ ਦੀ ਟੀਮ ਕਿਲਾ ਰਾਏਪੁਰ ਸਟੇਡੀਅਮ ਵਿੱਚ ਪੁੱਜੀ ਤਾਂ ਥੋੜ੍ਹੇ ਦਰਸ਼ਕ ਵੇਖ ਕੇ ਮੈਨੂੰ ਮਾਯੂਸੀ ਹੋਈ। ਖੇਡ ਮੁਕਾਬਲੇ ਵੀ ਕੋਈ ਖ਼ਾਸ ਨਹੀਂ ਸਨ ਹੋ ਰਹੇ। ਪਿੰਡ ਪੱਧਰ ਦੇ ਕਬੱਡੀ ਮੈਚਾਂ ਲਈ ਵਾਰ ਵਾਰ ਆਵਾਜ਼ਾਂ ਮਾਰੀਆਂ ਜਾ ਰਹੀਆਂ ਸਨ, ਪਰ ਖਿਡਾਰੀ ਨਹੀਂ ਸਨ ਨਿਕਲ ਰਹੇ। ਟਰੈਕ ਵਿੱਚ ਵੀ ਖ਼ਾਸ ਸਰਗਰਮੀ ਨਹੀਂ ਸੀ। ਹਾਕੀ ਦਾ ਮੈਚ ਵੀ ਸਾਧਾਰਨ ਸੀ। ਓਲੰਪਿਕ ਖੇਡਾਂ ਦੀ ਕੋਈ ਹੋਰ ਖੇਡ ਨਹੀਂ ਸੀ ਹੋ ਰਹੀ। ਪੰਜਾਬ ਦੀਆਂ ਪੇਂਡੂ ਖੇਡਾਂ ਵਿੱਚੋਂ ਵੀ ਕੋਈ ਖੇਡ ਨਹੀਂ ਸੀ ਚੱਲ ਰਹੀ। ਖੇਡਾਂ ਬੁਝੀਆਂ ਜਿਹੀਆਂ ਲੱਗੀਆਂ। ਮੈਨੂੰ ਲੱਗਾ ਕਿਤੇ ਮੇਰੀ ਨਜ਼ਰ ਵਿੱਚ ਤਾਂ ਫਰਕ ਨਹੀਂ ਪੈ ਗਿਆ? ਮੁੜ ਕੇ ਧਿਆਨ ਨਾਲ ਨਜ਼ਰ ਮਾਰੀ ਤਾਂ ਕੁਝ ਖੇਡ ਤਮਾਸ਼ੇ ਹੋ ਰਹੇ ਸਨ। ਉਨ੍ਹਾਂ ਨੂੰ ਸਟੰਟ ਖੇਡਾਂ ਕਹਿ ਲਓ ਜਾਂ ਸਰਕਸੀ ਕਰਤਬ। ਕੋਈ ਹੱਥ ਛੱਡੀ ਮੋਟਰ ਸਾਈਕਲ 'ਤੇ ਖੜ੍ਹਾ ਸੀ, ਕੋਈ ਇੱਟ ਉੱਤੇ ਬੋਤਲ ਟਿਕਾ ਕੇ ਉਸ ਉੱਤੇ! ਕੋਈ ਦੰਦਾਂ ਵਿੱਚ ਹਲ ਚੁੱਕੀ ਖੜ੍ਹਾ ਸੀ ਤੇ ਕੋਈ ਰੱਸੀ ਨਾਲ ਪੰਦਰਾਂ ਵੀਹ ਇੱਟਾਂ ਬੰਨ੍ਹ ਕੇ ਰੱਸੀ ਦੰਦਾਂ ਵਿੱਚ ਫੜੀ ਖੜ੍ਹਾ ਸੀ। ਕੋਈ ਛਾਤੀ 'ਤੇ ਫੱਟਾ ਰੱਖ ਕੇ ਉੱਤੋਂ ਦੀ ਮੋਟਰ ਸਾਈਕਲ ਲੰਘਵਾ ਰਿਹਾ ਸੀ ਤੇ ਕੋਈ ਕੰਨਾਂ ਨਾਲ ਮੋਟਰ ਸਾਈਕਲ ਖਿੱਚ ਰਿਹਾ ਸੀ। ਕੋਈ ਮੁੱਛਾਂ 'ਤੇ ਨਿੰਬੂ ਟਿਕਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਇੱਕ ਪਾਸੇ ਟਰੈਕਟਰਾਂ ਨਾਲ ਤਵੀਆਂ ਵਾਹੀਆਂ ਜਾ ਰਹੀਆਂ ਸਨ। ਭੁਕਾਨਿਆਂ ਵਾਲੇ ਵੱਖ ਤੁਰੇ ਫਿਰਦੇ ਸਨ, ਪਤੰਗਾਂ ਵਾਲੇ ਵੱਖ। ਕੋਈ ਟੱਲੀਆਂ ਲਈ ਫਿਰਦਾ ਸੀ, ਕੋਈ ਛੈਣੇ। ਖਿਡਾਰੀਆਂ ਦੀ ਥਾਂ ਮੀਡੀਆਕਾਰਾਂ ਦੀਆਂ ਟੋਲੀਆਂ ਖੇਡ ਮੈਦਾਨ ਮੱਲੀ ਖੜ੍ਹੀਆਂ ਸਨ। ਇੱਕ ਅੱਖਾਂ ਬੰਨ੍ਹ ਕੇ ਨਿਸ਼ਾਨਾ ਲਾ ਰਿਹਾ ਸੀ। ਮੈਂ ਚੈਨਲ ਲਈ ਕੀ ਤਬਸਰਾ ਕਰਦਾ? ਨਾ ਉੱਥੇ ਭਗਵੰਤ ਮੈਮੋਰੀਅਲ ਗੋਲਡ ਕੱਪ ਦਿਸਿਆ ਜੋ ਸੌ ਤੋਲੇ ਸ਼ੁਧ ਸੋਨੇ ਦਾ ਬਣਿਆ ਹੋਇਐ ਤੇ ਨਾ 1934 ਵਾਲਾ ਇਤਿਹਾਸਕ ਜਿਸਤੀ ਕੱਪ। ਪੁੱਛਿਆ ਤਾਂ ਪ੍ਰਬੰਧਕਾਂ ਨੇ ਕਿਹਾ ਕਿ ਕੱਪ ਬੈਂਕ ਦੇ ਲਾਕਰ ਵਿੱਚ ਪਏ ਹਨ। ਮੈਂ ਸੋਚਿਆ ਸੀ, ਚੈਨਲ ਦੇ ਦਰਸ਼ਕਾਂ ਨੂੰ ਉਨ੍ਹਾਂ ਕੱਪਾਂ ਦੇ ਦਰਸ਼ਨ ਕਰਵਾ ਕੇ ਉਨ੍ਹਾਂ ਦੀ ਅਹਿਮੀਅਤ ਦੱਸਾਂਗੇ। ਬੈਲ ਗੱਡੀਆਂ ਦੀਆਂ ਦੌੜਾਂ, ਘੋੜ ਦੌੜਾਂ, ਨਿਹੰਗਾਂ ਦੀ ਨੇਜ਼ਾਬਾਜ਼ੀ, ਸੁਹਾਗਾ ਦੌੜਾਂ, ਅਹਿਰਨ, ਮੁਗਦਰ, ਬੋਰੀਆਂ ਚੁੱਕਣਾ, ਗਤਕਾ ਤੇ ਸੌਂਚੀ ਖੇਡਣਾ ਕੁਝ ਵੀ ਨਹੀਂ ਸੀ ਉੱਥੇ। ਓਲੰਪਿਕ ਖੇਡਾਂ ਵਿਚਲੀਆਂ ਖੇਡਾਂ ਦੇ ਮੁਕਾਬਲੇ ਵੀ ਨਾਂਮਾਤਰ ਸਨ। ਨਾ ਪਹਿਲਾਂ ਜਿਹੀਆਂ ਕਬੱਡੀਆਂ ਸਨ, ਨਾ ਰਿਕਾਰਡ ਤੋੜਵੇਂ ਅਥਲੈਟਿਕ ਪ੍ਰੋਗਰਾਮ। ਖੇਡ ਪ੍ਰੇਮੀ ਵੀ ਗ਼ੈਰ ਹਾਜ਼ਰ ਦਿਸੇ, ਤਮਾਸ਼ਬੀਨ ਜ਼ਰੂਰ ਹਾਜ਼ਰ ਸਨ। ਕਿੰਨੀਆਂ ਬਦਲ ਗਈਆਂ ਨੇ ਕਿਲਾ ਰਾਇਪੁਰ ਦੀਆਂ 'ਖੇਲ੍ਹਾਂ'! ਪ੍ਰਬੰਧਕ ਵੀਰ ਬੁਰਾ ਨਾ ਮਨਾਉਣ। ਜਿੰਨਾ ਵੱਡਾ 'ਕਿਲਾ ਰਾਇਪੁਰ ਦੀਆਂ ਖੇਲ੍ਹਾਂ' ਦਾ ਨਾਂ ਹੈ, ਕੀ 84 ਸਾਲਾਂ ਵਿੱਚ ਆਪਣੇ ਇਲਾਕੇ ਵਿੱਚੋਂ ਓਨੇ ਵੱਡੇ ਪੱਧਰ ਦੇ ਖਿਡਾਰੀ ਪੈਦਾ ਕੀਤੇ ਹਨ? ਸਟੰਟ/ਤਮਾਸ਼ੇ, ਪੇਂਡੂ ਖੇਡਾਂ ਨਹੀਂ ਕਹੇ ਜਾਂਦੇ। ਨਾ ਇਹ ਪੇਂਡੂ ਖੇਡਾਂ ਹਨ ਤੇ ਨਾ ਕੌਮੀ ਖੇਡਾਂ। ਕਿਤੇ ਆਪਾਂ ਆਪਣੇ ਬਜ਼ੁਰਗਾਂ ਦੀਆਂ ਮਾਰੀਆਂ ਮੱਲਾਂ ਦੀ ਹੀ ਖੱਟੀ ਤਾਂ ਨਹੀਂ ਖਾਈ ਜਾ ਰਹੇ?

ਯਾਦ ਕਰੋ ਕਲਕੱਤੇ ਦੇ ਟਰਾਂਸਪੋਰਟਰ ਦਲੀਪ ਸਿੰਘ ਗਰੇਵਾਲ ਨੂੰ। 1943 ਵਿੱਚ ਉਹ ਮੇਲੇ ਵਿੱਚ ਸ਼ਾਮਲ ਹੋਇਆ ਸੀ। ਉਹ ਮੇਲੇ ਵਿੱਚ ਖਿਡਾਰੀਆਂ ਉੱਤੋਂ ਦੀ ਰੁਪਈਆਂ ਦਾ ਮੀਂਹ ਵਰ੍ਹਾਉਣ ਲੱਗਾ।

ਕਬੱਡੀ ਦੀ ਕੁਮੈਂਟਰੀ ਕਿਲਾ ਰਾਇਪੁਰ ਦੀਆਂ ਖੇਲ੍ਹਾਂ ਵਿੱਚੋਂ ਜਨਮੀ ਸੀ। ਪੀ. ਟੀ. ਜੋਗਿੰਦਰ ਸਿੰਘ ਇਸ ਦਾ ਜਨਮਦਾਤਾ ਸੀ। ਇਸ ਖੇਡ ਮੇਲੇ ਵਿੱਚ ਹਾਕੀ ਦੇ ਜਾਦੂਗਰ ਧਿਆਨ ਚੰਦ, ਬਲਬੀਰ ਸਿੰਘ, ਊਧਮ ਸਿੰਘ, ਪ੍ਰਿਥੀਪਾਲ ਸਿੰਘ, ਅਜੀਤਪਾਲ ਤੇ ਸੁਰਜੀਤ ਸਿੰਘ ਵਰਗੇ ਆਲਮੀ ਪ੍ਰਸਿੱਧੀ ਵਾਲੇ ਖਿਡਾਰੀ ਖੇਡ ਦੇ ਜੌਹਰ ਵਿਖਾਉਂਦੇ ਰਹੇ। ਦੇਸ਼ ਭਰ ਵਿੱਚੋਂ ਚੋਟੀ ਦੇ ਅਥਲੀਟ ਇਸਦੇ ਟਰੈਕ ਵਿੱਚ ਦੌੜਦੇ ਰਹੇ। ਇੱਥੇ ਗੋਲੇ ਦਾ ਸੁਟਾਵਾ ਪ੍ਰਦੁੱਮਣ ਸਿੰਘ ਆਇਆ, ਡਿਸਕਸ ਵਾਲਾ ਬਲਕਾਰ ਸਿੰਘ ਵੀ ਤੇ ਹੈਮਰ ਸੁੱਟਣ ਵਾਲਾ ਪਰਵੀਨ ਕੁਮਾਰ ਵੀ। ਇੱਥੇ ਕੁਸ਼ਤੀਆਂ ਭਾਵੇਂ ਨਹੀਂ ਹੁੰਦੀਆਂ ਰਹੀਆਂ, ਪਰ ਕਰਤਾਰ ਸਿੰਘ ਤੋਂ ਲੈ ਕੇ ਦਾਰਾ ਸਿੰਘ ਤਕ ਪਹਿਲਵਾਨ ਦਰਸ਼ਨ ਦਿੰਦੇ ਰਹੇ।

1953 ਵਿੱਚ ਲਹਿੰਦੇ ਪੰਜਾਬ ਦੀ ਕਬੱਡੀ ਟੀਮ ਇੱਥੇ ਆਈ ਸੀ। ਉਦੋਂ ਬਿੱਲੂ, ਕਿਰਪਾਲ ਸਾਧ, ਮਾਲੜੀ ਤੇ ਤੋਖੀ ਹੋਰਾਂ ਦੀਆਂ ਚੜ੍ਹ ਮੱਚੀਆਂ ਸਨ। 70ਵਿਆਂ ਵਿੱਚ ਇੰਗਲੈਂਡ ਦੀ ਕਬੱਡੀ ਟੀਮ ਵੀ ਇੱਥੇ ਢੁੱਕੀ। ਕਿਲਾ ਰਾਇਪੁਰ ਦੇ ਖੇਡ ਮੇਲੇ ਨੇ ਪੰਜਾਬ ਦੇ ਪਿੰਡਾਂ ਵਿੱਚ ਖੇਡ ਮੇਲਿਆਂ ਦੀ ਅਜਿਹੀ ਜਾਗ ਲਾਈ ਸੀ ਕਿ ਇਸਦੀ ਰੀਸ ਨਾਲ ਸੈਂਕੜੇ ਪੇਂਡੂ ਖੇਡ ਮੇਲੇ ਹੋਣ ਲੱਗੇ। ਨਾਰੰਗਵਾਲ ਦੇ ਅਲੈਕਸੀ ਸਿੰਘ ਗਰੇਵਾਲ ਨੇ ਲਾਸ ਏਂਜਲਸ ਦੀਆਂ ਓਲੰਪਿਕ ਖੇਡਾਂ-1984 ਵਿੱਚੋਂ ਸਾਈਕਲ ਦੌੜ ਵਿੱਚ ਸੋਨੇ ਦਾ ਤਮਗ਼ਾ ਜਿੱਤਿਆ।

ਐਤਕੀਂ ਅਲੈਕਸੀ ਗਰੇਵਾਲ ਖ਼ੁਦ ਮੇਲੇ ਵਿੱਚ ਆਇਆ। ਟੋਕੀਓ-1964 ਦੀਆਂ ਓਲੰਪਿਕ ਖੇਡਾਂ ਵਿੱਚ 110 ਮੀਟਰ ਹਰਡਲਜ਼ ਦੌੜ ਵਿੱਚੋਂ 5ਵਾਂ ਸਥਾਨ ਹਾਸਲ ਕਰਨ ਵਾਲਾ ਗੁਰਬਚਨ ਸਿੰਘ ਰੰਧਾਵਾ ਵੀ ਮੇਲੇ ਵਿੱਚ ਆਇਆ ਤੇ ਭਾਰਤੀ ਮੁੱਕੇਬਾਜ਼ੀ ਦਾ ਮੁੱਖ ਕੋਚ ਗੁਰਬਖ਼ਸ਼ ਸਿੰਘ ਸੰਧੂ ਵੀ। ਪੰਜਾਬ ਦੇ ਤਿੰਨ ਮੰਤਰੀ ਮੇਲੇ ਵਿੱਚ ਆਏ ਜਿਨ੍ਹਾਂ ਨੇ ਪੰਜਾਹ ਕੁ ਲੱਖ ਦੀਆਂ ਗ੍ਰਾਂਟਾਂ ਦਿੱਤੀਆਂ। ਕੀ ਕਿਲਾ ਰਾਇਪੁਰੀਏ ਪੇਂਡੂ ਖੇਡ ਮੇਲਿਆਂ ਦੀ ਮਾਂ ਕਹੀਆਂ ਜਾਂਦੀਆਂ 'ਕਿਲਾ ਰਾਇਪੁਰ ਦੀਆਂ ਖੇਲ੍ਹਾਂ' ਨੂੰ ਅਗਲੇ ਸਾਲ ਸੱਚੀਮੁੱਚੀ 'ਪੇਂਡੂ ਓਲੰਪਿਕਸ' ਬਣਾਉਣਗੇ ਜਾਂ ਨਿਰੇ ਖੇਲ੍ਹ-ਤਮਾਸ਼ੇ ਕਰਾ ਕੇ ਹੀ ਗ੍ਰਾਂਟਾਂ ਲਈ ਜਾਣਗੇ?



# ਟੀ ਵੀ ਨਿਊਜ਼ ਚੈਨਲ ਆਪਣੇ ਤੌਰ-ਤਰੀਕੇ ਸੁਧਾਰਨ

ਵਿਪਿਨ ਪੱਬੀ

ਜਦੋਂ ਤੋਂ ਟੈਲੀਵਿਜ਼ਨ ਦਾ ਪ੍ਰਚਲਨ ਹੋਇਆ ਹੈ, ਉਦੋਂ ਤੋਂ ਹੀ ਮੀਡੀਆ ਦੇ ਪੱਧਰ 'ਚ ਬਹੁਤ ਤੇਜ਼ੀ ਨਾਲ ਗਿਰਾਵਟ ਆਈ ਹੈ, ਪਰ ਪਹਿਲਾਂ ਦੇ ਮੁਕਾਬਲੇ ਜ਼ਿਆਦਾ ਤੇਜ਼ੀ ਨਾਲ ਹੋ ਰਹੇ ਪਤਨ ਦਾ ਕੋਈ ਸਿਰਾ ਦਿਖਾਈ ਨਹੀਂ ਦਿੰਦਾ। ਟੀ ਵੀ 'ਤੇ ਖ਼ਬਰਾਂ ਦੇਖਣਾ ਹੁਣ ਇੰਨਾ ਖਿਝ ਭਰਿਆ ਹੋ ਚੁੱਕਾ ਹੈ ਕਿ ਵੱਧ ਤੋਂ ਵੱਧ ਲੋਕ ਟੀ ਵੀ ਉੱਤੇ ਖ਼ਬਰਾਂ ਦੇਖਣ ਤੋਂ ਪ੍ਰਹੇਜ਼ ਕਰਨ ਲੱਗੇ ਹਨ। ਟੀ ਵੀ ਉੱਤੇ ਖ਼ਬਰਾਂ ਦੇ ਡਿਗਦੇ ਮਿਆਰ ਦੀ ਸਭ ਤੋਂ ਤਾਜ਼ਾ ਮਿਸਾਲ ਪ੍ਰਸਿੱਧ ਫਿਲਮੀ ਹੀਰੋਇਨ ਸ੍ਰੀਦੇਵੀ ਦੀ ਦੁੱਖਦਾਈ ਮੌਤ ਦੀ ਕਵਰੇਜ ਨਾਲ ਸੰਬੰਧਤ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਕਿਸੇ ਪ੍ਰਸਿੱਧ ਹਸਤੀ ਦੀ ਮੌਤ ਅਤੇ ਉਹ ਵੀ ਮੁਕਾਬਲਤਨ ਜਵਾਨ ਅਵਸਥਾ ਵਿੱਚ ਹੋਣ 'ਤੇ ਖ਼ਬਰਾਂ ਵਿੱਚ ਚਰਚਾ ਹੁੰਦੀ ਹੈ। ਜਿਸ ਕਿਸੇ ਨੇ ਵੀ ਇਹ ਦੁੱਖਦਾਈ ਖ਼ਬਰ ਸੁਣੀ, ਉਸ ਨੂੰ ਡੂੰਘਾ ਸਦਮਾ ਲੱਗਾ ਤੇ ਸ੍ਰੀਦੇਵੀ ਦੀ ਮੌਤ ਦੀ ਖ਼ਬਰ ਸਭ ਤੋਂ ਵੱਧ ਚਰਚਿਤ ਖ਼ਬਰਾਂ 'ਚ ਸ਼ਾਮਲ ਹੋ ਗਈ ਅਤੇ ਲਗਭਗ ਸਾਰੇ ਟੀ ਵੀ ਚੈਨਲਾਂ ਨੇ ਇਸ ਦੀ ਕਵਰੇਜ ਕੀਤੀ।

ਦਰਜਨਾਂ ਹਿੰਦੀ ਅਤੇ ਦੱਖਣ ਭਾਰਤੀ ਫਿਲਮਾਂ ਵਿੱਚ ਐਕਟਿੰਗ ਦੇ ਦਮ ਉੱਤੇ ਕਰੋੜਾਂ ਲੋਕਾਂ ਦੇ ਦਿਲਾਂ ਦੀ ਧੜਕਣ ਬਣ ਚੁੱਕੀ ਸ੍ਰੀਦੇਵੀ ਦੀ ਵਿਦੇਸ਼ੀ ਧਰਤੀ 'ਤੇ ਰਹੱਸਮਈ ਹਾਲਾਤ ਵਿੱਚ ਅਚਾਨਕ ਮੌਤ ਨਾਲ ਸੰਬੰਧਤ ਜਗਿਆਸਾ ਹੋਣੀ ਸੁਭਾਵਿਕ ਸੀ। ਬੇਸ਼ੱਕ ਉਹ ਲਗਭਗ ਡੇਢ ਦਹਾਕਾ ਪਹਿਲਾਂ ਫਿਲਮਾਂ ਨੂੰ ਅਲਵਿਦਾ ਕਹਿ ਚੁੱਕੀ ਸੀ, ਫਿਰ ਵੀ 'ਇੰਗਲਿਸ਼-ਵਿੰਗਲਿਸ਼' ਅਤੇ ਮੁੱਠੀ ਭਰ ਹੋਰਨਾਂ ਫਿਲਮਾਂ ਵਿੱਚ ਸਫਲਤਾ ਪੂਰਵਕ ਵਾਪਸੀ ਕਰਦਿਆਂ ਉਸ ਨੇ ਆਪਣੀ ਅਦਾਕਾਰੀ ਦਾ ਲੋਹਾ ਮੰਨਵਾਇਆ ਸੀ। ਇਸ ਅਚਾਨਕ ਮੌਤ 'ਤੇ ਜਗਿਆਸਾ ਹੋਣੀ ਤਾਂ ਸੁਭਾਵਿਕ ਸੀ, ਪਰ ਜ਼ਿਆਦਾਤਰ ਟੀ ਵੀ ਚੈਨਲਾਂ ਨੇ ਜਿਸ ਢੰਗ ਨਾਲ ਇਸ ਮੌਤ ਦੀ ਖ਼ਬਰ ਦੀ ਕਵਰੇਜ ਕੀਤੀ, ਉਹ ਸ਼ਰਮਨਾਕ ਸੀ।

ਸ੍ਰੀਦੇਵੀ ਦੀ ਮੌਤ ਬਾਰੇ ਮੁੱਢਲੀਆਂ ਰਿਪੋਰਟਾਂ ਵਿੱਚ ਜਾਣਕਾਰੀ ਦੀ ਘਾਟ ਸੀ, ਇਸ ਦੇ ਬਾਵਜੂਦ ਚੈਨਲਾਂ ਵੱਲੋਂ ਬਹੁਤ ਬੇਹੂਦਾ ਕਿਸਮ ਦੇ ਅਤੇ ਹਾਸੋਹੀਣੇ ਸਿੱਟੇ ਕੱਢੇ ਗਏ। ਜਿਵੇਂ ਮੁੱਢਲੀਆਂ ਰਿਪੋਰਟਾਂ 'ਤੇ ਆਧਾਰਤ ਇਹ ਖ਼ਬਰ ਆਈ ਕਿ ਸ੍ਰੀਦੇਵੀ ਦੀ ਮੌਤ ਅਚਾਨਕ ਦਿਲ ਦਾ ਦੌਰਾ ਪੈਣ ਨਾਲ ਹੋਈ ਹੈ, ਕਥਿਤ 'ਮਾਹਰਾਂ' ਦੇ ਨਾਲ ਨਿਊਜ਼ ਐਂਕਰਾਂ ਨੇ ਕਥਿਤ ਪਲਾਸਟਿਕ ਸਰਜਰੀ 'ਤੇ ਫੋਕਸ ਬਣਾਉਂਦਿਆਂ ਕਹਿਣਾ ਸ਼ੁਰੂ ਕਰ ਦਿੱਤਾ ਕਿ ਸ੍ਰੀਦੇਵੀ ਨੇ ਆਪਣੀ ਚਮੜੀ ਨੂੰ ਢਿਲਕਣ ਤੋਂ ਬਚਾਉਣ ਤੇ ਖ਼ੁਦ ਨੂੰ 'ਸਲਿਮ' ਰੱਖਣ ਲਈ ਇਹ ਸਰਜਰੀਆਂ ਕਰਵਾਈਆਂ ਸਨ। ਅਜਿਹੀਆਂ ਅਟਕਲਾਂ ਵੀ ਲਾਈਆਂ ਗਈਆਂ ਕਿ ਉਨ੍ਹਾਂ ਨੇ ਦੋ ਦਰਜਨ ਤੋਂ ਜ਼ਿਆਦਾ ਸਰਜਰੀਆਂ ਕਰਵਾਈਆਂ ਸਨ। ਕੁਝ ਨੇ ਸਰਜਰੀਆਂ ਦੀ ਅਸਲ ਗਿਣਤੀ 27 ਹੋਣ ਦਾ ਦਾਅਵਾ ਕੀਤਾ ਅਤੇ ਕਿਹਾ ਕਿ ਸ੍ਰੀਦੇਵੀ ਦਾ ਖ਼ੁਦ ਨੂੰ ਸਲਿਮ ਬਣਾਈ ਰੱਖਣ ਦਾ ਜਨੂੰਨ ਅਤੇ ਹਲਕੀ ਖ਼ੁਰਾਕ ਲੈਣਾ ਹੀ ਉਨ੍ਹਾਂ ਦੀ ਮੌਤ ਦਾ ਕਾਰਨ ਬਣਿਆ।

'ਮਾਹਰਾਂ' ਨੇ ਕਿਹਾ ਕਿ ਅਚਾਨਕ ਦਿਲ ਦਾ ਦੌਰਾ ਉਨ੍ਹਾਂ ਲੋਕਾਂ ਲਈ ਇੱਕ ਸਬਕ ਹੈ, ਜੋ ਸਿਹਤਮੰਦ ਜੀਵਨ ਸ਼ੈਲੀ ਨਹੀਂ ਅਪਣਾਉਂਦੇ। ਹਰ ਚੈਨਲ 'ਤੇ ਮੈਡੀਕਲ ਮਾਹਰ ਤੈਨਾਤ ਸਨ, ਜੋ ਇਹ ਪੁਸ਼ਟੀ ਕਰ ਰਹੇ ਸਨ ਕਿ ਵਾਰ-ਵਾਰ ਕਰਵਾਈਆਂ ਜਾਣ ਵਾਲੀਆਂ ਸਰਜਰੀਆਂ ਬਹੁਤ ਨੁਕਸਾਨ ਪੁਚਾ ਸਕਦੀਆਂ ਹਨ। ਨੌਜਵਾਨ ਤੇ ਫਿੱਟ ਨਜ਼ਰ ਆਉਣ ਦਾ ਰੁਝਾਨ ਬਿਲਕੁਲ ਅਜਿਹੀ ਆਫ਼ਤ ਨੂੰ ਸੱਦਾ ਦੇਣਾ ਹੈ, ਜਿਹੋ ਜਿਹੀ ਸ੍ਰੀਦੇਵੀ 'ਤੇ ਆਈ।

ਜਿਵੇਂ ਹੀ ਦੁਬਈ ਤੋਂ ਇਹ ਖ਼ਬਰ ਆਈ ਕਿ ਸ੍ਰੀਦੇਵੀ ਦੀ ਮੌਤ ਸੰਯੋਗ ਨਾਲ ਬਾਥ ਟੱਬ ਵਿੱਚ ਡੁੱਬਣ ਨਾਲ ਹੋਈ, ਇਨ੍ਹਾਂ ਸਾਰੇ ਚੈਨਲਾਂ ਨੇ 180 ਡਿਗਰੀ ਦੇ ਕੋਣ 'ਤੇ ਘੁੰਮਦਿਆਂ ਇਸ ਗੱਲ 'ਤੇ ਫੋਕਸ ਬਣਾਉਣਾ ਸ਼ੁਰੂ ਕਰ ਦਿੱਤਾ ਕਿ ਸ੍ਰੀਦੇਵੀ ਨੂੰ ਸ਼ਰਾਬ ਪੀਣ ਦੀ ਆਦਤ ਸੀ ਜਾਂ ਨਹੀਂ। ਇੱਕ ਆਪੇ ਬਣੇ 'ਨੇੜਲੇ ਸਹਿਯੋਗੀ' ਨੇ ਇਹ ਖ਼ੁਲਾਸਾ ਕੀਤਾ ਕਿ ਉਹ ਵਾਈਨ ਵਰਗੀ ਹਲਕੀ ਸ਼ਰਾਬ ਤਾਂ ਪੀ ਲੈਂਦੀ ਸੀ, ਪਰ ਕਦੇ ਤੇਜ਼ ਸ਼ਰਾਬ ਨਹੀਂ ਪੀਂਦੀ ਸੀ। ਇਹ ਸਪੱਸ਼ਟ ਨਹੀਂ ਕਿ ਇਸ ਸੱਜਣ ਦੇ ਵਿਚਾਰਾਂ ਅਨੁਸਾਰ ਕੀ ਤੇਜ਼ ਸ਼ਰਾਬ ਪੀਣ ਵਾਲੇ ਹਰੇਕ ਵਿਅਕਤੀ ਦੀ ਅਚਨਚੇਤ ਮੌਤ ਹੋਣੀ ਲਾਜ਼ਮੀ ਹੈ? ਅਤੇ ਇਹ ਕੋਈ ਹੈਰਾਨੀਜਨਕ ਜਾਂ ਅਸਾਧਾਰਨ ਗੱਲ ਨਹੀਂ।

ਦਰਜਨਾਂ ਐਂਕਰਾਂ ਅਤੇ ਮਾਹਰਾਂ ਨੇ ਫਿਰ ਇਹ ਖ਼ਦਸ਼ੇ ਉਠਾਉਣੇ ਸ਼ੁਰੂ ਕਰ ਦਿੱਤੇ ਕਿ ਕੋਈ ਵਿਅਕਤੀ ਬਾਥ ਟੱਬ (ਹਮਾਮ) ਵਿੱਚ ਕਿਵੇਂ ਡੁੱਬ ਸਕਦਾ ਹੈ। ਉਦੋਂ ਫਿਰ ਸਾਜ਼ਿਸ਼ ਦੀਆਂ ਥਿਊਰੀਆਂ ਅਤੇ ਸੰਭਾਵੀ ਹੱਤਿਆ ਦੇ ਸ਼ੱਕ ਦੀ ਚਰਚਾ ਹੋਣੀ ਸ਼ੁਰੂ ਹੋ ਗਈ। ਅਮਲੀ ਤੌਰ 'ਤੇ ਹਰ ਟੀ ਵੀ ਚੈਨਲ ਉੱਤੇ ਲਗਾਤਾਰ ਚਰਚਾ ਚੱਲ ਰਹੀ ਸੀ। ਅਜਿਹੀ ਸਥਿਤੀ ਵਿੱਚ ਰਿਮੋਟ ਕੰਟਰੋਲ ਵੀ ਨਕਾਰਾ ਸਿੱਧ ਹੋ ਰਹੇ ਸਨ ਕਿਉਂਕਿ ਚੈਨਲ ਬਦਲਣ ਦਾ ਕੋਈ ਫਾਇਦਾ ਨਹੀਂ ਸੀ। ਸੋਸ਼ਲ ਮੀਡੀਆ ਦੇ ਇੱਕ ਵਰਗ ਨੇ ਟੀ ਵੀ ਚੈਨਲਾਂ ਦੀਆਂ ਤਰਜੀਹਾਂ ਦਾ ਯਕੀਨੀ ਤੌਰ 'ਤੇ ਮਜ਼ਾਕ ਉਡਾਇਆ ਕਿਉਂਕਿ ਢੇਰ ਸਾਰੀਆਂ ਹੋਰ ਪ੍ਰਮੁੱਖ ਘਟਨਾਵਾਂ ਦੀ ਰਿਪੋਰਟਿੰਗ ਨੂੰ ਜਗ੍ਹਾ ਹੀ ਨਹੀਂ ਮਿਲ ਰਹੀ ਸੀ।

ਨਿਊਜ਼ ਚੈਨਲਾਂ ਦੀ ਬੇਚੈਨੀ ਤੇ ਖਿਝ ਵਧਦੀ ਜਾ ਰਹੀ ਹੈ ਤੇ ਇਨ੍ਹਾਂ ਦੀ ਮੈਨੇਜਮੈਂਟ ਜੇ ਇਹ ਸੋਚਦੀ ਹੈ ਕਿ ਅਜਿਹੀ ਕਵਰੇਜ ਨਾਲ ਇਨ੍ਹਾਂ ਦੀ ਟੀ ਆਰ ਪੀ ਵਧ ਜਾਵੇਗੀ ਤੇ ਸਿੱਟੇ ਵਜੋਂ ਇਸ਼ਤਿਹਾਰਾਂ ਦੇ ਜ਼ਰੀਏ ਜ਼ਿਆਦਾ ਕਮਾਈ ਹੋਵੇਗੀ ਤਾਂ ਇਹ ਬਹੁਤ ਵੱਡੀ ਗਲਤੀ ਹੈ। ਮੈਂ ਲਗਭਗ ਚਾਰ ਦਹਾਕਿਆਂ ਤੋਂ ਮੀਡੀਆ ਦਾ ਹਿੱਸਾ ਹਾਂ, ਫਿਰ ਵੀ ਮੇਰੇ ਲਈ ਅਜਿਹੇ ਕਵਰੇਜ ਕਰਨਾ ਅਸੰਭਵ ਹੈ। ਮੈਂ ਪ੍ਰੈਸ ਦੀ ਆਜ਼ਾਦੀ ਦਾ ਪੱਕਾ ਸਮਰਥਕ ਹਾਂ। ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਵੱਧ ਤੋਂ ਵੱਧ ਲੋਕ ਸੋਸ਼ਲ ਮੀਡੀਆ ਨੂੰ ਜ਼ਿਆਦਾ ਭਰੋਸੇਮੰਦ ਮੰਨਦੇ ਹੋਏ ਘਟਨਾ ਦੀ ਅਸਲੀ ਜਾਣਕਾਰੀ ਲਈ ਉਸੇ ਦਿਸ਼ਾ ਵਿੱਚ ਮੁੜ ਰਹੇ ਹਨ। ਅਜਿਹੇ ਭਰੋਸੇਯੋਗ ਡਿਜੀਟਲ ਸੋਸ਼ਲ ਮੀਡੀਆ 'ਚੋਂ ਕੁਝ ਨੂੰ ਸਥਾਪਤ ਅਖ਼ਬਾਰਾਂ ਵੱਲੋਂ ਚਲਾਇਆ ਜਾ ਰਿਹਾ ਹੈ। ਅਜੇ ਵੀ ਸਮਾਂ ਹੈ ਕਿ ਟੀ ਵੀ ਨਿਊਜ਼ ਚੈਨਲ ਆਪਣੇ ਤੌਰ-ਤਰੀਕੇ ਸੁਧਾਰਨ ਜਾਂ ਫਿਰ ਆਪਣੀ ਬਰਬਾਦੀ ਦਾ ਰਾਹ ਤੱਕਣਾ ਸ਼ੁਰੂ ਕਰ ਦੇਣ।

# ਇਕ ਆਮ ਲੜਕੀ ਤੋਂ ਬਣ ਗਈ ਦੂਜੇ ਦੇਸ਼ ਦੀ ਮਹਾਰਾਣੀ

ਜਾਰਡਨ ਵਿਚ ਰਾਇਲ ਫੈਮਲੀ ਦਾ ਰਾਜਾ ਹੈ ਅਬਦੁੱਲਾ-2 ਬਿਲ ਅਲ ਹੁਸੈਨ। ਇੱਥੋਂ ਦੀ ਕੁਈਨ ਰਾਨੀਆ ਆਪਣੇ ਗੁੱਡ ਲੁਕ ਅਤੇ ਪਾਵਰਫੁੱਲ ਪ੍ਰਸਨੈਲਟੀ ਦੇ ਕਾਰਨ ਹਮੇਸ਼ਾ ਖ਼ਬਰਾਂ ਵਿਚ ਰਹਿੰਦੀ ਹੈ। ਉਹਨਾਂ ਨੇ ਕੁਵੈਤ ਦੀ ਇਕ ਆਮ ਲੜਕੀ ਤੋਂ ਜੌਰਡਨ ਦੀ ਮਹਾਰਾਣੀ ਬਣਨ ਤੱਕ ਦਾ ਸਫਰ ਤਹਿ ਕੀਤਾ ਹੈ। 46 ਸਾਲ ਦੀ ਉਮਰ ਵਿਚ ਵੀ 26 ਸਾਲ ਦੀ ਯੰਗ ਲੜਕੀ ਵਰਗੀ ਨਜ਼ਰ ਆਉਂਦੀ ਹੈ। ਬਾਲੀਵੁੱਡ ਅਭਿ-ਨੇਤਰੀ ਪ੍ਰਿਅੰਕਾ ਚੋਪੜਾ ਵੀ ਉਹਨਾਂ ਨੂੰ ਪ੍ਰੇਰਨਾ ਮੰਨਦੀ ਹੈ। ਜੌਰਡਨ ਵਿਚ ਆਪਣੇ ਪਰਿਵਾਰ ਦੇ ਨਾਲ ਰਹਿ ਰਹੀ ਰਾਨੀਆ ਬੈਂਕਿੰਗ ਅਤੇ ਆਈ. ਟੀ. ਸੈਕਟਰ ਵਿਚ ਆਪਣਾ ਕੈਰੀਅਰ ਅਜ਼ਮਾ ਰਹੀ ਸੀ। ਕੁਝ ਸਮਾਂ ਉਹਨਾਂ ਨੇ ਸਿਟੀ ਬੈਂਕ ਦੇ ਲਈ ਮਾਰਕੀਟਿੰਗ ਦਾ ਕੰਮ ਕੀਤਾ।ਇਸ ਤੋਂ ਬਾਅਦ ਉਹ ਓਮਾਨ ਵਿਚ ਐਪਲ ਕਾਰਪੋਰੇਸ਼ਨ ਦੇ ਨਾਲ ਮਾਰਕੀਟਿੰਗ ਦਾ ਕੰਮ ਕਰਨ ਲੱਗੀ। ਇਸੇ ਦੌਰਾਨ 1992 ਵਿਚ ਅਬਦੁੱਲਾ ਦੀ ਭੈਣ ਨੇ ਇਕ ਡਿਨਰ ਪਾਰਟੀ ਰੱਖੀ, ਇਸ ਵਿਚ ਰਾਨੀਆ ਵੀ ਸ਼ਾਹੀ ਪਰਿਵਾਰ ਦੀ ਮਹਿਮਾਨ ਸੀ। ਇਸ ਡਿਨਰ ਪਾਰਟੀ ਵਿਚ ਉਹਨਾਂ ਦੀ ਮੁਲਾਕਾਤ ਉਸ ਵਕਤ ਪ੍ਰਿੰਸ ਰਹੇ ਅਬਦੁੱਲਾ ਨਾਲ ਹੋਈ ਅਤੇ ਛੇ ਮਹੀਨੇ ਦੇ ਰਿਲੇਸ਼ਨ ਤੋਂ





ਬਾਅਦ ਦੋਵਾਂ ਦੀ ਮੰਗਣੀ ਦਾ ਐਲਾਨ ਕਰ ਦਿੱਤਾ। ਇਸ ਤੋਂ ਬਾਅਦ 10 ਜੂਨ 1993 ਨੂੰ ਦੋਵਾਂ ਦੇ ਵਿਆਹ ਹੋ ਗਿਆ ਅਤੇ ਉਹ ਪਰਿਵਾਰ ਦੀ ਨੂੰਹ ਬਣ ਗਈ। ਫਿਲਹਾਲ ਦੋਵਾਂ ਦੇ ਚਾਰ ਬੱਚੇ ਹਨ। ਵਿਆਹ ਤੋਂ ਬਾਅਦ ਉਹ ਸ਼ਾਹੀ ਪਰਿਵਾਰ ਦੀ ਆਪਣੀ ਜ਼ਿੰਮੇਵਾਰੀਆਂ ਨਿਭਾਉਣ ਦੇ ਨਾਲ ਸੋਸ਼ਲ ਵਰਕ ਵੀ ਕਰ ਰਹੀ ਹੈ। ਰਾਨੀਆ ਨੂੰ ਔਰਤਾਂ, ਬੱਚਿਆਂ ਅਤੇ ਪਬਲਿਕ ਹੈਲਥ ਵਰਗੇ ਖੇਤਰਾਂ ਵਿਚ ਬਿ-ਹਤਰੀਨ ਕੰਮ ਕਰਨ ਲੀ ਦੁਨੀਆਂ ਭਰ ਵਿਚ ਜਾਣਿਆ ਜਾਂਦਾ ਹੈ। ਫੋਰਬਸ ਨੇ 2016 ਵਿਚ ਉਹਨਾਂ ਨੂੰ ਦੁਨੀਆਂ ਦੀਆਂ 100 ਤਾਕਤਵਰ ਔਰਤਾਂ ਦੀ ਲਿਸਟ ਵਿਚ ਸ਼ਾਮਲ ਕੀਤਾ ਸੀ।

**ਜੰਗ ਕਾਰਨ ਛੱਡਣਾ ਪਿਆ ਆਪਣਾ ਦੇਸ਼**

ਰਾਨੀਆ ਜਨਮ ਤੋਂ ਕੁਵੈਤ ਵਿਚ ਰਹਿ ਰਹੀ ਇਕ ਫਲਸਤੀਨੀ ਪਰਿਵਾਰ ਤੋਂ ਹੈ। ਉਹਨਾਂ ਦੀ ਪੜ੍ਹਾਈ ਕੁਵੈਤ ਦੇ ਜਬਰੀਆ ਦੇ ਅੰਗਰੇਜ਼ੀ ਸਕੂਲ ਵਿਚ ਹੋਈ। ਇਸ ਤੋਂ ਬਾਅਦ ਕਾਹਿਰਾ ਵਿਚ ਅਮਰੀਕਨ ਯੂਨੀ-ਵਰਸਿਟੀ ਤੋਂ ਉਹਨਾਂ ਨੇ ਬਿਜਨਸ ਐਡ-ਮਿਨਸਟ੍ਰੇਸ਼ਨ ਵਿਚ ਗ੍ਰੈਜੂਏਸ਼ਨ ਦੀ ਡਿਗਰੀ ਲਈ। 1991 ਵਿਚ ਗਲਫ ਵਾਰ ਦੌਰਾਨ ਹਜ਼ਾਰਾਂ ਫਲਸਤੀਨੀਆਂ ਦੇ ਨਾਲ ਉਹਨਾ ਦਾ ਪਰਿਵਾਰ ਵੀ ਭੱਜ ਨਿਕਲਿਆ ਅਤੇ ਜਾਰਡਨ ਸੈਟਲ ਹੋ ਗਿਆ। ਫਿਰ ਜਾਰਡਨ ਵਿਚ ਰਾਨੀਆ ਨੇ ਇੱਥੇ ਆਪਣੀ ਯੂਨੀਵਰਸਿਟੀ ਦੀ ਪੜ੍ਹਾਈ ਪੂਰੀ ਕੀਤੀ।

ਬਾਲੀਵੁੱਡ ਅਭਿਨੇਤਰੀ ਪ੍ਰਿਅੰਕਾ ਚੋਪੜਾ ਨੇ ਪਿਛਲੇ ਸਾਲ ਉਹਨਾਂ ਦੇ ਨਾਲ ਆਪਣੀ ਫੋਟੋ ਸ਼ੇਅਰ ਕਰਦੇ ਹੋਏ ਸੀਰੀਆ ਵਿਚ ਉਹਨਾਂ ਦੇ ਸੋਸ਼ਲ ਵਰਕ ਦੀ ਸ਼ਲਾਘਾ ਕੀਤੀ ਸੀ। ਉਹਨਾਂ ਨੇ ਲਿਖਿਆ ਸੀ ਕਿ ਕੁਈਨ ਰਾਨੀਆ ਇਕ ਅਸਲ ਪ੍ਰੇਰਨਾ ਸਰੋਤ ਹੈ।

# ਦੁਨੀਆਂ ਦੀ ਸਭ ਤੋਂ ਸੁਰੱਖਿਅਤ ਤਿਜੋਰੀ - ਇੱਥੇ ਰੱਖਿਆ ਹੈ ਕਰੀਬ 4600 ਟਨ ਸੋਨਾ

ਦੁਨੀਆਂ ਦੇ ਸਭ ਤੋਂ ਤਾਕਤਵਰ ਮੁਲਕ ਅਮਰੀਕਾ ਦੇ ਕੋਲ ਅਥਾਹ ਸੋਨਾ ਹੈ। ਅਮਰੀਕਾ ਦੇ ਇਸ ਆਫੀਸ਼ੀਅਲ ਗੋਲਡ ਰਿਜ਼ਰਵ ਦਾ ਇਕ ਵੱਡਾ ਹਿੱਸਾ ਕੇਂਟੁਕੀ ਦੇ ਫੋਰਟ ਨਾਕਸ ਸਥਿਤ ਬੁਲੀਅਨ ਡਿਪੋਜਿਟਰੀ ਵਿਚ ਰੱਖਿਆ ਗਿਆ ਹੈ। ਇਸਦੀ ਮਾਤਰਾ ਕਰੀਬ 4600 ਟਨ ਹੈ। ਫੋਰਟ ਨਾਕਸ ਇਕ ਆਰਮੀ ਪੋਸਟ ਹੈ, ਜੋ 109,000 ਏਕੜ ਵਿਚ ਫੈਲੀ ਹੈ। ਇਸਦੇਅੰਦਰ ਮੌਜੂਦ ਗੋਲਡ ਵਾਲਟ ਮੋਟੀ ਗ੍ਰੇਨਾਈਟ ਦੀ ਦੀਵਾਰ ਨਾਲ ਘਿਰੀ ਹੈ। ਛੱਤ ਬੰਬ ਪਰੂਫ ਹੈ। ਇਹ ਦੁਨੀਆਂ ਦੀ ਸਭ ਤੋਂ ਸੁਰੱਖਿਅਤ ਬਿਲਡਿੰਗਾਂ ਵਿੱਚੋਂ ਇਕ ਹੈ।

ਫੈਡਰਲ ਰਿਜ਼ਰਵ ਮੁਤਾਬਕ ਇਸ ਬਿਲਡਿੰਗ ਵਿਚ 147.3 ਮਿਲੀਅਨ ਔਂਸ ਯਾਨਿ 4600 ਮੀਟ੍ਰਿਕ ਟਨ ਗੋਲਡ ਬ੍ਰਿਕਸ ਰੱਖੀਆਂ ਹਨ। ਇਸਨੂੰ ਯੂਨਾਈਟਿਡ ਸਟੇਟ ਬੁਲੀਅਨ ਡਿਪਾਜ਼ਿਟਰੀ ਵੀ ਕਹਿੰਦਾ ਹੈ। ਬਿਲਡਿੰਗ ਵਿਚ ਜਿਸ ਜਗ੍ਹਾ ਇਹ ਗੋਲਡ ਰੱਖਿਆ ਹੈ, ਉਹ ਜਗ੍ਹਾ ਗ੍ਰੇਨਾਈਟ ਦੀ ਮੋਟੀ ਦੀਵਾਰ ਨਾਲ ਘਿਰੀ ਹੈ। ਫੋਰਟ ਨਾਕਸ ਬਿਲਡਿੰਗ ਮਲਟੀਪਲ ਅਲਾਰਮ ਵਾਲੀ ਫੈਂਸਿਜ਼ ਨਾਲ ਲੈਸ ਹੈ, ਜਿਸਦੀ ਅਪਾਚੇ ਹੈਲੀਕਾਪਟਰ ਨਾਲ ਨਿਗਰਾਨੀ ਕੀਤੀ ਜਾਂਦੀ ਹੈ।



ਇਸ ਵਿਚ 22 ਟਨ ਦੇ ਦਰਵਾਜ਼ੇ ਲੱਗੇ ਹਨ। ਸਟਾਫ ਦੇ 10 ਅਲੱਗ-ਅਲੱਗ ਲੋਕਾਂ ਦੇ ਕਾਂਬੀਨੇਸ਼ਨ ਕੋਡ ਨਾਲ ਇਸ ਦਰਵਾਜ਼ੇ ਨੂੰ ਲੌਕ ਕੀਤਾ ਗਿਆ ਹੈ। ਇਹਨਾਂ ਨੂੰ ਆਪਣੇ ਕੋਡ ਤੋਂ ਇਲਾਵਾਦੂਜੇ ਸਟਾਫ ਮੈਂਬਰਾਂ ਦੇ ਕੋਡ ਨਹੀਂ ਪਤਾ ਹੁੰਦੇ। ਜੇਕਰ ਕੋਈ ਇਸ ਬਿਲਡਿੰਗ ਦੇ ਕਰੀਬ ਵੀ ਜਾਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਦੀ ਸੁਰੱਖਿਆ ਲਈ ਅਪਾਚੇ ਹੈਲੀਕਾਪਟਰ, ਟੈਂਕ, ਵਾੜ, ਗਾਰਡ, ਕੰਕਰੀਟ ਲਾਈਨਵਾਲੀ ਗ੍ਰੇਨਾਈਟ ਦੀ ਦੀਵਾਰ ਅਤੇ ਚਾਰੇ ਪਾਸੇ ਅਲਾਰਮ ਉਸਨੂੰ ਸਫਲ ਨਹੀਂ ਹੋਣ ਦੇਣਗੇ।

**ਕਈ ਮੁਲਕ ਰੱਖ ਚੁੱਕੇ ਹਨ ਆਪਣੀ ਸੰਪਤੀ**

ਇਸ ਬਿਲਡਿੰਗ ਦੇ ਸਕਿਊਰਟੀ ਸਿਸਟਮ ਬਾਰੇ ਜਾਣ ਕੇ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਸੈਕਿੰਡ ਵਰਲਡ ਵਾਰ ਦੇ ਵਕਤ ਆਖਿਰ ਕਿਉਂ ਫੋਰਟ ਨਾਕਸ ਨੂੰ ਪ੍ਰਾਇਮਰੀ ਸਟੋਰੇਜ ਆਪਸ਼ਨ ਦੇ ਤੌਰ ਤੇ ਚੁਣਿਆ ਗਿਆ। ਇੱਥੇ ਯੂਰਪੀਅਨ ਮੁਲਕਾਂ ਦੇ ਗੋਲਡ ਰਿਜ਼ਰਵ, ਮੈਗਨਾ ਕਾਰਟਾ, ਯੂ. ਕੇ. ਦਾ ਕ੍ਰਾਊਨ ਜਵੇਲਰਸ ਅਤੇ ਅਮਰੀਕੀ ਸੰਵਿਧਾਨ ਨੂੰ ਸੁਰੱਖਿਅਤ ਰੱਖਿਆ ਗਿਆ।

**ਸਾਢੇ 3 ਕਰੋੜ ਆਈ ਲਾਗਤ**

ਸਾਲ 1936 ਵਿਚ ਅਮਰੀਕੀ ਟ੍ਰੇਜਰੀ ਵਿਭਾਗ ਨੇ ਕੇਂਟੁਕੀ ਵਿਚ ਸਥਿਤ ਫੋਰਟ ਨਾਕਸ ਵਿਚ ਯੂਨਾਈਟਿਡ ਸਟੇਟਸ ਬੁਲੀਅਨ ਡਿਪਾਜ਼ਿਟਰੀ ਦਾ ਨਿਰਮਾਣ ਪੂਰਾ ਕੀਤਾ ਸੀ। ਅਮਰੀਕੀ ਟ੍ਰੇਜਰੀ ਵਿਭਾਗ ਨੂੰ ਇਹ ਜ਼ਮੀਨ ਅਮਰੀਕੀ ਮਿਲਟਰੀ ਨੇ ਟਰਾਂਸਫਰ ਕੀਤੀ ਸੀ। ਇਸਦੇ ਨਿਰਮਾਣ 'ਤੇ ਉਸ ਵਕਤ ਸਾਢੇ 3 ਕਰੋੜ (6.6 ਲੱਖ ਅਮਰੀਕੀ ਡਾਲਰ) ਦਾ ਖਰਚ ਆਇਆ ਸੀ। ਸਾਲ 1988 ਵਿਚ ਇਸ ਜਗ੍ਹਾ ਨੂੰ ਅਮਰੀਕਾ ਦੇ ਨੈਸ਼ਨਲ ਰਜਿਸਟਰ ਆਫ ਹਿਸਟੋਰਿਕ ਪਲੇਸੇਜ਼ ਵਿਚ ਸ਼ਾਮਲ ਕਰ ਲਿਆ ਗਿਆ।

# ਅਨੋਖਾ ਜੀਵ, ਆਪਣੀ ਹਰ ਬਿਮਾਰੀ ਅਤੇ ਸੱਟ ਖ਼ੁਦ ਕਰਦਾ ਹੈ ਠੀਕ

ਮੈਕਸੀਕੋ ਦੀਆਂ ਝੀਲਾਂ ਵਿਚ ਮੈਕਸੀਕਨ ਐਕਸੋਲਾਟਲ ਨਾਮੀ ਇਕ ਜੀਵ ਪਾਇਆ ਜਾਂਦਾ ਹੈ। ਪਾਣੀ ਤੋਂ ਇਲਾਵਾ ਜ਼ਮੀਨ 'ਤੇ ਵੀ ਰਹਿ ਸਕਣ ਵਾਲਾ ਇਹ ਜੀਵ ਦੇਖਣ ਵਿਚ ਛਿਪਕਲੀ ਵਰਗਾ ਹੁੰਦਾ ਹੈ। ਇਸਦੀ ਖਾਸੀਅਤ ਇਹ ਹੈ ਕਿ ਇਹ ਆਪਣੇ ਅੰਗਾਂ ਦੇ ਨਸ਼ਟ ਹੋ ਜਾਣ ਦੇ ਬਾਅਦ ਉਹਨਾਂ ਨੂੰ ਦੁਬਾਰਾ ਉਗਾਉਣ ਦੀ ਅਸਧਾਰਨ ਤਾਕਤ ਰੱਖਦਾ ਹੈ। ਜੇਕਰ ਇਸ ਦਾ ਕੋਈ ਅੰਗ ਨਸ਼ਟ ਹੋ ਜਾਵੇ, ਜਿਸ ਵਿਚ ਹੱਡੀ, ਨਸ ਜਾਂ ਮਾਸ ਦਾ ਕੋਈ ਅੰਗ ਹੈ, ਇਹ ਉਹਨਾਂ ਨੂੰ ਫਿਰ ਤੋਂ ਉਸੇ ਜਗ੍ਹਾ ਤੇ ਉਗਾਉਣ ਦੇ ਸਮਰੱਥ ਹੁੰਦਾ ਹੈ। ਵਿਗਿਆਨੀਆਂ ਦਾ ਤਾਂ ਇੱਥੋਂ ਤੱਕ ਕਹਿਣਾ ਹੈ ਕਿ ਐਕਸੋਲਾਟਲ ਆਪਣੀ ਰੀੜ੍ਹ ਦੀ ਹੱਡੀ ਵਿਚ ਲੱਗੀ ਸੱਟਨੂੰ ਵੀ ਸਹੀ ਕਰ ਸਕਦਾ ਹੈ। ਇੱਥੋਂ ਤੱਕ ਕਿ ਜੇਕਰ ਉਹ ਸਿਰਫ ਜ਼ਖ਼ਮੀ ਹੈ ਪਰ ਟੁੱਟੀ ਨਹੀਂ ਤਾਂ ਆਮ ਤਰੀਕੇ ਨਾਲ ਕੰਮ ਕਰਦਾ ਰਹਿੰਦਾ ਹੈ। ਜਦੋਂ ਇਹ ਆਪਣੀਆਂ ਸੱਟਾਂ ਨੂੰ ਠੀਕ ਕਰਦਾ ਹੈ ਤਾਂ ਜ਼ਖ਼ਮ ਦੇ ਨਿਸ਼ਾਨ ਵੀ ਨਹੀਂ ਰਹਿ ਜਾਂਦੇ। ਇਹ ਦੂਜੇ ਉਤਕਾਂ, ਜਿਵੇਂ ਰੇਟਿਨਾ ਨੂੰ



ਉਮੀਦ ਹੈ ਕਿ ਇਕ ਦਿਨ ਉਸਦੇ ਜੀਨ ਦਾ ਅਧਿਐਨ ਪੂਰਾ ਹੋਣ 'ਤੇ ਮਨੁੱਖ ਦੇ ਪੁਨਰ ਜਨਮ ਨੂੰ ਲੈ ਕੇ ਕਈ ਰਾਜ਼ ਖੁੱਲ੍ਹ ਜਾਣਗੇ ਅਤੇ ਉਹ ਲੰਮੇ ਸਮੇਂ ਤੱਕ ਜਿਉਂ ਸਕਣਗੇ।

**150 ਦੇਸ਼ਾਂ ਵਿਚ ਹੋ ਰਹੀ ਹੈ ਖੋਜ**

ਫਿਲਹਾਲ ਇਸ ਜੀਵ 'ਤੇ ਲੁਪਤ ਹੋਣ ਦਾ ਖਤਰਾ ਮੰਡਰਾ ਰਿਹਾ ਹੈ। ਵਿਗਿਆਨੀਆਂ ਨੇ ਉਮੀਦ ਪ੍ਰਗਟ ਕੀਤੀ ਹੈ ਕਿ ਇਹ ਜੀਵ ਆਸਾਨੀ ਨਾਲ ਪ੍ਰਜਨਣ ਕਰ ਸਕਦਾ ਹੈ ਪਰ ਪਤਾ ਨਹੀਂ ਕਿਉਂ ਅਜਿਹਾ ਨਹੀਂ ਹੋ ਰਿਹਾ ਹੈ। 150 ਸਾਲਾਂ ਤੋਂ ਵਿਗਿਆਨੀ ਐਕਸੋਲਾਟਲ ਨੂੰ ਅਤੇ ਉਸਦੀ ਮਦਦ ਨਾਲ ਮਨੁੱਖੀ ਜੀਵਨ ਨੂੰ ਵੀ ਆਸਾਨੀ ਬਣਾਉਣ ਲਈ ਕੰਮ ਕਰ ਰਹੇ ਹਨ ਅਤੇ ਇਸਦੀ ਅਸਧਾਰਨ ਜੀਵਿਕ ਕਿਰਿਆਵਾਂ ਦਾ ਪਤਾ ਲਗਾ ਰਹੇ ਹਨ।ਇਸ ਵਿਚਕਾਰ ਵਿਗਿਆਨੀਆਂ ਦੇ ਇਕ ਦਲ ਨੇ ਦਾਅਵਾ ਕੀਤਾ ਹੈ ਕਿ ਉਹਨਾਂ ਨੇ ਐਕਸੋਲਾਟਲ ਨਾਲ ਜੁੜਿਆ ਇਕ ਹੋਰ ਭੇਦ ਜਾਣ ਲਿਆ ਹੈ। ਇਸ ਵਿਚ ਮਨੁੱਖ ਤੋਂ ਵੀ ਵੱਡਾ ਜੀਨ ਗਰੁੱਪ ਜਿਸਨੂੰ ਜੀਨੋਮ ਕਹਿੰਦੇ ਹਨ, ਮੌਜੂਦ ਹੈ। ਉਹਨਾਂ ਦੱਸਿਆ ਕਿ ਐਕਸੋਲਾਟਲ ਵਿਚ 32 ਹਜ਼ਾਰ ਮਿਲੀਅਨ ਡੀ. ਐਨ. ਏ. ਦੀਆਂ ਮੂਲ ਜੋੜੀਆਂ ਹਨ ਜੋ ਮਨੁੱਖ ਦੀ ਤੁਲਨਾ ਵਿਚ ਦਸ ਗੁਣਾਂ ਜ਼ਿਆਦਾ ਹਨ ਅਤੇ ਇਹ ਖੋਜ ਅੰਗਾਂ ਦੇ ਪੁਨਰਜਨਮ 'ਤੇ ਡੂੰਘਾਈ ਨਾਲ ਅਧਿਐਨ ਕਰਨ ਵਿਚ ਮਹੱਤਵਪੂਰਨ ਸਾਬਤ ਹੋ ਸਕਦੀ ਹੈ।

# ਅੱਧੀ ਦੁਨੀਆਂ ਨੂੰ ਮੂੰਗਫਲੀ ਖੁਆਉਣ ਵਾਲਾ ਸਰਦਾਰ








ਦੁਨੀਆਂ ਵਿਚ ਸਰਦਾਰ ਜਿੱਥੇ ਵੀ ਜਾਂਦੇ ਹਨ, ਹਮੇਸ਼ਾ ਝੰਡੇ ਗੱਡਦੇ ਹਨ। ਅਜਿਹੀ ਹੀ ਇਕ ਕਹਾਣੀ ਅਰਜਨਟੀਨਾ ਦੇ ਸਿਮਰਪਾਲ ਸਿੰਘ ਦੀ ਹੈ। ਸਿਮਰਪਾਲ ਅਰਜਨਟੀਨਾ ਦਾ ਪੀਨਟਸ ਕਿੰਗ ਯਾਨਿ ਮੂੰਗਫਲੀ ਦਾ ਰਾਜਾ ਕਿਹਾ ਜਾਂਦਾ ਹੈ। ਉਹਨਾਂ ਦੀ ਸਿੰਗਾਪੁਰ ਬੇਸਡ ਕੰਪਨੀ ਓਲਮ ਇੰਟਰਨੈਸ਼ਨਲ ਦੁਨੀਆਂ ਦੀ ਦੂਜੀ ਸਭ ਤੋਂ ਵੱਡੀ ਮੂੰਗਫਲੀ ਐਕਸਪੋਰਟ ਹੈ। ਹਜ਼ਾਰਾਂ ਹੈਕੈਅਰ ਖੇਤਾਂ ਦੇ ਮਾਲਕ ਸਿਮਰਪਾਲ ਮੂੰਗਫਲੀ, ਸੋਇਆ, ਮੱਕੀ ਅਤੇ ਚਾਵਲ ਦੀ ਖੇਤੀ ਕਰਦੇ ਹਨ ਅਤੇ ਪੂਰੀ ਦੁਨੀਆਂ ਵਿਚ ਐਕਸਪੋਰਟ ਕਰਦੇ ਹਨ। ਅੰਮ੍ਰਿਤਸਰ ਦੇ ਸਿਮਰਪਾਲ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਖੇਤੀ ਵਿਚ ਬੀ. ਐਸ. ਸੀ. ਆਨਰਸ ਕੀਤੀ ਸੀ। ਫਿਰ ਗੁਜਰਾਤ ਇੰਸਟੀਚਿਊਟ ਆਫ ਰੂਰਲ ਮੈਨੇਜਮੈਂਟ ਤੋਂ ਐਮ. ਬੀ. ਏ. ਕੀਤੀ। ਅਫਰੀਕਾ, ਘਾਨਾ, ਆਈਵਰੀ ਕੋਸਟ ਅਤੇ ਈਸਟ ਮੋਜ਼ੰਬਿਕ ਵਿਚ ਕੰਮ ਕਰਨ ਤੋਂ ਬਾਅਦ ਉਹਨਾਂ ਦਾ ਪਰਿਵਾਰ 2005 ਵਿਚ ਅਰਜਨਟੀਨਾ ਜਾ ਕੇ ਵੱਸ ਗਿਆ। ਇਕ ਇੰਟਰਵਿਊ ਵਿਚ ਸਿਮਰਪਾਲ ਨੇ ਦੱਸਿਆ ਕਿ ਅਰਜਨਟੀਨਾ ਵਿਚ ਵੱਡੇ ਪੈਮਾਨੇ ਤੇ ਖੇਤੀ ਕਰਨਾ ਰਿਸਕ ਨਾਲ ਭਰਿਆ ਸੀ। ਫਿਰ ਵੀ ਭਾਰੀ ਰਕਮ ਦੇ ਕੇ ਸ਼ੁਰੂਆਤ ਵਿਚ 40 ਹੈਕਟੇਅਰ ਜਮੀਨ ਕਈ ਕਿਸਮ ਦੀਆਂ ਫਸਲਾਂ ਅਤੇ ਖੇਤੀ ਲਈ ਖਰੀਦ ਲਈ। ਅੱਜ ਉਹ 20 ਹਜ਼ਾਰ ਹੈਕਟੇਅਰ ਜਮੀਨ 'ਤੇ ਮੂੰਗਫਲੀ ਦੀ ਖੇਤੀ ਕਰਦਾ ਹੈ। 10 ਹਜ਼ਾਰ ਹੈਕਟੇਅਰ ਤੇ ਸੋਇਆ ਅਤੇ ਮੱਕੀ ਉਗਾਉਂਦਾ ਹੈ। 1700 ਹੈਕਟੇਅਰ ਜਮੀਨ ਚਾਵਲ ਦੀ ਖੇਤੀ ਲਈ ਪੱਟੇ ਤੇ ਦੇ ਰੱਖੀ ਹੈ। ਸਿਮਰਪਾਲ ਖੇਤਾਂ ਵਿਚ ਇੰਡੀਅਨ ਰਵਾਇਤੀ ਤਰੀਕੇ ਨਾਲ ਖੇਤੀ ਨਹੀਂ ਕਰਦਾ, ਬਲਕਿ ਮਸ਼ੀਨਾਂ ਤੋਂ ਕੰਮ ਲੈਂਦਾ ਹੈ। ਓਲਮ ਇੰਟਰਨੈਸ਼ਨਲ ਦਾ ਹੈਡਕੁਆਰਟਰ ਸਿੰਗਾਪੁਰ ਵਿਚ ਬਣਾਇਆ ਗਿਆ ਹੈ। ਉਹਨਾਂ ਦੀ ਕੰਪਨੀ ਦੇ ਸੀ. ਈ. ਓ. ਅਤੇ ਗਰੁੱਪ ਮੈਨੇਜਿੰਗ ਡਾਇਰੈਕਟਰ ਭਾਰਤੀ ਮੂਲ ਦੇ ਸਨੀ ਜਾਰਜ ਵਰਗੀਸ ਹਨ। ਕੰਪਨੀ ਦਾ ਸਾਲਾਨਾ ਰੈਵੇਨਿਊ 8 ਖਰਬ ਦਾ ਹੈ। ਕੰਪਨੀ ਦੇ ਕੋਲ 47 ਖੇਤੀ ਨਾਲ ਜੁੜੇ ਉਤਪਾਦਨ ਹਨ। ਉਹਨਾਂ ਦੀ ਕੰਪਨੀ ਦੇ 70 ਦੇਸ਼ਾਂ ਵਿਚ 17 ਹਜ਼ਾਰ ਕਰਮਚਾਰੀ ਕੰਮ ਕਰਦੇ ਹਨ। ਅਰਜਨਟੀਨਾ ਵਿਚ ਉਹਨਾਂ ਦੇ ਆਫਿਸ ਵਿਚ 200 ਕਰਮਚਾਰੀਆਂ ਵਿਚ ਸਿਰਫ ਦੋ ਹੀ ਭਾਰਤੀ ਹਨ। ਉਹਨਾਂ ਦੀ ਪਤਨੀ ਹਰਪ੍ਰੀਤ ਕੌਰ ਅਤੇ ਸਿਮਰ ਕੰਮ ਦੌਰਾਨ ਹਮੇਸ਼ਾ ਸਪੈਨਿਸ਼ ਬੋਲਦੇ ਹਨ ਪਰ ਫੈਮਲੀ ਵਿਚ ਦੇਸੀ ਭਾਸ਼ਾ ਦੀ ਵਰਤੋਂ ਕਰਦੇ ਹਨ। ਰਾਜਧਾਨੀ ਬਿਊਨਸ ਆਇਰਸ ਵਿਚ ਸਿਮਰ ਦੀ ਲੋਕਪ੍ਰਿਅਤਾ ਕਾਰਨ ਭਾਰਤੀਆਂ ਦੇ ਲਈ ਦਰਜਨਾਂ ਰੈਸਟੋਰੈਂਟ ਖੁੱਲ੍ਹ ਚੁੱਕੇ ਹਨ। ਸਿਮਰਪਾਲ ਦਾ ਕਹਿਣਾ ਹੈ ਕਿ ਜਦੋਂ ਅਰਜਨਟੀਨਾ ਦੇ ਲੋਕ ਉਹਨਾਂ ਨੂੰ ਪ੍ਰਿੰਸ ਜਾਂ ਕਿੰਗ ਕਹਿ ਕੇ ਬੁਲਾਉਂਦੇ ਹਨ ਤਾਂ ਉਸਨੂੰ ਸ਼ਰਮ ਆਉਂਦੀ ਹੈ। ਉਹਨਾਂ ਦੱਸਿਆ ਕਿ ਹਰ ਕੋਈ ਉਹਨਾਂ ਦੀ ਪੱਗੜੀ ਦਾ ਫੈਨ ਹੈ। ਇਹ ਲੋਕ ਸੋਚਦੇ ਹਨ ਕਿ ਪੱਗੜੀ ਪਹਿਨਣ ਵਾਲਾ ਅਮੀਰ ਅਤੇ ਸ਼ਾਹੀ ਪਰਿਵਾਰ ਤੋਂ ਹੈ। ਸਿਮਰ ਮੁਤਾਬਕ ਉਹਨਾਂ ਦਾ ਬਚਪਨ ਪੱਛਮੀ ਬੰਗਾਲ ਦੇ ਦੁਰਗਾਪੁਰ ਵਿਚ ਬੀਤਿਆ ਜੋ ਰਾਜ ਦਾ ਉਦਯੋਗਿਕ ਨਗਰ ਹੈ। ਉਹ ਬਚਪਨ ਤੋਂ ਹੀ ਅਰਜਨਟੀਨਾ ਫੁਟਬਾਲ ਟੀਮ ਦਾ ਸਮਰਥਕ ਹੈ। ਉਹਨਾਂ ਨੇ ਕਦੀ ਸੋਚਿਆ ਨਹੀਂ ਸੀ ਕਿਇਕ ਦਿਨ ਇੱਥੇ ਕੰਮ ਕਰਨ ਆਵੇਗਾ।

# ਭਾਰਤ ਦੇ ਇਸ ਪਿੰਡ ਵਿਚ ਹਰ ਘਰ ਬਣਿਆ ਕਰੋੜਪਤੀ

## ਏਸ਼ੀਆ ਦੇ ਸਭ ਤੋਂ ਅਮੀਰ ਪਿੰਡਾਂ ਦੀ ਲਿਸਟ ਵਿਚ ਸ਼ਾਮਲ

ਕੀ ਤੁਸੀਂ ਅਜਿਹਾ ਕੋਈ ਪਿੰਡ ਦੇਖਿਆ ਹੈ, ਜਿੱਥੇ ਹਰ ਪਰਿਵਾਰ ਕਰੋੜਪਤੀ ਹੋਵੇ। ਵਿਸ਼ਵਾਸ ਨਹੀਂ ਹੁੰਦਾ? ਪਰ ਇਹ





ਸੱਚ ਹੈ। ਸਾਡੇ ਮੁਲਕ ਵਿ ਹੀ ਇਕ ਅਜਿਹਾ ਪਿੰਡ ਹੈ, ਜਿਸ ਦੀਆਂ ਹੁਣ ਦੁਨੀਆਂ ਭਰ ਵਿਚ ਚਰਚਾਵਾਂ ਹਨ। ਅਸਲ ਵਿਚ ਅਰੁਣਾਚਲ ਪ੍ਰਦੇਸ਼ ਦੇ ਤਵਾਂਗ ਜ਼ਿਲ੍ਹੇ ਵਿਚ ਬਣਿਆ ਬੀਮਾਂਜਾ ਪਿੰਡ ਏਸ਼ੀਆ ਦੇ ਸਭ ਤੋਂ ਅਮੀਰ ਪਿੰਡਾਂ ਵਿਚ ਸ਼ਾਮਲ ਹੋ ਗਿਆ ਹੈ। ਅਸਲ ਵਿਚ ਇੱਥੇ ਭਾਰਤੀ ਫੌਜ ਨੇ ਇਕ ਪ੍ਰਾਜੈਕਟ ਆਰੰਭ ਕਰਨ ਲਈ ਪਿੰਡ ਤੋਂ ਜਮੀਨ ਲਈ ਹੈ, ਜਿਸ ਕਾਰਨ ਹਰ ਪਿੰਡ ਵਾਲੇ ਨੂੰ ਕਈ ਕਰੋੜ ਰੁਪਏ ਮਿਲੇ ਹਨ।

ਮੀਡੀਆ ਰਿਪੋਰਟਾਂ ਦੇ ਮੁਤਾਬਕ ਖੋਮਜਾ ਪਿੰਡ ਵਿਚ ਆਰਮੀ ਤਵਾਂਗ ਗੈਰਸਨ ਦੀ ਇਕ ਹੋਰ ਯੂਨਿਟ ਸਥਾਪਤ ਕਰਨਾ ਚਾਹੁੰਦੀ ਹੈ, ਜਿਸ ਦੇ ਲਈ ਡਿਫੈਂਸ ਮੰਤਰਾਲੇ ਨੇ ਪਿੰਡ ਵਾਲਿਆਂ ਨੂੰ ਜਮੀਨ ਦੇ ਬਦਲੇ ਹਰ ਪਰਿਵਾਰ ਨੂੰ ਇਕ-ਇਕ ਕਰੋੜ ਰੁਪਏ ਤੋਂ ਵੀ ਜ਼ਿਆਦਾ ਮੁਆਵਜ਼ਾ ਦਿੱਤਾ ਹੈ। ਕੁੱਲ 200,056 ਏਕੜ ਜ਼ਮੀਨ ਦੇ ਬਦਲੇ ਪਿੰਡ ਦੇ 31 ਪਰਿਵਾਰਾਂ ਨੂੰ ਰੱਖਿਆ ਮੰਤਰਾਲੇ ਵੱਲੋਂ 40.8 ਕਰੋੜ ਰੁਪਏ ਦਾ ਚੈਕ ਸੌਂਪਿਆ ਗਿਆ। ਅਰੁਣਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਪੇਮਾ ਖਾਂਡੂ ਨੇ ਪਰਿਵਾਰਾਂ ਨੂੰ ਇਹ ਰਕਮ ਦਿੱਤੀ।

31 ਵਿਚੋਂ 29 ਪਰਿਵਾਰਾਂ ਦੇ ਖਾਤੇ ਵਿਚ 1.09 ਕਰੋੜ ਰੁਪਏ ਦੀ ਰਕਮ ਆਈ, ਜਦਕਿ ਬਾਕੀ ਦੋ ਪਰਿਵਾਰਾਂ ਵਿਚੋਂ ਇਕ ਨੂੰ 2.4 ਕਰੋੜ ਅਤੇ ਦੂਜੇ ਪਰਿਵਾਰ ਨੂੰ 1 ਕਰੋੜ ਤੋਂ ਵੱਧ ਰਕਮ ਮਿਲੀ ਹੈ।

# 19 ਸਾਲ ਪਹਿਲਾਂ ਖਰੀਦਿਆ ਟਿਕਟ, ਹੁਣ ਮਿਲੀ ਜਹਾਜ਼ ਦੀ ਸਵਾਰੀ

ਦਰਅਸਲ ਅਮਰੀਕਾ ਦੇ ਨੌਰਥ ਕੈਰੋਲਿਨਾ ਦੇ ਰਹਿਣ ਵਾਲੇ ਜਾਨ ਵਾਕਰ ਅੱਜਕਲ੍ਹ ਬਹੁਤ ਖੁਸ਼ ਹਨ। ਕਿਉਂ ਨਾ ਹੋਣ ਆਖਿਰ ਉਹਨ ਾਂ ਨੂੰ 19 ਸਾਲ ਪੁਰਾਣੇ ਹਵਾਈ ਟਿਕਟ ਤੇ ਯਾਤਰਾ ਕਰਨ ਦਾ ਮੌਕਾ ਮਿ-ਲਿਆ। ਦਰਅਸਲ ਜਨਵਰੀ 1999 ਵਿਚ ਉਹਨਾਂ ਨੇ ਇਕ ਵਿਆਹ ਵਿਚ ਜਾਣ ਦੇ ਲਈ 400 ਡਾਲਰ ਵਿਚ ਜਹਾਜ਼ ਦੀ ਟਿਕਟ ਖਰੀਦੀ, ਪਰ ਕਿਸੇ ਕਾਰਨ ਜਾ ਨਾ ਸਕੇ। ਇਸ ਤੋਂ ਬਾਅਦ ਉਹਨਾਂ ਨੇ ਕੰਪਨੀ ਨੂੰ ਫੋਨ ਕਰਕੇ ਟਿਕਟ ਰੱਦ ਕਰਵਾ ਕੇ ਪੈਸੇ ਵਾਪਸ ਮੰਗੇ। ਇਸ 'ਤੇ ਕੰਪਨੀ ਨੇ ਉਹਨਾਂ ਨੂੰ ਪੱਤਰ ਭੇਜ ਕੇ ਦੱਸਿਆ ਕਿ ਰਾਸ਼ੀ ਤਾਂ ਨਹੀਂ ਵਾਪਸ ਹੋ ਸਕਦੀ ਪਰ ਇਸਦੇ ਬਦਲੇ ਅੱਗੇ ਕੋਈ ਹੋਰ ਯਾਤਰਾ ਕਰਨ ਦਿੱਤੀ ਜਾਵੇਗੀ।



ਉਸ ਵਕਤ ਜਾਨ ਨੇ ਕਿਤੇ ਜਾਣਾ ਨਹੀਂ ਸੀ, ਇਸ ਕਰਕੇ ਉਹਨਾਂ ਨੇ ਪੱਤਰ ਅਤੇ ਟਿਕਟ ਇਕ ਬਕਸੇ ਵਿਚ ਰੱਖੀ ਅਤੇ ਫਿਰ ਭੁੱਲ ਗਿਆ। ਹਾਲ ਹੀ ਵਿਚ ਜਦੋਂ ਉਹ ਆਪਣਾ ਕਮਰਾ ਸਾਫ ਕਰ ਰਿਹਾ ਸੀ ਤਾਂ ਉਸਨੂੰ ਉਹ ਟਿਕਟ ਮਿਲ ਗਈ। ਕਿਸਮਤ ਅਜ਼ਮਾਉਣ ਦੇ ਲਈ ਉਸਨੇ ਕੰਪਨੀ ਨੂੰ ਫੋਨ ਕੀਤਾ। ਪਹਿਲਾਂ ਤਾਂ ਕੰਪਨੀ ਨੇ ਅਣਜਾਣਤਾ ਦਿਖਾਈ, ਫਿਰ ਮਾਮਲੇ ਦਾ ਅਨੋਖਾਪਣ ਦੇਖਦੇ ਹੋਏ ਉਹਨਾਂ ਨੂੰ ਨਵਾਂ ਟਿਕਟ ਜਾਰੀ ਕਰ ਦਿੱਤਾ। ਮਹਿੰਗਾਈ ਵਧਣ ਦੇ ਕਾਰਨ ਇਸ ਨਵੇਂ ਟਿਕਟ ਦੀ ਕੀਮਤ ਹੁਣ 570 ਡਾਲਰ ਹੋ ਗਈ ਹੈ।

# ਇਹ ਕੁੱਤਾ ਹੈ ਖਾਸ

ਨੋਇਡਾ ਦੇ ਸੈਕਟਰ 93 ਵਿਚ ਰਹਿਣ ਵਾਲੇ ਇਕ ਉਦਯੋਗਪਤੀ ਚਿੰਤਨ ਤਿਵਾੜੀ ਆਪਣੇ ਬੁਲੀ ਪ੍ਰਜਾਤੀ ਦੇ ਕੁੱਤਿਆਂ ਨੂੰ ਵਾਪਸ ਲਿਆਉਣ ਲਈ 50 ਹਜ਼ਾਰ ਰੁਪਏ ਦਾ ਨਕਦ ਇਨਾਮ ਦੇ ਰਹੇ ਹਨ। ਕੁੱਤੇ ਅਗਵਾ ਦਾ ਮਾਮਲਾ ਪੂਰੀ ਤਰ੍ਹਾਂ ਫਿਲਮੀ ਸਟਾਈਲ ਵਿਚ ਅੰਜਾਮ ਦਿੱਤਾ ਗਿਆ ਹੈ। ਚਿੰਤਨ ਦੇ ਕੁੱਤੇ ਨੂੰ ਘਰ ਦਾ ਨੌਕਰ ਬਿਲਡਿੰਗ ਦੇ ਬਾਹਰ ਰੋਡ ਤੇ ਘੁੰਮਾਉਂਦਾ ਸੀ, ਉਦੋਂ ਹੀ 4 ਸ਼ੱਕੀ ਨੌਜਵਾਨ ਉਸਨੂੰ ਧਮਕਾਉਣ ਲੱਗੇ ਅਤੇ ਚਾਕੂ ਦੀ ਨੋਕ ਤੇ ਨੌਕਰੀ ਨੂੰ ਧਮਕਾਉਂਦਿਆਂ ਕੁੱਤੇ ਲੈ ਉਡੇ।



ਪ੍ਰਾਮਿੰਮ ਨਾਂ ਦਾ ਇਕ ਕੁੱਤਾ ਪਰਿਵਾਰ ਦੇ ਮੈਂਬਰਾਂ ਵਰਗਾਸੀ ਅਤੇ ਨੋਇਡਾ ਵਿਚ ਓਮੈਕਸ ਫਾਰੈਸਟ ਸਪਾ ਸੁਸਾਇਟੀ ਵਿਚ ਰਹਿਣ ਵਾਲੇ ਫੈਕਟਰੀ ਮਾਲਕ ਚਿੰਤਨ ਉਸਨੂੰ ਗੁਆ ਕੇ ਬੇਹੱਦ ਦੁਖੀ ਹਨ। ਇਸ ਕਰਕੇ ਉਹਨਾਂ ਨਜ਼ਦੀਕੀ ਪੁਲਿਸ ਥਾਣੇ ਵਿਚ ਕੁੱਤੇ ਦੇ ਅਗਵਾ ਦੀ ਰਿਪੋਰਟ ਵੀ ਦਰਜ ਕਰਵਾ ਦਿੱਤੀ। ਇਸ ਤੇ ਉਹਨਾਂ ਨੂੰ ਜਦੋਂ ਸੰਤੁਸ਼ਟੀ ਨਾ ਮਿਲੀ ਤਾਂ ਉਹਨਾਂ ਨੇ ਆਪਣੇ ਕੁੱਤੇ ਨੂੰ ਲੱਭ ਕੇ ਵਾਪਸ ਲਿਆਉਣ ਲਈ ਅਖਬਾਰ ਵਿਚ ਵੱਡੀ ਐਡ ਦਿੱਤੀ। ਨਿਊਜ਼ ਪੇਪਰ ਵਿਚ ਇੰਗਲਿਸ਼ ਵਿਚ ਛਪੇ ਇਸ ਇਸ਼ਤਿਹਾਰ ਵਿਚ ਸਾਫ ਤੌਰ ਤੇ ਲਿਖਿਆ ਹੈ ਕਿ ਕੋਈ ਵੀ ਵਿਅਕਤੀ ਇਸ ਕੁੱਤੇ ਦਾ ਪਤਾ ਦੱਸੇ ਜਾਂਵਾਪਸ ਲਿਆਵੇ ਤਾਂ ਉਸਨੂੰ ਬਿਨਾਂ ਕਿਸੇ ਪੁੱਛਗਿੱਛ ਦੇ 50 ਹਜ਼ਾਰ ਦਾ ਇਨਾਮ ਦਿੱਤਾ ਜਾਵੇਗਾ। ਇਸ ਖਬਰ ਨੂੰ ਪੜ੍ਹ ਕੇ ਸ਼ਾਇਦ ਕੁਝ ਲੋਕ ਇਹ ਵੀ ਸੋਚ ਰਹੇ ਹੋਣਗੇ ਕਿ ਕਿਸਮਤ ਹੋਵੇ ਤਾਂ ਇਸ ਕੁੱਤੇ ਵਰਗੀ। ਵੈਸੇ ਵਰਣਨਯੋਗ ਹੈ ਕਿ ਹਾਲੇ ਤੱਕ ਕੁੱਤੇ ਦੀ ਕੋਈ ਜਾਣਕਾਰੀ ਨਹੀਂ ਮਿਲੀ ਹੈ।

# 80 ਰੁਪਏ ਵਿਚ ਸ਼ਾਨਦਾਰ ਮਕਾਨ, ਖਰੀਦੋਗੇ ਤੁਸੀਂ

ਦੁਨੀਆਂ ਵਿਚ ਸ਼ਾਇਦ ਹੀ ਅਜਿਹਾ ਕੋਈ ਹੋਵੇਗਾ ਜੋ ਆਪਣਾ ਘਰ ਨਾ ਚਾਹੁੰਦਾ ਹੋਵੇ। ਉਪਰ ਤੋਂ ਜੇਕਰ ਉਹ ਤੁਹਾਡੀ ਸੋਚ ਤੋਂ ਵੀ ਸਸਤਾ ਹੋਵੋ। ਇਟਲੀ ਵਿਚ ਇਕ ਅਜਿਹੀ ਹੀ ਜਗ੍ਹਾ ਹੈ ਜਿੱਥੇ ਸਿਰਫ 80 ਰੁਪਏ ਵਿਚ ਮਕਾਨ ਮਿਲ ਰਿਹਾ ਹੈ। ਦੁਨੀਆਂ ਦਾ ਕੋਈ ਵੀ ਵਿਅਕਤੀ ਇੱਥੇ ਮਕਾਨ ਖਰੀਦ ਸਕਦਾ ਹੈ। ਇਟਲੀ ਵਿਚ ਇਕ ਕਸਬਾ ਹੈ ਓਲੋਲਾਈ ਟਾਊਨ, ਇਸ ਕਸਬੇ ਦੇ ਲੋਕ ਲਗਾਤਰ ਇੱਥੋਂ ਜਾ ਕੇ ਸ਼ਹਿਰਾਂ ਵਿਚ ਵੱਸ ਰਹੇ ਹਨ। ਇੱਥੋਂ ਦੀ ਆਬਾਦੀ ਪਹਿਲਾਂ ਹਜ਼ਾਰਾਂ ਵਿਚ ਸੀ ਜੋ ਬੀਤੇ 50 ਸਾਲਾਂ ਵਿਚਘੱਟ ਕੇ ਸਿਰਫ 1300 ਰਹਿ ਗਈ ਹੈ। ਲੋਕ ਘਰ ਛੱਡ ਕੇ ਜਾ ਰਹੇ ਹਨ ਅਤੇ ਮਕਾਨ ਵੀਰਾਨ ਪਏ ਹਨ। ਇਸੇ ਚਿੰਤਾ ਵਿਚ ਇਹ ਕਸਬਾ ਇਕ ਦਿਨ ਕਿਤੇ ਗੋਸਟ ਟਾਊਨ ਨਾ ਬਣ ਜਾਵੇ, ਇੱਥੋਂ ਦੇ ਮੇਅਰ ਨੇ ਵੀਰਾਨ ਪਏ ਮਕਾਨਾਂ ਨੂੰ ਵੇਚਣ ਦਾ ਫੈਸਲਾ ਕੀਤਾ ਹੈ। ਉਹ ਵੀ ਸਿਰਫ 80 ਰੁਪਏ ਵਿਚ। ਮੇਅਰ ਨੇ ਅਜਿਹੇ 200 ਮਕਾਨਾਂ ਨੂੰ ਵੇਚਣ ਦਾ ਫੈਸਲਾ ਕੀਤਾ ਹੈ।



### ਇਕ ਖਾਸ ਸ਼ਰਤ

ਦੁਨੀਆਂ ਦੇ ਹਰ ਆਦਮੀ ਦੇ ਲਈ ਇਹ ਖੁੱਲ੍ਹਾ ਸੱਦਾ ਹੈ, ਬੱਸ ਇੱਥੇ ਮਕਾਨ ਖਰੀਦਣ ਦੀ ਇਕ ਸ਼ਰਤ ਹੈ। ਉਸ ਅਸਾਨ ਜਿਹੀ ਸ਼ਰਤ ਨੂੰ ਪੂਰੀ ਕਰਕੇ ਦੁਨੀਆਂ ਦਾ ਕੋਈ ਵੀ ਵਿਅਕਤੀ ਇੱਥੇ ਕੇਵਲ 80 ਰੁਪਏ ਵਿਚ ਇਕ ਮਕਾਨ ਖਰੀਦ ਸਕਦਾ ਹੈ। ਸ਼ਰਤ ਇਹ ਹੈ ਕਿ ਮਕਾਨ ਖਰੀਦਣ ਤੋਂ ਬਾਅਦ ਉਸ ਮਕਾਨ ਦੀ ਰੈਨੋਵੇਸ਼ਨ ਕਰਾਉਣੀ ਹੋਵੇਗੀ। ਹਿਸਦੀ ਰਕਮ ਵੀ ਉਥੋਂ ਦੀ ਸਥਾਨਕ ਸਰਕਾਰ ਨੇ ਤਹਿ ਕਰ ਰੱਖੀ ਹੈ। ਰਕਮ ਹੈ 16 ਲੱਖ ਰੁਪਏ। ਓਲੀਲਾਈ ਦੇ ਮੇਅਰ ਨੇ ਇਸ ਸ਼ਰਤ ਦੇ ਪਿੱਤੇ ਕਾਰਨ ਸਪਸ਼ਟ ਕਰਦੇ ਹੋਏ ਕਿਹਾ ਕਿ ਇੰਨੀ ਰਕਮ ਲਗਾਉਣ ਤੋਂ ਬਾਅਦ ਲੋਕ ਇੱਥੇ ਜ਼ਰੂਰ ਰਹਿਣਗੇ। ਕਿਉਂਕਿ ਇੰਨੀ ਰਕਮ ਮਕਾਨ ਨੂੰ ਸੁੰਦਰ ਬਣਾ ਕੇ ਵੀਰਾਨ ਛੱਡਣ ਦੇ ਲਈ ਤਾਂ ਕੋਈ ਖਰਚ ਕਰੇਗਾ ਨਹੀਂ।

### ਵਿਕੇ ਮਕਾਨ

ਸਥਾਨਕ ਪ੍ਰਸ਼ਾਸਨ ਦਾ ਮੰਨਣਾ ਹੈ ਕਿ ਇੰਨੀ ਰਕਮ ਖਰਚ ਕਰਨ ਤੋਂ ਬਾਅਦ ਮਕਾਨ ਸੁੰਦਰ ਦਿੱਸਣ ਲੱਗਣਗੇ। ਸ਼ਰਤ ਪੂਰੀ ਕਰਨ ਦੇ ਲਈ ਤਿੰਨ ਸਾਲ ਦਾ ਵਕਤ ਦਿੱਤਾ ਗਿਆ ਹੈ। ਇਸ ਖਬਰ ਤੋਂ ਬਾਅਦ ਹੁਣ ਦੁਨੀਆਂ ਭਰ ਦੇ ਲੋਕ ਪੁੱਛਗਿੱਛ ਕਰ ਰਹੇ ਹਨ। ਉਹ ਇੱਥੇ ਮਕਾਨ ਖਰੀਦਣ ਵਿਚ ਕਾਫੀ ਦਿਲਚਸਪੀ ਦਿਖਾ ਰਹੇ ਹਨ। ਹੁਣ ਤੱਕ 3 ਮਕਾਨ ਵਿਕ ਵੀ ਚੁੱਕੇ ਹਨ। ਹੁਣ ਦੇਖਣਾ ਹੈ ਕਿ ਬਾਕੀ ਮਕਾਨ ਵਿਕਣ ਵਿਚ ਕਿੰਨਾ ਵਕਤ ਲੱਗੇਗਾ ਅਤੇ ਲੋਕ ਇਹਨਾਂ ਮਕਾਨਾਂ ਦਾ ਕੀ ਕਰਨਗੇ। ਯਾਨਿ ਖੁਦ ਰਹਿਣਗੇ ਜਾਂ ਇਸਨੂੰ ਟੂਰਿਸਟਾਂ ਦੇ ਲਈ ਕਿਰਾਏ ਤੇ ਦੇਣਗੇ, ਇਹ ਵਿਚਾਰ ਮਾੜਾ ਨਹੀਂ ਹੈ।

ਖਾਸ ਗੱਲ ਇਹ ਹੈ ਕਿ ਵੀਰਾਨ ਹੁੰਦੇ ਸ਼ਹਿਰ ਨੂੰ ਆਬਾਦ ਕਰਨ ਦੇ ਲਈ ਪਹਿਲੀ ਵਾਰ ਅਜਿਹਾ ਕਦਮ ਚੁੱਕਿਆ ਗਿਆ ਹੈ, ਅਜਿਹਾ ਨਹੀਂ ਹੈ। ਦੋ ਸਾਲ ਪਹਿਲਾਂ 2015 ਵਿਚ ਵੀ ਇਟਲੀ ਵਿਚ ਗਾਂਗੀ ਦੇ ਸਿਸਲੀਅਨ ਟਾਊਨ ਦੇ ਮਕਾਨ ਸਿਰਫ 65 ਰੁਪਏ ਵਿਚ ਵੇਚੇ ਗਏ ਸਨ। ਦੋਵੇਂ ਕਸਬਿਆਂ ਦੀ ਸਥਿਤੀ ਔਸਤਨ ਇਥੋ ਜਿਹੀ ਹੈ। ਇਟਲੀ ਹੀ ਨਹੀਂ ਅਮਰੀਕਾ ਦੇ ਕੁਝ ਇਲਾਕਿਆਂਵਿਚ ਵੀ ਅਜਿਹੇ ਮਕਾਨ ਵੇਚੇ ਗਏ ਸਨ ਪਰ ਉਹਨਾਂ ਦੀ ਕੀਮਤ ਕਿੰਨੀ ਸੀ ਇਸਦੀ ਜਾਣਕਾਰੀ ਨਹੀਂ ਮਿਲ ਸਕੀ ਹੈ।

# ਰਾਜਸੀ ਭ੍ਰਿਸ਼ਟਾਚਾਰ ਨਾਲੋਂ ਬੌਧਿਕ ਭ੍ਰਿਸ਼ਟਾਚਾਰ ਵੱਧ ਖ਼ਤਰਨਾਕ



ਡਾ. ਸਵਰਾਜ ਸਿੰਘ

ਬੌਧਿਕ ਭ੍ਰਿਸ਼ਟਾਚਾਰ ਰਾਜਨੀਤਕ ਭ੍ਰਿਸ਼ਟਾਚਾਰ ਨਾਲੋਂ ਕਿਉਂ ਜ਼ਿਆਦਾ ਖ਼ਤਰਨਾਕ ਹੈ? ਅੰਗਰੇਜ਼ੀ ਦੀ ਕਹਾਵਤ ਹੈ: ਵੁਲਫ ਇਨ ਸ਼ੀਪਸ ਕਲੋਦਿੰਗ; ਇਸ ਦਾ ਅਰਥ ਹੈ, ਬਘਿਆੜ ਨੇ ਭੇਡ ਦੀ ਖੱਲ ਪਾਈ ਹੋਈ ਹੈ, ਭਾਵ ਮਿੱਤਰ ਦੇ ਰੂਪ ਵਿੱਚ ਦੁਸ਼ਮਣ ਹੋਣਾ। ਅਜਿਹਾ ਦੁਸ਼ਮਣ ਦੂਜਿਆਂ ਨਾਲੋਂ ਜ਼ਿਆਦਾ ਖ਼ਤਰਨਾਕ ਹੁੰਦਾ ਹੈ, ਕਿਉਂਕਿ ਉਸ ਕੋਲੋਂ ਤੁਸੀਂ ਆਪਣਾ ਬਚਾਅ ਨਹੀਂ ਕਰਦੇ। ਰਾਜਨੀਤਕ ਭ੍ਰਿਸ਼ਟਾਚਾਰ ਅਜਿਹੀ ਸਚਾਈ ਹੈ ਜਿਸ ਨੂੰ ਲੋਕ ਸਵੀਕਾਰ ਕਰ ਚੁੱਕੇ ਹਨ। ਰਾਜਨੀਤਕ ਨੇਤਾ ਜਿੰਨੇ ਮਰਜ਼ੀ ਦਾਅਵੇ ਕਰ ਲੈਣ ਕਿ ਅਸੀਂ ਭ੍ਰਿਸ਼ਟਾਚਾਰ ਮਿਟਾਉਣਾ ਹੈ ਅਤੇ ਲੋਕਾਂ ਲਈ ਕੰਮ ਕਰਨਾ ਹੈ, ਪਰ ਬਹੁਤ ਸਾਰੇ ਲੋਕ ਉਨ੍ਹਾਂ ਦੀਆਂ ਗੱਲਾਂ 'ਤੇ ਵਿਸ਼ਵਾਸ ਨਹੀਂ ਕਰਦੇ ਅਤੇ ਉਨ੍ਹਾਂ ਦੇ ਦਾਅਵਿਆਂ ਨੂੰ ਗੰਭੀਰਤਾ ਨਾਲ ਨਹੀਂ ਲੈਂਦੇ। ਉਂਜ ਬੁੱਧੀਜੀਵੀਆਂ ਨੂੰ ਜ਼ਿਆਦਾਤਰ ਲੋਕ, ਲੋਕ ਪੱਖੀ ਸਮਝਦੇ ਹਨ ਅਤੇ ਉਨ੍ਹਾਂ ਦੀਆਂ ਗੱਲਾਂ 'ਤੇ ਯਕੀਨ ਵੀ ਕਰਦੇ ਹਨ।

ਜ਼ਿਆਦਾਤਰ ਲੋਕ ਰਾਜਨੀਤਕ ਅਗਵਾਈ ਨਾਲੋਂ ਬੌਧਿਕ ਅਗਵਾਈ ਨੂੰ ਪਹਿਲ ਦਿੰਦੇ ਹਨ। ਪੰਜਾਬ ਦੀ ਦੂਸਰੇ ਰਾਜਾਂ ਜਿਨ੍ਹਾਂ ਵਿੱਚ ਗੁਆਂਢੀ ਰਾਜ ਵੀ ਸ਼ਾਮਲ ਹਨ। ਮੁਕਾਬਲਤਨ ਮਾੜੀ ਹਾਲਤ ਲਈ ਰਾਜਨੀਤਕ ਨੇਤਾਵਾਂ ਨਾਲੋਂ ਬੁੱਧੀਜੀਵੀ ਵਰਗ ਜ਼ਿਆਦਾ ਜ਼ਿੰਮੇਵਾਰ ਹੈ। ਜੇ ਅਸੀਂ ਪੰਜਾਬ ਦੀ ਤੁਲਨਾ ਦੂਸਰੇ ਰਾਜਾਂ ਨਾਲ ਕਰੀਏ ਤਾਂ ਇਹ ਤੱਥ ਸਪਸ਼ਟ ਹੋ ਜਾਂਦਾ ਹੈ ਕਿ ਪੰਜਾਬ ਦੇ ਰਾਜਨੀਤਕ ਨੇਤਾ ਕੋਈ ਬਹੁਤੇ ਵੱਡੇ ਫਰਕ ਨਾਲ ਬਾਕੀ ਰਾਜਾਂ ਦੇ ਰਾਜਨੀਤਕ ਨੇਤਾਵਾਂ ਨਾਲੋਂ ਜ਼ਿਆਦਾ ਭ੍ਰਿਸ਼ਟ ਨਹੀਂ ਹਨ, ਪਰ ਬੌਧਿਕ ਭ੍ਰਿਸ਼ਟਾਚਾਰ ਦੇ ਖੇਤਰ ਵਿੱਚ ਪੰਜਾਬ ਨਾ ਸਿਰਫ ਬਾਕੀ ਭਾਰਤ ਨੂੰ ਬਹੁਤ ਪਿੱਛੇ ਛੱਡ ਗਿਆ ਹੈ; ਘੱਟੋ-ਘੱਟ ਮੇਰੇ ਨਿੱਜੀ ਤਜਰਬੇ ਵਿੱਚ ਪੰਜਾਬ ਤੇ ਪੰਜਾਬੀ ਬਾਕੀ ਸਾਰੇ ਸੰਸਾਰ ਨਾਲੋਂ ਅੱਗੇ ਨਿਕਲ ਚੁੱਕੇ ਹਨ। ਜਿੰਨਾ ਨੁਕਸਾਨ ਪੰਜਾਬ ਅਤੇ ਪੰਜਾਬੀਆਂ ਦਾ ਅਖੌਤੀ ਅਤੇ ਭ੍ਰਿਸ਼ਟ ਬੁੱਧੀਜੀਵੀਆਂ ਨੇ ਕੀਤਾ ਹੈ, ਓਨਾ ਸ਼ਾਇਦ ਕਿਤੇ ਹੋਰ ਨਹੀਂ ਹੋਇਆ। ਬੌਧਿਕ ਅਗਵਾਈ ਦੀ ਥਾਂ 'ਤੇ ਬੌਧਿਕ ਕੰਗਾਲੀ, ਬੌਧਿਕ ਦੀਵਾਲੀਆਪਣ ਅਤੇ ਭੰਬਲਭੂਸਾ ਹੀ ਪੰਜਾਬੀਆਂ ਦੇ ਪੱਲੇ ਪਏ ਹਨ। ਜਿੰਨੇ ਸਾਲਾਨਾ ਤੇ ਸਨਮਾਨ ਸਮਾਗਮ, ਮੇਲੇ, ਸੱਥਾਂ, ਸੱਭਿਆਚਾਰਕ ਪ੍ਰੋਗਰਾਮ, ਕਾਨਫਰੰਸਾਂ, ਕਵੀ ਦਰਬਾਰ ਤੇ ਸੈਮੀਨਾਰ ਪੰਜਾਬੀ ਕਰਵਾ ਰਹੇ ਹਨ, ਘੱਟੋ-ਘੱਟ ਕੋਈ ਹੋਰ ਭਾਈਚਾਰਾ ਸਾਰੇ ਸੰਸਾਰ ਵਿੱਚ ਅਜਿਹਾ ਕਰਦਾ ਨਹੀਂ ਦੇਖਿਆ, ਪਰ ਇਸ ਸਭ ਦੇ ਬਾਵਜੂਦ ਪੰਜਾਬ ਤੇ ਪੰਜਾਬੀਆਂ ਵਿੱਚ ਉਜਾੜਵਾਦ ਭਾਰੂ ਹੋ ਰਿਹਾ ਹੈ।

ਜੇ ਅਸੀਂ ਪੰਜਾਬੀ ਬੁੱਧੀਜੀਵੀਆਂ ਵੱਲੋਂ ਨਿਭਾਈ ਨਾਂਹ-ਪੱਖੀ ਭੂਮਿਕਾ ਦੇ ਕਾਰਨ ਡੂੰਘਾਈ ਨਾਲ ਸਮਝਣ ਦਾ ਯਤਨ ਕਰੀਏ ਤਾਂ ਕੁਝ ਗੱਲਾਂ ਸਮਝ ਆ ਸਕਦੀਆਂ ਹਨ। ਪੰਜਾਬੀ ਬੁੱਧੀਜੀਵੀਆਂ ਵਿੱਚ ਜ਼ਿਆਦਾਤਰ ਖੱਬੇ ਪੱਖੀ ਰੁਝਾਨ ਭਾਰੂ ਰਿਹਾ ਹੈ। ਇਹ ਆਪਣੇ ਆਪ ਵਿੱਚ ਕੋਈ ਮਾੜੀ ਗੱਲ ਨਹੀਂ, ਪਰ ਸਮੱਸਿਆ ਇਹ ਰਹੀ ਹੈ ਕਿ ਇਨ੍ਹਾਂ ਵਿੱਚੋਂ ਜ਼ਿਆਦਾਤਰ ਨੇ ਧਰਮ, ਖਾਸ ਕਰ ਕੇ ਸਿੱਖ ਧਰਮ ਦੀ ਭੂਮਿਕਾ ਨੂੰ ਗੰਭੀਰਤਾ ਨਾਲ ਸਮਝੇ ਬਿਨਾ ਉਨ੍ਹਾਂ ਦਾ ਵਿਰੋਧ ਕੀਤਾ ਹੈ; ਦੂਜੀ ਸਮੱਸਿਆ ਇਹ ਕਿ ਇਨ੍ਹਾਂ ਵਿੱਚੋਂ ਕਈਆਂ ਨੇ ਮਾਰਕਸਵਾਦ ਨੂੰ ਜ਼ਿਆਦਾਤਰ ਆਰਥਿਕਵਾਦ ਤੱਕ ਸੀਮਤ ਕੀਤਾ। ਇਸ ਨਾਲ ਇਹ ਸਰਮਾਏਦਾਰੀ ਵਿਕਾਸ ਦੇ ਨਮੂਨੇ (ਜਿਸ ਨੇ ਪੰਜਾਬ ਦਾ ਵਿਕਾਸ ਕਰਨ ਦੀ ਥਾਂ 'ਤੇ ਵਿਨਾਸ਼ ਕੀਤਾ ਹੈ) ਦੇ ਆਲੋਚਕ ਦੀ ਥਾਂ ਪ੍ਰਸ਼ੰਸਕ ਬਣ ਗਏ। ਇਸੇ ਆਰਥਿਕਵਾਦ ਵੱਲ ਉਲਾਰ ਨੇ ਇਨ੍ਹਾਂ ਨੂੰ ਸਾਮਰਾਜੀ ਸੰਸਾਰੀਕਰਨ ਦੇ ਖਪਤਕਾਰੀ ਸੱਭਿਆਚਾਰ ਦੀ ਮੁਖ਼ਾਲਫ਼ਤ ਕਰਨ ਦੀ ਬਜਾਏ ਅਮਲੀ ਤੌਰ 'ਤੇ ਉਸ ਦਾ ਵੱਧ ਤੋਂ ਵੱਧ ਲਾਹਾ ਲੈਣ ਦੇ ਇੱਛੁਕ ਬਣਾ ਦਿੱਤਾ। ਇਸੇ ਆਰਥਿਕ ਰੁਚੀ ਨੇ ਇਨ੍ਹਾਂ ਨੂੰ ਪੰਜਾਬ ਵਿੱਚੋਂ ਵੱਡੇ ਪੱਧਰ ਦੇ ਪਰਵਾਸ ਜੋ ਹੁਣ ਨਿਕਾਸ ਤੇ ਉਜਾੜੇ ਦਾ ਰੂਪ ਧਾਰਨ ਕਰ ਚੁੱਕਾ ਹੈ, ਨੂੰ ਡੂੰਘਾਈ ਨਾਲ ਸਮਝਣ ਅਤੇ ਪੰਜਾਬ ਤੇ ਪੰਜਾਬੀਆਂ ਉੱਤੇ ਪੈ ਰਹੇ ਦੁਰਪ੍ਰਭਾਵਾਂ ਨੂੰ ਨਜ਼ਰਅੰਦਾਜ਼ ਕਰ ਕੇ ਪਰਵਾਸ ਕਰਨ ਵਾਲਿਆਂ ਦੀਆਂ ਮੂਹਰਲੀਆਂ ਕਤਾਰਾਂ ਵਿੱਚ ਖੜ੍ਹੇ ਕਰ ਦਿੱਤਾ ਹੈ।

ਲੁਧਿਆਣੇ ਹੋਏ ਇੱਕ ਸੈਮੀਨਾਰ ਵਿੱਚ ਇੱਕ ਪ੍ਰੋਫੈਸਰ ਨੇ ਕਿਹਾ ਕਿ ਉਸ ਦੇ 25 ਮਾਰਕਸਵਾਦੀ ਦੋਸਤ ਹਨ, ਇਨ੍ਹਾਂ ਸਾਰਿਆਂ ਨੇ ਆਪਣੇ ਬੱਚੇ ਅਮਰੀਕਾ ਵਿੱਚ ਸੈਟਲ ਕਰਵਾਏ ਹਨ। ਉਸ ਨੇ ਕਿਹਾ ਕਿ ਇਸ ਤੋਂ ਮੈਂ ਇਹੀ ਸਿੱਟਾ ਕੱਢਿਆ ਹੈ ਕਿ ਮਾਰਕਸਵਾਦ ਫੇਲ੍ਹ ਹੈ ਅਤੇ ਅਮਰੀਕੀ ਸਰਮਾਏਦਾਰੀ ਪ੍ਰਬੰਧ ਸਭ ਤੋਂ ਵਧੀਆ ਹੈ। ਮੇਰਾ ਜਵਾਬ ਸੀ: ਮਾਰਕਸਵਾਦ ਫੇਲ੍ਹ ਨਹੀਂ ਹੋਇਆ, ਫੇਲ੍ਹ ਤਾਂ ਅਜਿਹੇ ਮਾਰਕਸਵਾਦੀ ਹੋਏ ਹਨ, ਜਿਨ੍ਹਾਂ ਨੇ ਮਾਰਕਸਵਾਦ ਨੂੰ ਆਰਥਿਕਵਾਦ ਤੱਕ ਸੀਮਤ ਕਰ ਦਿੱਤਾ ਹੈ। ਮਾਰਕਸਵਾਦ ਦੀ ਰੂਹ ਆਰਥਿਕਤਾ ਨਹੀਂ, ਇਨਕਲਾਬੀ ਜਜ਼ਬਾ ਹੈ। ਮਾਰਕਸ ਨੇ ਤਾਂ ਕਿਹਾ ਸੀ (ਜੋ ਉਸ ਦੀ ਕਬਰ 'ਤੇ ਵੀ ਲਿਖਿਆ ਹੋਇਆ ਹੈ) ਕਿ ਫਿਲਾਸਫਰਾਂ ਨੇ ਸੰਸਾਰ ਦੀ ਵੱਖ ਵੱਖ ਵਿਆਖਿਆ ਕੀਤੀ ਹੈ, ਪਰ ਮੁੱਕਦੀ ਗੱਲ ਤਾਂ ਇਹ ਹੈ ਕਿ ਇਸ ਨੂੰ ਕਿਵੇਂ ਬਦਲਿਆ ਜਾਏ? ਮਾਰਕਸਵਾਦੀਆਂ ਤੋਂ ਆਰਥਿਕਵਾਦੀ ਬਣਨਾ ਵੀ ਬੌਧਿਕ ਭ੍ਰਿਸ਼ਟਾਚਾਰ ਦੀ ਵੱਡੀ ਮਿਸਾਲ ਕਹੀ ਜਾ ਸਕਦੀ ਹੈ। ਆਰਥਿਕਵਾਦ ਦਾ ਸ਼ਿਕਾਰ ਮਨੁੱਖ ਆਪਣੀ ਸੰਵੇਦਨਾ ਅਤੇ ਜਜ਼ਬਾ ਗੁਆ ਲੈਂਦਾ ਹੈ। ਸੰਵੇਦਨਾ ਵਿੱਚੋਂ ਚਿੰਤਾ ਅਤੇ ਚਿੰਤਾ ਵਿੱਚੋਂ ਚਿੰਤਨ ਉਪਜਦਾ ਹੈ। ਚਿੰਤਨ ਹੀ ਸਾਨੂੰ ਚੇਤਨਾ ਵੱਲ ਲਿਆਂਦਾ ਹੈ। ਚੇਤਨਾ ਵਿਹੂਣਾ ਮਨੁੱਖ ਭ੍ਰਿਸ਼ਟਾਚਾਰ ਵੱਲ ਸੌਖੇ ਹੀ ਧੱਕਿਆ ਜਾਂਦਾ ਹੈ।

ਖਾਓ-ਪੀਓ ਅਤੇ ਐਸ਼ ਕਰੋ ਵਾਲੇ ਖਪਤਕਾਰੀ ਸੱਭਿਆਚਾਰ ਤੋਂ ਪ੍ਰਭਾਵਿਤ ਅਤੇ ਆਰਥਿਕਵਾਦ ਵੱਲ ਉਲਰਿਆ ਸਾਡਾ ਬੁੱਧੀਜੀਵੀ ਵਰਗ ਪੰਜਾਬ ਅਤੇ ਪੰਜਾਬੀਆਂ ਨੂੰ ਦਰਪੇਸ਼ ਗੰਭੀਰ ਚੁਣੌਤੀਆਂ ਅਤੇ ਸਮੱਸਿਆਵਾਂ ਨੂੰ ਸੁਹਿਰਦਤਾ, ਗੰਭੀਰਤਾ ਅਤੇ ਸੰਜੀਦਗੀ ਨਾਲ ਸੰਬੋਧਿਤ ਹੋਣ ਦੀ ਬਜਾਏ ਜ਼ਿਆਦਾਤਰ ਸਤਹੀ, ਪੇਤਲੀ ਅਤੇ ਖਾਨਾਪੂਰਤੀ ਵਾਲੀ ਪਹੁੰਚ ਅਪਣਾ ਰਿਹਾ ਹੈ। ਅਜਿਹੀ ਪਹੁੰਚ ਸਹਿਜੇ ਹੀ ਬੌਧਿਕ ਭ੍ਰਿਸ਼ਟਾਚਾਰ ਦੇ ਘੇਰੇ ਵਿੱਚ ਆ ਸਕਦੀ ਹੈ। ਬੌਧਿਕ ਭ੍ਰਿਸ਼ਟਾਚਾਰ ਕਈ ਰੂਪਾਂ ਵਿੱਚ ਪ੍ਰਗਟ ਹੋ ਰਿਹਾ ਹੈ; ਜਿਵੇਂ ਸਨਮਾਨਾਂ ਲਈ ਘੱਟ ਯੋਗ ਉਮੀਦਵਾਰਾਂ ਦੀ ਚੋਣ, ਯੋਗਤਾ ਨੂੰ ਵਧਾ-ਚੜ੍ਹਾ ਕੇ ਦੱਸਣਾ, ਖਾਸ ਕਰ ਕੇ ਪਰਵਾਸੀ ਸ਼ਖ਼ਸੀਅਤਾਂ ਦੀ। ਕਈ ਵਾਰੀ ਦੇਖਿਆ ਗਿਆ ਹੈ ਕਿ ਕੈਨੇਡਾ, ਅਮਰੀਕਾ, ਇੰਗਲੈਂਡ, ਆਸਟਰੇਲੀਆ ਆਦਿ ਤੋਂ ਆਈਆਂ ਸ਼ਖ਼ਸੀਅਤਾਂ ਦੀ ਸਾਹਿਤਕ ਖੇਤਰ ਵਿੱਚ ਜੋ ਪਛਾਣ ਕਰਵਾਈ ਜਾਂਦੀ ਹੈ, ਜਾਂ ਉਨ੍ਹਾਂ ਦੀਆਂ ਰਚਨਾਵਾਂ ਦਾ ਜੋ ਮਿਆਰ ਦੱਸਿਆ ਜਾਂਦਾ ਹੈ, ਉਹ ਉਸ ਦੇ ਯੋਗ ਨਹੀਂ ਹੁੰਦੇ। ਜਿੰਨੀ ਪ੍ਰਾਪਤੀ ਉਨ੍ਹਾਂ ਦੀ ਇੱਥੇ ਦੱਸੀ ਜਾਂਦੀ ਹੈ, ਜਿੱਥੋਂ ਉਹ ਆਏ ਹੁੰਦੇ ਹਨ, ਉਨ੍ਹਾਂ ਸਮਾਜਾਂ ਵਿੱਚ ਉਨ੍ਹਾਂ ਦੀ ਇੰਨੀ ਵੱਡੀ ਪਛਾਣ ਨਹੀਂ ਹੁੰਦੀ। ਕਈ ਸੰਸਥਾਵਾਂ ਅਜਿਹਾ ਸਾਹਿਤ ਛਪਵਾਉਣ ਵਿੱਚ ਲਗੀਆਂ ਹੋਈਆਂ ਹਨ ਜੋ ਵਿਸ਼ੇ ਪੱਖੋਂ ਤੁਲਨਾਤਮਿਕ ਤੌਰ 'ਤੇ ਜ਼ਿਆਦਾ ਸਾਰਥਿਕ ਜਾਂ ਮਹੱਤਵਪੂਰਨ ਨਹੀਂ। ਅਜਿਹਾ ਕਰਨ ਨਾਲ ਲੋਕਾਂ ਦਾ ਧਿਆਨ ਮੁੱਖ ਵਿਸ਼ਿਆਂ ਤੋਂ ਘੱਟ ਮਹੱਤਵਪੂਰਨ ਤੇ ਘੱਟ ਸਾਰਥਿਕ ਵਿਸ਼ਿਆਂ ਵੱਲ ਚਲਾ ਜਾਂਦਾ ਹੈ। ਬੌਧਿਕ ਭ੍ਰਿਸ਼ਟਾਚਾਰ ਦਾ ਇੱਕ ਹੋਰ ਵੱਡਾ ਰੂਪ ਵਿਦੇਸ਼ਾਂ ਵਿੱਚ ਵਸਦੇ ਪਰਵਾਸੀਆਂ ਦੇ ਜੀਵਨ ਅਤੇ ਪ੍ਰਾਪਤੀਆਂ ਦੀ ਗ਼ੈਰ-ਯਥਾਰਥਵਾਦੀ ਅਤੇ ਅਸੰਤੁਲਿਤ ਪੇਸ਼ਕਾਰੀ ਵਜੋਂ ਹੁੰਦਾ ਹੈ। ਬਹੁਤ ਸਾਰੇ ਲੇਖਕ ਇਸ ਵਿਸ਼ੇ 'ਤੇ ਪੱਛਮੀ ਸਮਾਜਾਂ ਦੇ ਸੋਹਲੇ ਗਾਉਂਦੇ ਜਾਂ ਭੰਡਾਂ ਵਾਲੀ ਪਹੁੰਚ ਦੇ ਧਾਰਨੀ ਹੀ ਨਜ਼ਰ ਆਉਂਦੇ ਹਨ। ਉਹ ਪਰਵਾਸੀ ਪੰਜਾਬੀਆਂ ਦੀ ਮਾਨਸਿਕ ਹਾਲਤ ਦਾ ਸਹੀ ਚਿਤਰਣ ਨਹੀਂ ਕਰ ਰਹੇ ਅਤੇ ਉਨ੍ਹਾਂ ਦੀ ਪੀੜ ਪ੍ਰਤੀ ਸੰਵੇਦਨਸ਼ੀਲ ਹੋਣ ਦੀ ਥਾਂ 'ਤੇ ਉਨ੍ਹਾਂ ਦੀ ਉਪਜੀ ਅਤੇ ਫੋਕੀ ਵਾਹ ਵਾਹ ਕਰ ਕੇ ਉਨ੍ਹਾਂ ਦੇ ਅਹਿਸਾਨਾਂ ਦਾ ਕਰਜ਼ ਚੁਕਾਉਂਦੇ ਨਜ਼ਰ ਆਉਂਦੇ ਹਨ। ਇਨ੍ਹਾਂ ਲੇਖਕਾਂ ਅਤੇ ਚਿੰਤਕਾਂ ਨੂੰ ਇਹ ਅਹਿਸਾਸ ਵੀ ਨਹੀਂ ਹੈ ਕਿ ਅਜਿਹਾ ਕਰ ਕੇ ਉਹ ਪੰਜਾਬ ਅਤੇ ਪੰਜਾਬੀਆਂ ਦਾ ਕਿੰਨਾ ਨੁਕਸਾਨ ਕਰ ਰਹੇ ਹਨ। ਪਰਵਾਸ ਅੱਜ ਪੰਜਾਬ ਤੇ ਪੰਜਾਬੀਆਂ ਲਈ ਵਰਦਾਨ ਨਾਲੋਂ ਜ਼ਿਆਦਾ ਸਰਾਪ ਬਣ ਰਿਹਾ ਹੈ ਅਤੇ ਇਹ ਲੋਕ ਇਸ ਪ੍ਰਕਿਰਿਆ ਵਿੱਚ ਭਾਗੀਦਾਰ ਬਣ ਰਹੇ ਹਨ।

ਬੌਧਿਕ ਭ੍ਰਿਸ਼ਟਾਚਾਰ ਨਾਲ ਸਬੰਧਿਤ ਇੱਕ ਹੋਰ ਮਹੱਤਵਪੂਰਨ ਪੱਖ ਇਹ ਹੈ ਕਿ ਸਾਡਾ ਬੁੱਧੀਜੀਵੀ ਵਰਗ ਪੰਜਾਬ ਅਤੇ ਪੰਜਾਬੀਆਂ ਦੇ ਪ੍ਰਸੰਗ ਵਿੱਚ ਸਿੱਖ ਧਰਮ ਦੀ ਵਿਲੱਖਣਤਾ, ਮਹਾਨਤਾ ਅਤੇ ਦੇਣ ਨੂੰ ਪੂਰੀ ਤਰ੍ਹਾਂ ਸਮਝਣ ਵਿੱਚ ਅਸਮਰੱਥ ਰਿਹਾ ਹੈ। ਪ੍ਰੋਫੈਸਰ ਪੂਰਨ ਸਿੰਘ ਵਰਗੇ ਮਹਾਨ ਚਿੰਤਕ ਇਸ ਬਾਰੇ ਸਪਸ਼ਟ ਸਨ, ਜਦੋਂ ਉਨ੍ਹਾਂ ਕਿਹਾ ਕਿ ਪੰਜਾਬ ਜਿਉਂਦਾ ਗੁਰਾਂ ਦੇ ਨਾਂ 'ਤੇ, ਭਾਵ ਸਿੱਖ ਧਰਮ ਨੇ ਪੰਜਾਬ ਦਾ ਸੱਭਿਆਚਾਰਕ, ਸਦਾਚਾਰਕ ਅਤੇ ਨੈਤਿਕ ਆਧਾਰ ਬਣਾਇਆ ਹੈ। ਪੰਜਾਬ ਦੇ ਸਿਰਕੱਢ ਭਾਈਚਾਰੇ, ਅਰਥਾਤ ਜੱਟ ਭਾਈਚਾਰੇ ਕੋਲ ਤਾਂ ਸਿੱਖ ਧਰਮ ਵੱਲੋਂ ਦਿੱਤੇ ਗਏ ਸੱਭਿਆਚਾਰ, ਸਦਾਚਾਰਕ ਅਤੇ ਨੈਤਿਕ ਆਧਾਰ ਦਾ ਬਦਲ ਹੈ ਹੀ ਨਹੀਂ। ਇਸੇ ਲਈ ਜਦੋਂ ਇਹ ਭਾਈਚਾਰਾ ਆਪਣੀ ਸਿੱਖ ਵਿਰਾਸਤ ਤੋਂ ਦੂਰ ਹੁੰਦਾ ਹੈ (ਜਿਵੇਂ ਸਾਡੇ ਕਈ ਬੁੱਧੀਜੀਵੀਆਂ ਨੇ ਅਜਿਹਾ ਕਰਨ ਦਾ ਯਤਨ ਕੀਤਾ) ਤਾਂ ਪੰਜਾਬ ਅਤੇ ਪੰਜਾਬੀ ਕਬੀਲਾਵਾਦ ਦੇ ਪੱਧਰ ਵੱਲ ਧੱਕੇ ਜਾਂਦੇ ਹਨ। ਪੰਜਾਬ ਅਤੇ ਪੰਜਾਬੀਆਂ ਨੂੰ ਉਜਾੜਵਾਦ ਵੱਲ ਧੱਕੇ ਜਾਣ ਕਾਰਨ ਬੌਧਿਕ ਭ੍ਰਿਸ਼ਟਾਚਾਰ, ਰਾਜਨੀਤਕ ਭ੍ਰਿਸ਼ਟਾਚਾਰ ਨਾਲੋਂ ਕਿਤੇ ਜ਼ਿਆਦਾ ਖ਼ਤਰਨਾਕ ਸਾਬਤ ਹੋਇਆ ਹੈ।

# ਪੰਜਾਬ ਦੇ ਅਰਥਚਾਰੇ ਦੀ ਨਵ-ਉਸਾਰੀ ਦਾ ਵੇਲਾ



ਨਿਰਮਲ ਸੰਧੂ

ਪੰਜਾਬ ਦੇ ਬਜਟ ਦਾ ਵੇਲਾ ਆਣ ਪੁੱਜਿਆ ਹੈ ਅਤੇ ਹੁਣ ਪੰਜਾਬ ਦੇ ਪੁਰਾਣੇ ਨਿਹਚਿਆਂ ਦੇ ਰੂ-ਬ-ਰੂ ਹੋਣ, ਤੇ ਡੁੱਬ ਰਹੇ ਅਰਥਚਾਰੇ ਨੂੰ ਮੁੜ ਪੈਰਾਂ ਸਿਰ ਕਰਨ ਲਈ ਸੰਜੀਦਾ ਯਤਨ ਕਰਨ ਦਾ ਵਕਤ ਵੀ ਹੈ। ਪੁਰਾਣੀਆਂ ਬੱਜਰ ਗਲਤੀਆਂ ਤੇ ਉਕਾਈਆਂ ਬਾਰੇ ਸਿਆਸੀ ਰੌਲਾ ਪਾਉਂਦੇ ਰਹਿਣ ਲਈ ਇੱਕ ਸਾਲ ਦਾ ਸਮਾਂ ਬਹੁਤ ਹੁੰਦਾ ਹੈ। ਹੁਣ ਇਨ੍ਹਾਂ ਗਲਤੀਆਂ ਨੂੰ ਦਰੁਸਤ ਕਰਨ ਦਾ ਵਕਤ ਹੈ। ਹੁਣ ਪਹਿਲਾਂ ਵਰਗਾ ਆਮ ਜਿਹਾ ਬਜਟ ਪੇਸ਼ ਕਰਕੇ ਨਹੀਂ ਸਰਨਾ।

ਪੰਜਾਬ ਦੇ ਲੀਡਰ ਇਮਦਾਦ ਲਈ ਕੇਂਦਰ ਦਾ ਦਰਵਾਜ਼ਾ ਲਗਾਤਾਰ ਖੜਕਾਉਂਦੇ ਆ ਰਹੇ ਹਨ। ਸਾਰਾ ਕਸੂਰ ਕੇਂਦਰ ਸਿਰ ਮੜ੍ਹਨਾ ਸਭ ਤੋਂ ਸੁਖਾਲਾ ਕੰਮ ਹੈ। ਪ੍ਰਕਾਸ਼ ਸਿੰਘ ਬਾਦਲ ਕਿੰਨੇ ਸਾਲਾਂ ਤੋਂ ਅਜਿਹਾ ਕਰ ਰਹੇ ਹਨ ਅਤੇ ਸੂਬੇ ਵਿੱਚ ਲੱਕ-ਤੋੜਵੀਂ ਹਾਰ ਤੋਂ ਪਹਿਲਾਂ, ਉਹ ਹਰ ਵਾਰ ''ਕੇਂਦਰੀ ਪੱਖਪਾਤ'' ਵਾਲਾ ਨੁਕਤਾ ਉਭਾਰ ਕੇ ਸਿਆਸੀ ਲਾਹਾ ਲੈਂਦੇ ਰਹੇ ਹਨ। ਹਾਰਨ ਤੋਂ ਪਹਿਲਾਂ ਉਨ੍ਹਾਂ ਨੇ ਕੇਂਦਰ ਦੀਆਂ ਹੀ ਸ਼ਰਤਾਂ ਉੱਤੇ ਸੂਬੇ ਸਿਰ 31 ਹਜ਼ਾਰ ਕਰੋੜ ਰੁਪਏ ਦੇ ਨਾਵਾਜਬ ਕਰਜ਼ੇ ਦਾ ਭਾਰ ਲੱਦ ਦਿੱਤਾ।

ਕੇਂਦਰੀ ਖ਼ੈਰਾਤ ਹੁਣ ਸੰਭਵ ਨਹੀਂ ਜਾਪਦੀ, ਕਿਉਂਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਜਪਾ ਪ੍ਰਧਾਨ ਅਮਿਤ ਸ਼ਾਹ ਦੀਆਂ ਸਿਆਸੀ ਗਿਣਤੀਆਂ-ਮਿਣਤੀਆਂ ਵਿੱਚ ਪੰਜਾਬ ਕਿਤੇ ਸੂਤ ਨਹੀਂ ਬੈਠਦਾ। ਨੀਤੀ ਆਯੋਗ ਦੇ ਨੁਮਾਇੰਦੇ ਡਾਕਟਰ ਰਾਜੀਵ ਕੁਮਾਰ ਨੇ ਆਪਣੇ ਹਾਲੀਆ ਚੰਡੀਗੜ੍ਹ ਦੌਰੇ ਦੌਰਾਨ ਦਿੱਲੀ ਦਾ ਦੋ-ਟੁੱਕ ਸੁਨੇਹਾ ਸ਼ਰ੍ਹੇਆਮ ਦੁਹਰਾਇਆ: ''ਫੰਡ ਮੰਗਣੇ ਬੰਦ ਕਰੋ। ਮੁਲਕ ਦੀ ਅਨਾਜ ਸੁਰੱਖਿਆ ਦਾ ਮਸਲਾ ਤੁਸੀਂ ਸਾਡੇ 'ਤੇ ਛੱਡ ਸਕਦੇ ਹੋ।'' ਇਸ ਝਿੜਕ ਵਿੱਚ ਹੀ ਸਖ਼ਤ ਸੁਨੇਹਾ ਹੈ।

ਹਰ ਬਜਟ, ਲੀਡਰਸ਼ਿਪ ਲਈ ਇੱਕ ਚੋਣ ਕਰਨ ਦੀ ਚੁਣੌਤੀ ਵਾਂਗ ਹੁੰਦਾ ਹੈ: ਕਰਦਾਤਿਆਂ ਦਾ ਪੈਸਾ ਵੋਟਰਾਂ ਨੂੰ ਲੁਭਾਉਣ ਲਈ ਵਰਤਿਆ ਜਾਵੇ ਤਾਂ ਕਿ ਅਗਲੀਆਂ ਚੋਣਾਂ ਵਿੱਚ ਇਨ੍ਹਾਂ ਨੂੰ ਆਪਣੇ ਹੱਕ ਵਿੱਚ ਭੁਗਤਾਇਆ ਜਾ ਸਕੇ, ਜਾਂ ਫਿਰ ਲੰਮੇ ਸਮੇਂ ਦੇ ਫ਼ਾਇਦਿਆਂ ਲਈ ਕੁਝ ਸਖ਼ਤ ਫ਼ੈਸਲੇ ਕੀਤੇ ਜਾਣ। ਬਾਦਲ ਅਤੇ ਕੈਪਟਨ ਅਮਰਿੰਦਰ ਸਿੰਘ, ਦੋਹਾਂ ਨੇ ਹੀ ਹੁਣ ਤੱਕ ਉਹੀ ਰਾਹ ਅਪਣਾਏ ਹਨ ਜੋ ਸੂਬੇ ਦੀ ਥਾਂ ਉਨ੍ਹਾਂ ਨੂੰ ਵਧੇਰੇ ਸੂਤ ਬੈਠਦੇ ਹਨ। ਜ਼ਾਹਿਰ ਹੈ ਕਿ ਉਹ ਸੱਤਾ ਉੱਤੇ ਕਬਜ਼ੇ ਲਈ ਸਿਆਸਤ ਕਰ ਰਹੇ ਹਨ, ਲਾਭਦਾਇਕ ਕਾਰਜ ਕਰਨ ਲਈ ਕੁਝ ਵੀ ਨਹੀਂ ਕਰ ਰਹੇ।

ਇਸ ਦਾ ਨਤੀਜਾ ਇਹ ਨਿਕਲਿਆ ਹੈ ਕਿ ਮਾਹਿਰ ਜਿਨ੍ਹਾਂ ਫ਼ਜ਼ੂਲ ਗੱਲਾਂ ਤੋਂ ਵਰਜਦੇ ਰਹੇ, ਇਹ ਲੋਕ ਉਹੀ ਕੁਝ ਕਰਦੇ ਰਹੇ ਹਨ। ਮੁਫ਼ਤ ਬਿਜਲੀ ਅਜਿਹੀ ਸਭ ਤੋਂ ਵੱਡੀ ਗਲਤੀ ਹੈ ਜਿਹੜੀ (1) ਪੰਜਾਬ ਦੀ ਖੇਤੀਬਾੜੀ ਦਾ ਨੁਕਸਾਨ ਕਰ ਰਹੀ ਹੈ, (2) ਝੋਨੇ ਦੀ ਕਾਸ਼ਤ ਨੂੰ ਮਿਲਦੀ ਹੱਲਾਸ਼ੇਰੀ ਨੇ ਪੰਜਾਬ ਦੇ ਜਲ ਸੋਮੇ ਸੁਕਾ ਦਿੱਤੇ ਹਨ, (3) ਸਬਮਰਸੀਬਲ ਪੰਪਾਂ ਨਾਲ ਕਿਸਾਨਾਂ ਦਾ ਪੈਦਾਵਾਰੀ ਖ਼ਰਚਾ ਵਧਾ ਦਿੱਤਾ ਹੈ, (4) ਪ੍ਰਾਈਵੇਟ ਬਿਜਲੀ ਕੰਪਨੀਆਂ ਉੱਤੇ ਸੂਬੇ ਦੀ ਨਿਰਭਰਤਾ ਵਧਾਈ ਜੋ ਆਪਣੀਆਂ ਸ਼ਰਤਾਂ ਮਨਵਾਉਂਦੀਆਂ ਹਨ, (5) ਝੋਨੇ ਦੇ ਸੀਜ਼ਨ ਦੌਰਾਨ ਸਨਅਤੀ ਕੰਮਕਾਰ ਠੱਪ ਦਿੱਤਾ; ਅਤੇ (6) ਉਹ ਵਸੀਲੇ ਚਟਮ ਕਰ ਲਏ ਹਨ ਜਿਹੜੇ ਬਿਜਲੀ ਪਲਾਂਟਾਂ ਨੂੰ ਆਧੁਨਿਕ ਬਣਾਉਣ ਤੇ ਬਿਜਲੀ ਪੈਦਾਵਾਰ ਦੀ ਸਮਰੱਥਾ ਵਧਾਉਣ ਲਈ ਵਰਤੇ ਜਾ ਸਕਦੇ ਸਨ, ਅਤੇ ਇਸ ਤਰ੍ਹਾਂ ਪਲਾਂਟ ਬੰਦ ਕਰਨ ਕਰਕੇ ਟੁੱਟੀਆਂ ਨੌਕਰੀਆਂ ਬਚਾਉਣ ਦਾ ਸਾਧਨ ਬਣ ਸਕਦੇ ਸਨ। ਜੁੱਗਾਂ ਪੁਰਾਣੀ ਕਹਾਵਤ 'ਬੰਦੇ ਨੂੰ ਮੱਛੀ ਦੇਣ ਦੀ ਥਾਂ ਮੱਛੀ ਫੜਨੀ ਸਿਖਾਓ' ਤੱਜ ਦਿੱਤੀ ਗਈ। ਇਨ੍ਹਾਂ ਨੇ ਪੰਜਾਬੀਆਂ ਨੂੰ ਮੁਫ਼ਤਖੋਰੇ ਬਣਾ ਦਿੱਤਾ।



ਇਸ ਅਣਗਹਿਲੀ ਕਰ ਕੇ ਬਹੁਤ ਨੁਕਸਾਨ ਹੋਇਆ। ਵੋਟ ਸਿਆਸਤ ਅਤੇ ਪ੍ਰਾਈਵੇਟ ਖੇਤਰ ਦੀ ਸਰਪ੍ਰਸਤੀ ਲਈ ਲੋੜਾਂ ਪੂਰੀਆਂ ਕਰਦਿਆਂ, ਵਸੀਲਿਆਂ ਦੀ ਵਰਤੋਂ ਹੋਰ ਪਾਸੇ ਕਰਨ ਦਾ ਮਾਮਲਾ ਹੁਣ ਸਿਰਫ਼ ਬਿਜਲੀ ਖੇਤਰ ਤੱਕ ਹੀ ਸੀਮਤ ਨਹੀਂ ਰਿਹਾ। ਇਹ ਅਗਾਂਹ ਸਰਕਾਰੀ ਟਰਾਂਸਪੋਰਟ, ਸਿੱਖਿਆ, ਸਿਹਤ ਅਤੇ ਸੜਕਾਂ ਦੇ ਖੇਤਰਾਂ ਤੱਕ ਫੈਲ ਗਿਆ, ਜਿਸ ਨਾਲ ਸਰਕਾਰੀ ਖੇਤਰ ਵਿਚ ਨੌਕਰੀਆਂ ਘਟ ਜਾਂ ਖ਼ਤਮ ਹੋ ਰਹੀਆਂ ਹਨ। ਇਸ ਦਾ ਖ਼ਮਿਆਜ਼ਾ ਸਭ ਨੂੰ ਭੁਗਤਣਾ ਪੈ ਰਿਹਾ ਹੈ। ਕਰਜ਼ਾ ਮੁਆਫ਼ੀ ਉਡੀਕਦਿਆਂ ਕਿਸਾਨਾਂ ਨੇ ਕਰਜ਼ੇ ਮੋੜਨੇ ਬੰਦ ਕਰ ਦਿੱਤੇ ਹਨ। ਹੁਣ ਕਾਂਗਰਸ ਇਹ 'ਫੜ੍ਹ' ਮਾਰ ਸਕਦੀ ਹੈ ਕਿ ਲੋਕ ਲੁਭਾਊ ਸਿਆਸਤ ਖ਼ਾਤਿਰ ਇਸ ਨੇ ਸਹਿਕਾਰੀ ਸਭਾਵਾਂ ਅਤੇ ਬੈਂਕਾਂ ਨੂੰ ਵੀ ਮਾੜੀ ਕਾਰਗੁਜ਼ਾਰੀ ਵਾਲੀਆਂ ਹੋਰ ਸੰਸਥਾਵਾਂ ਵਿਚ ਸ਼ੁਮਾਰ ਕਰ ਦਿੱਤਾ ਹੈ।

ਹਰ ਆਰਥਿਕ ਮਾਹਿਰ ਇਹ ਆਖ ਰਿਹਾ ਹੈ ਕਿ ਕਿਸਾਨੀ ਸਿਰ ਪਏ ਸੰਕਟ ਦਾ ਹੱਲ ਕਰਜ਼ਾ ਮੁਆਫ਼ੀ ਨਹੀਂ ਹੈ। ਫਿਰ ਵੀ ਸਰਕਾਰ ਜਿਸ ਨੇ ਸਲਾਹਕਾਰਾਂ ਦੀ ਪੂਰੀ ਬਟਾਲੀਅਨ ਖੜ੍ਹੀ ਕਰ ਲਈ ਹੋਈ ਹੈ, ਇਸ ਵਾਜਬ ਤੇ ਸਿਆਣੀ ਸਲਾਹ ਨੂੰ ਨਜ਼ਰਅੰਦਾਜ਼ ਕਰ ਰਹੀ ਹੈ। ਲਕੀਰ ਦੇ ਫ਼ਕੀਰ ਤੋਂ ਅਗਾਂਹ ਸੋਚਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਜਾ ਰਹੀ। ਪਿਛਲੇ ਸਾਲਾਂ ਦੌਰਾਨ ਆਪਣੀਆਂ ਗੰਭੀਰ ਸਮੱਸਿਆਵਾਂ ਨਾਲ ਨਜਿੱਠਣ ਲਈ ਪੰਜਾਬ ਨੇ ਕੋਈ ਇੱਕ ਵੀ ਵੱਡਾ ਵਿਚਾਰ ਸਾਹਮਣੇ ਨਹੀਂ ਲਿਆਂਦਾ। ਹਰਿਆਣਾ ਖੇਡਾਂ ਨੂੰ ਪ੍ਰਫ਼ੁਲਿਤ ਕਰ ਰਿਹਾ ਹੈ ਅਤੇ ਸਬਜ਼ੀ ਕਾਸ਼ਤਕਾਰਾਂ ਨੂੰ ਚੰਗੇ ਭਾਅ ਦੇ ਰਿਹਾ ਹੈ। ਹਿਮਾਚਲ ਪ੍ਰਦੇਸ਼ ਮਨੁੱਖੀ ਵਿਕਾਸ ਵਾਲੇ ਪਾਸੇ ਪੂਰੇ ਸਿਰੜ ਨਾਲ ਲੱਗਿਆ ਹੋਇਆ ਹੈ। ਮੱਧ ਪ੍ਰਦੇਸ਼ ਘੱਟੋ-ਘੱਟ ਸਮਰਥਨ ਮੁੱਲ ਤੋਂ ਹੇਠਾਂ ਜਿਣਸ ਵਿਕਣ ਕਾਰਨ, ਕਿਸਾਨਾਂ ਨੂੰ ਪੈਂਦਾ ਘਾਟਾ ਖ਼ੁਦ ਪੈਸਾ ਮੁਹੱਈਆ ਕਰਵਾ ਕੇ ਪੂਰਾ ਕਰ ਰਿਹਾ ਹੈ। ਤਿਲੰਗਾਨਾ ਬਿਜਾਈ ਦੇ ਹਰ ਸੀਜ਼ਨ ਦੌਰਾਨ ਕਿਸਾਨਾਂ ਨੂੰ ਚਾਰ ਹਜ਼ਾਰ ਰੁਪਏ ਫ਼ੀ ਏਕੜ ਉੱਕਾ-ਪੁੱਕਾ ਸਬਸਿਡੀ ਦੇ ਰਿਹਾ ਹੈ।

ਬਹੁਤ ਘੱਟ ਆਸ ਹੈ ਕਿ ਆਉਣ ਵਾਲਾ ਬਜਟ ਕਿਸੇ ਲਿਹਾਜ਼ ਵੱਖਰਾ ਹੋਵੇਗਾ। ਸਾਡੇ ਕੋਲ ਅਜਿਹੇ ਨੀਤੀਘਾੜੇ ਹਨ ਜਿਹੜੇ ਮੌਕਾ ਆਉਣ 'ਤੇ ਆਪਣੇ ਦਰਵਾਜ਼ੇ ਢੋਹ ਲੈਂਦੇ ਹਨ। ਮੁੱਖ ਮੰਤਰੀ ਪ੍ਰਾਈਵੇਟ ਪੂੰਜੀਨਿਵੇਸ਼ ਖ਼ਾਤਿਰ ਮੁੰਬਈ ਤਾਂ ਜਾ ਸਕਦੇ ਹਨ ਪਰ ਜਦੋਂ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਪੰਜਾਬੀਆਂ ਨਾਲ ਸਾਂਝ ਤੇ ਸਦਭਾਵਨਾ ਖ਼ਾਤਿਰ ਪੰਜਾਬ ਆਉਂਦੇ ਹਨ ਤਾਂ ਉਨ੍ਹਾਂ ਨਾਲ ਗੱਲ ਕਰਨ ਲਈ ਮੁੱਖ ਮੰਤਰੀ ਕੋਲ ਕੋਈ ਆਰਥਿਕ ਏਜੰਡਾ ਹੀ ਨਹੀਂ ਹੁੰਦਾ। ਇਸ ਦੀ ਥਾਂ ਨੌਂ ਭਗੌੜੇ ਬੰਦਿਆਂ ਦੀ ਲਿਸਟ ਪੇਸ਼ ਕੀਤੀ ਜਾਂਦੀ ਹੈ ਅਤੇ ਖ਼ਾਲਿਸਤਾਨ ਵਰਗਾ ਖ਼ਤਮ ਹੋਇਆ ਮੁੱਦਾ ਮੁੜ ਉਖਾੜਿਆ ਜਾਂਦਾ ਹੈ। ਦਰਅਸਲ, ਮੁੱਖ ਮੰਤਰੀ ਕੈਨੇਡਾ ਵੱਲੋਂ ਉਨ੍ਹਾਂ ਨੂੰ ਵੀਜ਼ੇ ਤੋਂ ਇਨਕਾਰ ਕਰਨ ਵਾਲੀ ਗੱਲ ਤੋਂ ਉੱਪਰ ਉੱਠ ਹੀ ਨਹੀਂ ਸਕੇ।

ਉੱਤਰ ਭਾਰਤ ਆਮ ਕਰ ਕੇ, ਤੇ ਪੰਜਾਬ ਖ਼ਾਸ ਕਰ ਕੇ ਪਾਕਿਸਤਾਨ ਅਤੇ ਹੋਰ ਅਗਲੇਰੇ ਮੁਲਕਾਂ ਨਾਲ ਕਾਰੋਬਾਰ ਵਧਾਉਣ ਤੋਂ ਲਾਭ ਉਠਾ ਸਕਦਾ ਹੈ ਪਰ ਪੰਜਾਬ ਦੇ ਕਿਸੇ ਵੀ ਲੀਡਰ ਨੇ ਭਾਜਪਾ ਦੇ ਜੰਗਬਾਜ਼ ਕਾਡਰ ਨੂੰ ਥਾਂ ਸਿਰ ਰੱਖਣ ਵੱਲ ਕਦੀ ਕੋਈ ਧਿਆਨ ਨਹੀਂ ਦਿੱਤਾ। ਦਹਿਸ਼ਤਪਸੰਦੀ ਦੇ ਟਾਕਰੇ ਲਈ ਸਭ ਤੋਂ ਵੱਡਾ ਹਥਿਆਰ ਕਾਰੋਬਾਰ ਹੈ ਅਤੇ ਇਹ ਪਾਕਿਸਤਾਨ ਤੱਕ ਵਧੇਰੇ ਪਹੁੰਚ ਦੀ ਮੰਗ ਕਰਦਾ ਹੈ; ਪਰ ਕੈਪਟਨ ਅਮਰਿੰਦਰ ਸਿੰਘ ਆਪਣੇ ਚੁਸਤ-ਚਾਲਾਕ ਚੋਣ ਰਣਨੀਤੀਕਾਰਾਂ ਦੀ ਸਲਾਹ ਉੱਤੇ ਅੱਲਵਲੱਲੇ ਚੋਣ ਵਾਅਦੇ ਕਰਦਿਆਂ ਸਮਾਂ ਲੰਘਾਉਂਦੇ ਰਹੇ।

ਨਿਊ ਯਾਰਕ ਯੂਨੀਵਰਸਿਟੀ ਦੇ ਪ੍ਰੋਫ਼ੈਸਰ ਸਟੀਫਨ ਹੋਮਜ਼ ਦਾ ਕਹਿਣਾ ਹੈ, ''ਸਿਆਸਤ ਦਾ ਮਤਲਬ ਵਾਅਦੇ ਕਰਨਾ, ਨਾਕਾਮ ਹੋਣਾ ਅਤੇ ਫਿਰ ਇਸ ਨਾਕਾਮੀ ਨੂੰ ਲੁਕੋਣਾ ਹੈ।'' ਹੋਮਜ਼ ਨੇ ਕੈਪਟਨ ਅਮਰਿੰਦਰ ਸਿੰਘ ਬਾਰੇ ਤਾਂ ਨਹੀਂ ਸੁਣਿਆ ਹੋਵੇਗਾ ਪਰ ਉਨ੍ਹਾਂ ਜੋ ਕਿਹਾ ਉਹ ਪੰਜਾਬ ਦੇ ਮੁੱਖ ਮੰਤਰੀ ਵੱਲੋਂ ਵਰਤਾਈ ਜਾ ਰਹੀ ਜਮਹੂਰੀਅਤ ਉੱਤੇ ਐਨ ਢੁਕਦਾ ਹੈ। ਕੈਪਟਨ ਨੇ ਪੂਰਾ ਇੱਕ ਸਾਲ ਲੋਕਾਂ ਨੂੰ ਇਹ ਚੇਤਾ ਕਰਾਉਂਦਿਆਂ ਹੀ ਲੰਘਾ ਦਿੱਤਾ ਕਿ ਬਾਦਲਾਂ ਨੇ ਕਿੰਨੀ ਵੱਡੀ ਗੜਬੜ ਕੀਤੀ ਹੈ। ਮੁੱਖ ਮੰਤਰੀ ਦਾ 2.08 ਲੱਖ ਕਰੋੜ ਦੇ ਕਰਜ਼ੇ ਉੱਤੇ ਹੈਰਾਨੀ ਭਰਿਆ ਬਿਆਨ ਵੀ ਬਨਾਵਟੀ ਸੀ, ਕਿਉਂਕਿ ਉਦੋਂ ਬੌਂਡਜ਼, ਸਟੇਟ ਗਾਰੰਟੀ ਅਤੇ ਸਰਕਾਰੀ ਖੇਤਰ ਦੇ ਅਦਾਰਿਆਂ ਦੇ ਕਰਜ਼ੇ ਸਮੇਤ ਸੂਬੇ ਸਿਰ ਚੜ੍ਹਿਆ ਕਰਜ਼ਾ ਜਨਤਕ ਹੋਇਆ ਹੋਇਆ ਹੈ। 'ਟਾਈਮਜ਼ ਆਫ਼ ਇੰਡੀਆ' ਨਾਲ ਇੰਟਰਵਿਊ (27 ਫਰਵਰੀ) ਦੌਰਾਨ ਉਨ੍ਹਾਂ ਕਿਹਾ ਹੈ, ''ਸਾਲ 2006-07 (ਜਦੋਂ ਉਹ ਮੁੱਖ ਮੰਤਰੀ ਸਨ) ਵਿੱਚ ਸੂਬੇ ਦੀ ਵਿਕਾਸ ਦਰ 10.18 ਫ਼ੀਸਦ ਸੀ ਜਿਹੜੀ ਭਾਰਤ ਦੀ ਔਸਤ ਵਿਕਾਸ ਦਰ 9.57 ਫ਼ੀਸਦ ਤੋਂ ਵੱਧ ਸੀ। ਸਾਲ 2016-17 ਤੱਕ ਪੁੱਜਦਿਆਂ ਇਹ ਭਾਰਤ ਦੀ 7.5 ਫ਼ੀਸਦ ਦਰ ਦੇ ਮੁਕਾਬਲੇ 4.20 ਫ਼ੀਸਦ ਤੱਕ ਆ ਡਿੱਗੀ।'' ਤੇ 8 ਮਾਰਚ 2006 ਨੂੰ 'ਦਿ ਹਿੰਦੂ' ਵਿੱਚ ਛਪੀ ਰਿਪੋਰਟ 'ਨੋ ਫਰੈਸ਼ ਟੈਕਸ ਇਨ ਪੰਜਾਬ ਬਜਟ' ਵਿੱਚ ਪੰਜਾਬ ਦੀ ਵਿਕਾਸ ਦਰ 5.5 ਦੱਸੀ ਗਈ ਹੈ। ਇਹ ਕੈਪਟਨ ਦੇ ਦਾਅਵਿਆਂ ਤੋਂ ਤਕਰੀਬਨ ਅੱਧੀ ਹੈ। ਇਸ ਤੋਂ ਅਮਰੀਕੀ ਸਿਆਸਤਦਾਨ ਤੇ ਕੂਟਨੀਤਕ ਡੇਨੀਅਲ ਪੈਟਰਿਕ ਦਾ ਕਿਹਾ ਚੇਤੇ ਆਉਂਦਾ ਹੈ: ''ਹਰ ਕਿਸੇ ਨੂੰ ਆਪਣੇ ਵਿਚਾਰ ਰੱਖਣ

(ਬਾਕੀ ਸਫ਼ਾ 22 'ਤੇ)




# ਰੋਜ਼ਾਨਾ ਖਾਧੇ ਜਾਣ ਵਾਲੇ ਇਹਨਾਂ 5 ਭੋਜਨਾਂ ਨਾਲ ਵੱਧ ਸਕਦੀ ਹੈ ਦਿਲ ਦੀ ਬਿਮਾਰੀ

ਜੀਵਨ ਸ਼ੈਲੀ ਵਿਚ ਤਬਦੀਲੀ, ਜ਼ਰੂਰਤ ਤੋਂ ਜ਼ਿਆਦਾ ਤਣਾਅ ਅਤੇ ਸਰੀਰਕ ਮਿਹਨਤ ਦੀ ਕਮੀ ਦੇ ਕਾਰਨ ਅੱਜਕਲ੍ਹ ਦਿਲ ਦੀਆਂ ਬਿਮਾਰੀਆਂ ਲੋਕਾਂ ਨੂੰ ਘੇਰ ਰਹੀਆਂ ਹਨ। ਦਿਲ ਦੀਆਂ ਬਿਮਾਰੀਆਂ ਦੀ ਇਕ ਹੋਰ ਵੱਡੀ ਵਜ੍ਹਾ ਸਾਡਾ ਅੱਜ ਦਾ ਖਾਣ-ਪੀਣ ਹੈ। ਦਿਲ ਮਾਸ ਪੇਸ਼ੀਆਂ ਨਾਲ ਬਣਿਆ ਅੰਗ ਹੈ ਜੋ ਸਰੀਰ ਦੇ ਵੱਖ ਵੱਖ ਅੰਗਾਂ ਵਿਚ ਖ਼ੂਨ ਦੀ ਪੰਪਿੰਗ ਕਰਦਾ ਹੈ। ਦਿਲ ਦੀਆਂ ਖ਼ੂਨ ਪ੍ਰਵਾਹਿਤ ਕਰਨ ਵਾਲੀਆਂ ਧਮਣੀਆਂ ਵਿਚ ਜਦੋਂ ਰੁਕਾਵਟ ਆਉਂਦੀ ਹੈ ਤਾਂ ਉਸ ਹਿੱਸੇ ਵਿਚ ਖ਼ੂਨ ਦਾ ਸੰਚਾਰ ਨਾ ਹੋਣ ਕਾਰਨ ਮਾਸਪੇਸ਼ੀਆਂ ਮਰਨ ਲੱਗਦੀਆਂ ਹਨ। ਜਿਸ ਕਾਰਨ ਦਿਲ ਦੀ ਕਿਰਿਆ ਵਿਧੀ ਪ੍ਰਭਾਵਿਤ ਹੁੰਦੀ ਹੈ, ਇਸਨੂੰ ਹੀ ਹਾਰਟ ਅਟੈਕ ਕਹਿੰਦੇ ਹਨ। ਅਜਿਹੇ ਬਹੁਤ ਸਾਰੇ ਖੁਰਾਕੀ ਪਦਾਰਥ ਹਨ, ਜਿਹਨਾਂ ਨੂੰ ਅਸੀਂ ਰੋਜ਼ਾਨਾ ਖਾਂਦੇ ਹਾਂ ਪਰ ਉਹ ਸਾਡੇ ਦਿਲ ਅਤੇ ਲੀਵਰ ਨੂੰ ਨੁਕਸਾਨ ਪਹੁੰਚਾਉਂਦੇ ਹਨ। ਆਓ ਤੁਹਾਨੂੰ ਦੱਸਦੇ ਹਾਂ ਰੋਜ਼ਾਨਾ ਦੀਆਂ ਕਿਹੜੀਟਾਂ ਚੀਜ਼ਾਂ ਦਿਲ ਨੂੰ ਨੁਕਸਾਨ ਕਰਦੀਆਂ ਹਨ।

**ਪਿਜਾ ਅਤੇ ਮਾਰਕੀਟ ਦੇ ਫ੍ਰਾਈਡ ਰਾਈਸ**

ਅੱਜਕਲ੍ਹ ਜ਼ਿਆਦਾਤਰ ਫਾਸਟ ਫੂਡ ਨੂੰ ਬਣਾਉਣ ਲਈ ਮੈਦਾ ਅਤੇ ਪਾਲਿਸ਼ਡ ਰਾਈਸ ਦਾ ਹੀ ਇਸਤੇਮਾਲ ਕੀਤਾ ਜਾਂਦਾ ਹੈ। ਪਿਜ਼ਾ, ਬ੍ਰੈਡ, ਰੁਮਾਲੀ ਰੋਟੀ, ਨੂਡਲਸ, ਕੇਕ ਆਦਿ ਫੂਡ ਮੈਦੇ ਨਾਲ ਬਣੇ ਹੁੰਦੇ ਹਨ, ਜਦਕਿ ਬਾਜ਼ਾਰ ਵਿਚ ਵਿਕਣ ਵਾਲਾ ਫ੍ਰਾਈਡ ਰਾਈਸ, ਬਿਰਿਆਨੀ ਅਤੇ ਮੰਚੂਰੀਅਨ ਆਦਿ ਵਿਚ ਚਾਵਲਾਂ ਨੂੰ ਜ਼ਿਆਦਾ ਖ਼ੂਬਸੂਰਤ ਬਣਾਉਣ ਦੇ ਲਈ ਅਤੇ ਉਹਨਾਂ ਨੂੰ ਅਲੱਗ-ਅਲੱਗ ਦਿਖਾਉਣ ਦੇ ਲਈ ਪਾਲਿਸ਼ ਚਾਵਲਾਂ ਦੀ ਵਰਤੋਂ ਕੀਤੀ ਜਾਂਦੀ ਹੈ। ਮੈਦਾ ਅਤੇ ਪਾਲਿਸ਼ ਰਾਈਸ ਦੋਵੇਂ ਨੂੰ ਹੀ ਰਿਫਾਇਨ ਕਰਦੇ ਵਕਤ ਇਸ ਵਿਚ ਮੌਜੂਦ ਵਿਟਾਮਿਨ ਬੀ1 ਯਾਨਿ ਥਿਆਮਿਨ ਨਿਕਲ ਜਾਂਦਾ ਹੈ। ਥਿਆਮਿਨ ਦੀ ਕਮੀ ਦੇ ਕਾਰਨ ਇਹਨਾਂ ਨੂੰ ਹਜ਼ਮ ਕਰਨ ਵਿਚ ਲੀਵਰ ਨੂੰ ਜ਼ਿਆਦਾ ਮਿਹਨਤ ਕਰਨੀ ਪੈਂਦੀ ਹੈ ਅਤੇ ਸਰੀਰ ਵਿਚ ਮੌਜੂਦ ਵਿਟਾਮਿਨ ਬੀ1 ਦੀ ਵਰਤੋਂ ਕਰਨੀ ਪੈਂਦੀ ਹੈ। ਇਸ ਕਰਕੇ ਇਹਨਾਂ ਨੂੰ ਜ਼ਿਆਦਾ ਖਾਣ ਨਾਲ ਦਿਲ ਦੀਆਂ ਬਿਮਾਰੀਆਂ ਦਾ ਖਤਰਾ ਵੱਧ ਜਾਂਦਾ ਹੈ।



**ਸੋਡਾ ਡ੍ਰਿੰਕਸ ਅਤੇ ਕੋਲਡ ਡ੍ਰਿੰਕਸ**

ਸੋਡਾ ਅਤੇ ਕੋਲਡ ਡ੍ਰਿੰਕਸ ਵੀ ਸਾਡੇ ਦਿਲ ਦੇ ਲਈ ਬਹੁਤ ਨੁਕਸਾਨਦੇਹ ਹਨ। ਇਹਨਾਂ ਦੋਵਾਂ ਨੂੰ ਪੀਣ ਨਾਲ ਬਲੱਡ ਵਿਚ ਸ਼ੂਗਰ ਦਾ ਪੱਧਰ ਬਹੁਤ ਜ਼ਿਆਦਾ ਵੱਧ ਜਾਂਦਾ ਹੈ। ਇਸ ਤੋਂ ਇਲਾਵਾ ਸੋਡਾ ਅਤੇ ਕੋਲਡ ਡ੍ਰਿੰਕਸ ਵਿਚ ਮੌਜੂਦ ਪਦਾਰਥਾਂ ਦੇ ਕਾਰਨ ਸਰੀਰ ਵਿਚ ਡਿਪ੍ਰੈਸ਼ਨ ਦੇ ਹਾਰਮੋਨਜ਼ ਐਕਟਿਵ ਹੋ ਜਾਂਦੇ ਹਨ, ਜਿਸ ਕਾਰਨ ਦਿਲ ਅਤੇ ਦਿਮਾਗ ਦੋਵੇਂ ਪ੍ਰਭਾਵਿਤ ਹੁੰਦੇ ਹਨ। ਇਸੇ ਕਾਰਨ ਕੋਲਡ ਡ੍ਰਿੰਕਸ ਪੀਣ ਨਾਲ ਵੀ ਦਿਲ ਦੀਆਂ ਬਿਮਾਰੀਆਂ ਦਾ ਖਤਰਾ ਬਹੁਤ ਵੱਧ ਜਾਂਦਾ ਹੈ।

**ਕੌਫੀ ਕ੍ਰੀਮ ਅਤੇ ਪੌਪ ਕਾਰਨ**

ਕੌਫੀ ਪੀਣ ਨਾਲ ਵੀ ਤੁਹਾਡਾ ਦਿਲ ਪ੍ਰਭਾਵਿਤ ਹੋ ਸਕਦਾ ਹੈ ਜੇਕਰ ਇਸ ਵਿਚ ਆਪਣੇ ਮਾਗ੍ਰਾਈਨ ਨਾਲ ਬਣੀ ਕੌਫੀ ਕ੍ਰੀਮ ਮਿਲਾਈ ਹੈ। ਦੋ-ਤਿੰਨ ਤੋਂ ਜ਼ਿਆਦਾ ਕੌਫੀ ਰੋਜ਼ਾਨਾ ਪੀਣਾ ਵੈਸੇ ਹੀ ਸਿਹਤ ਦੇ ਲਈ ਨੁਕਸਾਨਦੇਹ ਹੈ। ਇਹਨਾਂ ਕਾਫੀ ਕ੍ਰਮਸ ਵਿਚ ਟ੍ਰੈਂਨਸ ਫੈਟ ਹੁੰਦੀ ਹੈ। ਇਸੇ ਕ੍ਰੀਮ ਦਾ ਇਸਤੇਮਾਲ ਕਈ ਵਾਰ ਬਟਰ ਫਲੇਵਰ ਪੌਪਕਾਰਨ ਬਣਾਉਣ ਵਿਚ ਵੀ ਹੁੰਦਾ ਹੈ, ਇਸ ਕਰਕੇ ਇਹ ਵੀ ਤੁਹਾਡੀ ਸਿਹਤ ਦੇ ਲਈ ਨੁਕਸਾਨਦੇਹ ਹਨ।

**ਚਰਬੀ ਵਾਲਾ ਭੋਜਨ**

ਤੇਲ ਅਤੇ ਘਿਓ ਵਿਚ ਬਣਨ ਵਾਲੇ ਪਦਾਰਥਾਂ ਵਿਚ ਚਰਬੀ ਖ਼ੂਬ ਹੁੰਦੀ ਹੈ, ਇਸ ਕਰਕੇ ਜ਼ਿਆਦਾ ਤੇਲ-ਘਿਓ ਨਾਲ ਬਣੇ ਪਦਾਰਥਾਂ ਦਾ ਸੇਵਨ ਵੀ ਤੁਹਾਡੇ ਦਿਲ ਦੇ ਲਈ ਖਤਰਨਾਕ ਹੈ। ਅਸਲ ਵਿਚ ਪਕੌੜੇ, ਸਮੋਸੇ, ਪੂਰੀਆਂ, ਟਿੱਕੀਆਂ ਆਦਿ ਤੇਲ ਵਿਚ ਬਣਨ ਵਾਲੇ ਪਦਾਰਥਾਂ ਵਿਚ ਫੈਟ ਅਤੇ ਕੈਲਰੀਜ਼ ਦੀ ਮਾਤਰਾ ਜ਼ਿਆਦਾ ਹੁੰਦੀ ਹੈ। ਸਰੀਰ ਦੀ ਜ਼ਰੂਰਤ ਤੋਂ ਜ਼ਿਆਦਾ ਕੈਲਰੀਜ਼ ਸਰੀਰ ਵਿਚ ਫੈਟ ਦੇ ਰੂਪ ਵਿਚ ਇਕੱਠੀਆਂ ਹੁੰਦੀਆਂ ਰਹਿੰਦੀਆ ਹਨ। ਜਦੋਂ ਤੇਲ ਨੂੰ ਇਕ ਤਹਿ ਤਾਪਮਾਨ ਤੋਂ ਜ਼ਿਆਦਾ ਗਰਮ ਕਰਦੇ ਹਾਂ ਤਾਂ ਟ੍ਰਾਂਸ ਫੈਟ, ਫੈਟੀ ਐਸਿਡ ਵਿਚ ਬਦਲਣ ਲੱਗਦੇ ਹਨ।ਇਹ ਦਿਲ ਦੇ ਲਈ ਬਹੁਤ ਖਤਰਨਾਕ ਹੈ।

**ਨੌਨਵੈਜ ਦੀ ਜ਼ਿਆਦਾ ਵਰਤੋਂ**

ਨੌਨ ਵੈਜ ਯਾਨਿ ਮਾਸਾਹਾਰ ਦੇ ਬਹੁਤ ਸਾਰੇ ਫਾਇਦੇ ਹਨ। ਕਈ ਅਜਿਹੇ ਵਿਟਾਮਿਨ ਅਤੇ ਐਂਟੀਆਕ-ਸੀਡੈਂਟਸ ਹਨ ਜੋ ਮਾਸਾਹਾਰੀ ਭੋਜਨ ਵਿਚ ਹੀ ਪਾਏ ਜਾਂਦੇ ਹਨ। ਪਰ ਜ਼ੂਰਤ ਤੋਂ ਜ਼ਿਆਦਾ ਮਾਸਾਹਾਰੀ ਭੋਜਨ ਦਾ ਸੇਵਨ ਵੀ ਦਿਲ ਦੀਆ ਬਿਮਾਰੀਆਂ ਨੂੰ ਸੱਦਾ ਦਿੰਦਾ ਹੈ। ਮਾਸਾਹਾਰੀ ਭੋਜਨ ਵਿਚ ਸੈਂਚੂਰੇਟਿਡ ਫੈਡ ਅਤੇ ਕੋਲੈਸਟ੍ਰਾਲ ਬਹੁਤ ਜ਼ਿਆਦਾ ਹੁੰਦਾ ਹੈ। ਇਸ ਕਰਕੇ ਇਸਦੀ ਜ਼ਿਆਦਾ ਵਰਤੋਂ ਧਮਣੀਆਂ ਨੂੰ ਸੌੜੀਆਂ ਕਰਕੇ ਬਲਾਕ ਕਰਦੀ ਹੈ ਅਤੇ ਇਸ ਨਾਲ ਹਾਰਟ ਅਟੈਕ ਜਾਂ ਹਾਰਟ ਬਲਾਕ ਹੋ ਸਕਦਾ ਹੈ।

## ਕੀਮਤ ਨਹੀਂ ਸਿਹਤ ਦਾ ਰਿਸ਼ਤਾ ਹੈ ਫਲਾਂ ਤੇ ਲੱਗੇ ਸਟਿੱਕਰ ਦਾ

ਫਲਾਂ ਤੇ ਲੱਗੇ ਕਈ ਸਟੀਕਰਾਂ ਵਿਚ ਉਹਨਾਂ ਦੇ ਭਾਅ, ਐਕਸਪਾਇਰੀ ਡੇਟ ਦਰਜ ਹੁੰਦੀ ਹੈ। ਇਸ ਤੋਂ ਇਲਾਵਾ ਇਸ ਵਿਚ ਇਕ ਪੀ. ਐਲ. ਯੂ. ਯਾਨਿ ਪ੍ਰਾਈਸ ਲੁਕ ਅਪ ਕੋਡ ਹੁੰਦਾ ਹੈ। ਇਹ ਕੋਡ ਫਲਾਂ ਦੀ ਕੁਆਲਟੀ ਨੂੰ ਦਰਸ-ਾਉਂਦਾ ਹੈ। ਪੀ. ਐਲ. ਯੂ. ਕੋਡ ਦੀ ਸ਼ੁਰੂਆਤ ਕਿਸੇ ਵਿਸ਼ੇਸ਼ ਅੰਕ ਨਾਲ ਹੁੰਦੀ ਹੈ, ਜਿਸਦਾ ਰਿਸ਼ਤਾ ਫਲ ਦੀ ਕਿਸੇ ਵਿਸ਼ੇਸ਼ਤਾ ਨਾਲ ਹੁੰਦਾ ਹੈ।

**ਜੈਵਿਕ ਫਲ**

ਕੁਝ ਫਲਾਂ ਵਿਚ ਪੰਜ ਅੰਕਾਂ ਦੀ ਗਿਣਤੀ ਵਾਲੇ ਸਟੀਕਰ ਲੱਗੇ ਹੁੰਦੇ ਹਨ ਅਤੇ ਉਹਨਾਂ ਦਾ ਕੋਡ 9 ਅੰਕ ਤੋਂ ਆਰੰਭ ਹੁੰਦਾ ਹੈ। ਜਿਵੇਂ ਕਿਸੇ ਤੇ 93435 ਲਿਖਿਆ ਹੋਵੇ




ਤਾਂ ਇਸਦਾ ਮਤਲਬ ਹੈ ਕਿ ਇਹ ਫਲ ਜੈਵਿਕ ਤੌਰ ਤੇ ਉਗਾਏ ਗਏ ਹਨ। ਇਸ ਕਰਕੇ ਇਹ ਫਲ ਬੇਸ਼ੱਕ ਹੀ ਥੋੜ੍ਹੇ ਕੀਮਤੀ ਹੋਣ ਪਰ ਸਿਹਤ ਦੇ ਲਈ ਚੰਗੇ ਹੁੰਦੇ ਹਨ।

**ਗੈਰ-ਆਰਗੈਨਿਕ ਫਲ**

ਇਸੇ ਤਰ੍ਹਾਂ ਕੁਝ ਪਲਾਂ ਵਿਚ ਪੰਜ ਅੰਕਾਂ ਦੀ ਗਿਣਤੀ ਵਾਲੇ ਸਟੀਕਰ ਤੇ ਕੋਡ 8 ਦੇ ਅੰਕ ਨਾਲ ਆਰੰਭ ਹੁੰਦਾ ਹੈ। ਜਿਵੇਂ 94131 ਲਿਖਿਆ ਸਟੀਕਲ ਚਿਪਕਿਆ ਹੋਵੇ। ਇਸਦਾ ਮਤਲਬ ਹੈ ਕਿ ਇਹਨਾਂ ਫਲਾਂ ਨੂੰ ਅਨੁਵੰਸ਼ਕੀ ਸੋਧ ਕੀਤਾ ਗਿਆ ਹੈ। ਇਸ ਕਿਸਮ ਦੇ ਫਲ ਗੈਰ-ਆਰਗੈਟਿਕ ਫਲ ਦੀ ਸ਼੍ਰੇਣੀ ਵਿਚ ਸ਼ਾਮਲ ਹੁੰਦੇ ਹਨ।

**ਕੀਟਨਾਸ਼ਕਾਂ ਅਤੇ ਰਸਾਇਣਾਂ ਨਾਲ ਤਿਆਰ ਫਲ**

ਕੁਝ ਫਲਾਂ ਵਿਚ ਚਾਰ ਅੰਕਾਂ ਦੀ ਗਿਣਤੀ ਵਾਲੇ ਸਟੀਕਲ ਲੱਗੇ ਹੁੰਦੇ ਹਨ। ਜਿਹਨਾਂ ਤੇ 4026 ਕਿਸਮ ਦੇ ਸਟੀਕਲ ਹੁੰਦੇ ਹਨ। ਇਸਦਾ ਮਤਲਬ ਸਾਫ ਹੈ ਕਿ ਇਸ ਕਿਸਮ ਦੇ ਫਲ ਕੀਟਨਾਸ਼ਕ ਅਤੇ ਰਸਾਇਣਾਂ ਦੁਆਰਾ ਉਗਾਏ ਜਾਂਦੇ ਹਨ।ਇਸ ਸਟੀਕਰ ਵਾਲੇ ਫਲ ਆਰਗੈਨਿਕ ਫਲਾਂ ਦੀ ਤੁਲਨਾ ਵਿਚ ਕਾਫੀ ਸਸਤੇ ਹੁੰਦੇ ਹਨ।

# ਦਿੱਸਣ ਲੱਗਣ ਇਹ ਸੰਕੇਤ ਤਾਂ ਖਤਰੇ ਵਿਚ ਹੈ ਲੀਵਰ


ਲੀਵਰ ਸਿਰਫ ਖ਼ੂਨ ਨੂੰ ਹੀ ਫਿਲਟਰ ਨਹੀਂ ਕਰਦਾ ਇਹ ਹਾਰਮੋਨ ਨੂੰ ਪ੍ਰੋਡਿਊਸ ਕਰਨ ਦੇ ਨਾਲ ਹੀ ਐਨਰਜੀ ਨੂੰ ਸਟੋਰ ਕਰਨ, ਫੂਡ ਨੂੰ ਡਾਈਜੈਸਟ ਕਰਨ ਦਾ ਵੀ ਕੰਮ ਕਰਦਾ ਹੈ। ਲੀਵਰ ਦੀ ਸਿਹਤ ’ਤੇ ਹੀ ਪੂਰੇ ਸਰੀਰ ਦੀ ਸਿਹਤ ਨਿਰਭਰ ਕਰਦੀ ਹੈ। ਜੇਕਰ ਲੀਵਰ ਹੈਲਦੀ ਨਹੀਂ ਹੈ ਤਾਂ ਤੁਸੀਂ ਹੈਲਦੀ ਨਹੀਂ ਰਹਿ ਸਕਦੇ। ਇੱਥੇ ਅਸੀਂ ਤੁਹਾਨੂੰ ਕੁਝ ਅਜਿਹੇ ਆਮ ਲੱਛਣ ਦੱਸ ਰਹੇ ਹਾਂ ਜੋ ਲੀਵਰ ਦੇ ਖਤਰੇ ਵਿਚ ਹੋਣ ਦਾ ਸੰਕੇਤ ਹੁੰਦੇ ਹਨ। ਜੇਕਰ ਤੁਹਾਨੂੰ ਇਹ ਸੰਕੇਤ ਸਰੀਰ ਵਿਚ ਦਿਖਾਈ ਦੇ ਰਹੇ ਹਨ ਤਾਂ ਤੁਹਾਨੂੰ ਡਾਕਟਰ ਦੇ ਕੋਲ ਜਾਣਾ ਚਾਹੀਦਾ ਹੈ।

**ਕਨਫਿਊਜ਼ ਰਹਿਣਾ**

ਇਕ ਬਿਮਾਰ ਲੀਵਰ ਤੁਹਾਡੇ ਦਿਮਾਗਅਤੇ ਬਲੱਡ ਵਿਚ ਬਹੁਤ ਸਾਰਾ ਕਾਪਰ ਬਣਨ ਦਿੰਦਾ ਹੈ। ਇਸ ਕਾਰਨ ਅਲਜਾਈਮਰ ਵਾਂਗ ਕਨਫਿਊਜ਼ਨ ਰਹਿ-ੰਦੀ ਹੈ। ਜੇਕਰ ਤੁਹਾਨੂੰ ਅਜਿਹਾ ਲੱਗ ਰਿਹਾ ਹੈ ਕਿ ਤੁਹਾਨੂੰ ਫੈਸਲਾ ਲੈਣ ਵਿਚ ਕਨਫਿਊਜ਼ਨ ਹੋ ਰਹੀ ਹੈ ਤਾਂ ਇਕ ਵਾਰ ਡਾਕਟਰ ਨੂੰ ਜ਼ਰੂਰ ਮਿਲੋ।

**ਬਲੱਡ ਕਲਾਟਿੰਗ**

ਜੇਕਰ ਤੁਹਾਡਾ ਲੀਵਰ ਬਲੱਡ ਨੂੰ ਸਹੀ ਤਰੀਕੇ ਨਾਲ ਸਾਫ ਨਹੀਂ ਕਰ ਰਿਹਾ ਹੈ ਤਾਂ ਚਮੜੀ ਤੇ ਬਲੱਡ ਕਲ-ਾਟਿੰਗ ਦੇ ਮਾਰਗ ਦਿਖਾਈ ਦੇਣ ਲੱਗਦੇ ਹਨ। ਇਸਨੂੰ ਪਛਾਣ ਕੇ ਵੀ ਤੁਸੀਂ ਡਾਕਟਰ ਦੇ ਕੋਲ ਜਾ ਸਕਦੇ ਹੋ।



**ਐਬਡੋਮੀਨਲ ਪੇਨ**

ਜੇਕਰ ਤੁਹਾਨੂੰ ਪੇਟ ਵਿਚ ਸੋਜਿਸ਼, ਦਰਦ ਵਰਗਾ ਮਹਿਸੂਸ ਹੋ ਰਿਹਾ ਹੈ ਤਾਂ ਇਸ ਗੱਲ ਦਾ ਸੰਕੇਤ ਹੈ ਕਿ ਤੁਹਾਡਾ ਲੀਵਰ ਖਤਰੇ ਵਿਚ ਹੈ। ਜੇਕਰ ਤੁਹਾਨੂੰ ਲਗਾਤਾਰ ਅਜਿਹਾ ਦਰਦ ਹੋ ਰਿਹਾ ਹੈ ਤਾਂ ਡਾਕਟਰ ਨਾਲ ਸਲਾਹ ਕਰੋ।

**ਜੁਆਇੰਟ ਪੇਨ**

ਜੁਆਇਨ ਪੇਨ, ਸਰਦੀ-ਖੰਘ, ਵੋਮੀਟਿੰਗ ਅਤੇ ਭੁੱਖ ਦੀ ਕਮੀ ਇਹ ਲੀਵਰ ਦੇ ਖਤਰੇ ਵਿਚ ਹੋਣ ਦੇ ਸੰਕੇਤ ਹਨ। ਨੈਸ਼ਨਲ ਇੰਸਟੀਚਿਊਟ ਆਫ ਹੈਲਥ ਮੁਤਾਬਕ ਅਜਿਹੇ ਸੰਕੇਤ ਮਿਲੇ ਤਾਂ ਡਾਕਟਰ ਨਾਲ ਜ਼ਰੂਰ ਸਲਾਹ ਕਰੋ।

**ਅੱਖਾਂ ਅਤੇ ਚਮੜੀ ਦਾ ਪੀਲਾ ਹੋਣਾ**

ਜਦੋਂ ਸਰੀਰ ਵਿਚ ਬਲੱਡ ਸੈਲ ਟੁੱਟਦੇ ਹਨ ਤਾਂ ਇਕ ਬਾਇਓਪ੍ਰਾਡਕਟ ਕ੍ਰੀਏਟ ਹੁੰਦਾ ਹੈ, ਉਸਨੂੰ ਬਿਲਰੂਬਿਨ ਕਹਿੰਦੇ ਹਨ। ਸਿਹਤਮੰਦ ਲੀਵਰ ਇਸ ਬਿਲਰੂਬਿਨ ਨੂੰ ਆਸਾਨੀ ਨਾਲ ਡਿਸਪੋਜ਼ ਕਰ ਲੈਂਦਾ ਹੈ ਪਰ ਬਿਮਾਰ ਲੀਵਰ ਨਹੀਂ ਕਰ ਪਾਉਂਦਾ, ਜਿਸ ਕਾਰਨ ਚਮੜੀ ਅਤੇ ਅੱਖਾਂ ਪੀਲੀਆਂ ਏਣ ਲੱਗਦੀਆਂ ਹਨ। ਇਹੀ ਬਾਅਦ ਵਿਚ ਪੀਲ-ੀਆ ਵਿਚ ਬਦਲ ਜਾਂਦਾ ਹੈ।

## ਫ੍ਰੈਂਚਫ੍ਰਾਈਜ਼ ਖਾਓ ਵਾਲ ਝੜਨੇ ਹਟ ਜਾਣਗੇ

ਨੌਜਵਾਨਾਂ ਵਿਚ ਵਾਲ ਝੜਨ ਵਰਗੀ ਪਰੇਸ਼ਾਨੀ ਵਧਦੀ ਜਾ ਰਹੀ ਹੈ। ਲੋਕ ਵਾਲ ਝੜਨ ਤੋਂ ਰੋਕਣ ਲਈ ਕੀ-ਕੀ ਨਹੀਂ ਕਰਦੇ। ਹੇਅਰ ਪੈਕ ਤੋਂ ਲੈ ਕੇ ਪਿਆਜ਼ ਦਾ ਰਸ ਲਾਉਂਦੇ ਹਨ ਪਰ ਕੀ ਤੁਹਾਨੂੰ ਪਤਾ ਹੈ ਕਿ ਫ੍ਰੈਂਚਫ੍ਰਾਈਜ਼ ਖਾਣ ਨਾਲ ਵਾਲਾਂ ਨੂੰ ਝੜਨ ਤੋਂ ਬਚਾਇਆ ਜਾ ਸਕਦਾ ਹੈ। ਹਾਲ ਹੀ ਵਿਚ ਵਿਗਿਆਨੀਆਂ ਨੇ ਅਜਿਹੀ ਖੋਜ ਕੀਤੀ ਹੈ ਜੋ ਕਾਫੀ ਹੈਰਾਨ ਕਰਨ ਵਾਲੀ ਹੈ ਅਤੇ ਵਾਲ ਝੜਨ ਵਾਲਿਆਂ ਲਈ ਖੁਸ਼ਖਬਰੀ ਹੋ ਸਕਦੀ ਹੈ। ਜਾਪਾਨ ਦੀ ਯੋਕੋਹਾਮਾ ਨੈਸ਼ਨਲ ਯੂਨੀਵਰਸਿਟੀ ਦੇ ਖੋ-ਜਕਾਰਾਂ ਨੇ ਇਹ ਖੋਜ ਕੀਤੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਫ੍ਰੈਂਚਫ੍ਰਾਈਜ਼ ਰੀ-ਗ੍ਰੋਥ ਹੋਣ ’ਚ ਲਾਹੇਵੰਦ ਸਾਬਤ ਹੋ ਸਕਦੇ ਹਨ। ਡਿਮੇਥਾਈਲਪਾਲੀਸਿਲੋਕਸੇਨ ਨਾਂ ਦਾ ਇਕ ਕੈਮੀਕਲ ਹੁੰਦਾ ਹੈ ਜੋ ਮੈਕਡਾਨਲਡ ਦੇ ਫ੍ਰੈਂਚਫ੍ਰਾਈਜ਼ ਵਿਚ ਭਾਰੀ ਮਾਤਰਾ ਵਿਚ ਵਰਤੋਂ ਕੀਤਾ ਜਾਂਦਾ ਹੈ। ਇਹ ਕੈਮੀਕਲ ਵਾਲਾਂ ਨੂੰ ਉਗਾਉਣ ਵਿਚ ਵੀ ਲਾਹੇਵੰਦ ਹੁੰਦਾ ਹੈ। ਇਸਦੀ ਵਰਤੋਂ ਫ੍ਰਾਈਜ਼ ਨੂੰ ਕੁਰਕੁਰਾ ਕਰਨ ਲਈ ਕੀਤੀ ਜਾਂਦੀ ਹੈ। ਵਿਗਿਆਨੀਆਂ ਨੇ ਚੂਹਿਆਂ ’ਤੇ ਟੈਸਟ ਕੀਤਾ ਤਾਂ ਪਤਾ ਲੱਗਾ ਕਿ ਇਹ ਹੇਅਰ ਫਾਸਿਲ ਜਰਮਸ ਪੈਦਾ ਕਰਦਾ ਹੈ। ਖੋਜਕਾਰਾਂ ਨੇ ਮੰਨਿਆ ਕਿ ਇਹ ਤਕਨੀਕ ਵਾਲਾਂ ਦੀ ਸਮੱਸਿਆ ਨੂੰ ਵੀ ਠੀਕ ਕਰ ਸਕਦੀ ਹੈ। ਟਵਿਟਰ ’ਤੇ ਯੂਜ਼ਰਸ ਨੇ ਇਸ ਖੋਜ ’ਤੇ ਖੁਸ਼ੀ ਪ੍ਰਗਟਾਈ ਹੈ।



## ਅੱਖਾਂ ਤੇ ਲੱਗਿਆ ਚਸ਼ਮਾ ਉਤਾਰ ਸਕਦੀ ਹੈ ਇਲਾਇਚੀ

ਵੈਸੇ ਉਮਰ ਦੇ ਨਾਲ ਅੱਖਾਂ ’ਤੇ ਚਸ਼ਮਾ ਲੱਗਣ ਲੱਗਦਾ ਹੈ ਪਰ ਅੱਜਕਲ੍ਹ ਹਰ ਕਿਸੇ ਉਮਰ ਵਿਚ ਲੋਕਾਂ ਨੂੰ ਚਸ਼ਮਾ ਲੱਗਿਆ ਹੋਇਆ ਨਜ਼ਰ ਆਉਂਦਾ ਹੈ। ਕਦੀ-ਕਦੀ ਤਾਂ ਪੈਦਾ ਹੋਏ ਬੱਚੇ ਨੂੰ ਵੀ ਡਾਕਟ+ ਚਸ਼ਮਾ ਲਗਾਉਣ ਦੀ ਸਲਾਹ ਦੇ ਦਿੰਦੇ ਹਨ। ਕਾਰਨ ਬਹੁਤ ਕੁਝ ਹੋ ਸਕਦੇ ਹਨ ਇਸ ਦੇ ਕਈ ਕਾਰਨਾਂ ਵਿਚੋਂ ਇਕ ਹੈ ਖਾਣੇ ਵਿਚ ਕੁਝ ਕਮੀ ਹੋਣਾ, ਖਾਣੇ ਵਿਚ ਕੁਝ ਅਜਿਹੀਆਂ ਚੀਜ਼ਾਂਲੈਣਾ ਜਿਸ ਨਾਲ ਅੱਖਾਂ ਤੇਜ਼ ਹੋ ਸਕਦੀਆਂ ਹਨ। ਇੱਥੇ ਦੱਸ ਰਹੇ ਹਾਂ ਇਲਾਇਚੀ ਦੇ ਨਾਲ ਕੁਝ ਅਜਹੀਆਂ ਰੋਜ਼ ਦੀਆਂ ਚੀਜ਼ਾਂ ਜੋ ਜੇਕਰ ਤੁਸੀਂ ਆਪਣੀ ਡਾਈਟ ਵਿਚ ਸ਼ਾਮਲ ਕਰ ਲਓ ਤਾਂ ਜਲਦੀ ਹੀ ਤੁਹਾਡਾ ਚਸ਼ਮਾ ਦੂਰ ਹੋ ਜਾਵੇਗਾ। ਇਹਨਾਂ ਵਿਚੋਂ ਇਕ ਵੀ ਰੋਜ਼ ਲਓ ਤਾਂ ਫਾਇਦਾ ਦਿੱਸਣ ਲੱਗੇਗਾ, ਬੱਸ ਤੁਹਾਨੂੰ ਇਹ ਚੀਜ਼ਾਂ ਰੈਗੂਲਰ ਤਰੀਕੇ ਨਾਲ ਆਪਣੀ ਡਾਈਟ ਵਿਚ ਸ਼ਾਮਲ ਕਰਨ ਦੀ ਲੋੜ ਹੋਵੇਗੀ। ਇਹ ਰੋਜ਼ ਦੀ ਵਰਤੋਂ ਦੀਆਂ ਹੀ ਚੀਜ਼ਾਂ ਹਨ। ਤੁਹਾਨੂੰ ਕੁਝ ਖਾਸ ਨਹੀਂ ਕਰਨਾ ਹੈ, ਇਸਦੇ ਲਈ ਅਤੇ ਨਾ ਹੀ ਇਹ ਚੀਜ਼ਾਂ ਮਹਿੰਗੀਆਂ ਹਨ। ਅੱਖਾਂ ਨੂੰ ਠੀਕ ਕਰਨ ਦੇ ਲਈ ਲੋਕ ਸਰਜਰੀ ਕਰਾਉਂਦੇ ਹਨ, ਮਹਿੰਗੀਆਂ ਦਵਾਈਆਂ ਆਉਂਦੀਆਂ ਹਨ ਅਤੇ ਪ੍ਰੇਸ਼ਾਨੀ ਵੀ ਹੁੰਦੀ ਹੈ।



# ਅਤਿਵਾਦ ਦੇ ਮੁੱਦੇ 'ਤੇ ਪਾਕਿਸਤਾਨ ਖ਼ਿਲਾਫ਼ ਸ਼ਿਕੰਜਾ



ਜੀ ਪਾਰਥਾਸਾਰਥੀ

ਫ਼ਾਈਨੈਂਸ਼ੀਅਲ ਐਕਸ਼ਨ ਟਾਸਕ ਫ਼ੋਰਸ (ਐੱਫ਼ਏਟੀਐੱਫ਼) ਦੀ ਸਥਾਪਨਾ ਪੱਛਮੀ ਜੀ-7 ਮੁਲਕਾਂ ਨੇ 1989 'ਚ ਕੀਤੀ ਸੀ, ਇਸ ਦਾ ਮੁੱਖ ਦਫ਼ਤਰ ਪੈਰਿਸ ਵਿੱਚ ਹੈ। ਇਸ ਦਾ ਕੰਮ ਕੌਮਾਂਤਰੀ ਪੱਧਰ 'ਤੇ ਧਨ ਦੇ ਗ਼ੈਰਕਾਨੂੰਨੀ ਲੈਣ-ਦੇਣ ਅਤੇ ਦਹਿਸ਼ਤਗਰਦਾਂ ਨੂੰ ਮਿਲਣ ਵਾਲੀ ਮਾਲੀ ਇਮਦਾਦ 'ਤੇ ਚੌਕਸ ਨਜ਼ਰ ਰੱਖਣਾ ਸੀ। ਇਸ ਦੇ 37 ਮੈਂਬਰ ਮੁਲਕ ਹਨ, ਜਿਨ੍ਹਾਂ ਵਿਚ ਸਲਾਮਤੀ ਕੌਂਸਲ ਦੇ ਪੰਜ ਸਥਾਈ ਮੈਂਬਰ ਤੇ ਸੰਸਾਰ ਦੇ ਚੰਗੇ ਆਰਥਿਕ ਪ੍ਰਭਾਵ ਵਾਲੇ ਮੁਲਕ ਸ਼ਾਮਲ ਹਨ। ਦੋ ਖੇਤਰੀ ਜਥੇਬੰਦੀਆਂ 'ਗਲਫ਼ ਕੋਆਪ੍ਰੇਸ਼ਨ' ਅਤੇ 'ਯੂਰੋਪੀਅਨ ਕਮਿਸ਼ਨ' ਵੀ ਇਸ ਦੀਆਂ ਮੈਂਬਰ ਹਨ। ਸਾਊਦੀ ਅਰਬ ਤੇ ਇਜ਼ਰਾਈਲ ਦਰਸ਼ਕ ਹਨ। ਭਾਰਤ ਜੂਨ 2010 ਵਿੱਚ ਇਸ ਦਾ ਮੁਕੰਮਲ ਮੈਂਬਰ ਬਣਿਆ। ਐੱਫ਼ ਏਟੀ ਐੱਫ਼ ਨੂੰ ਅਜਿਹੀਆਂ ਜਥੇਬੰਦੀਆਂ ਨੂੰ ਮਿਲਣ ਵਾਲੀ ਮਾਲੀ ਇਮਦਾਦ ਰੋਕਣ ਦਾ ਅਧਿਕਾਰ ਹੈ, ਜਿਨ੍ਹਾਂ ਨੂੰ ਸੰਯੁਕਤ ਰਾਸ਼ਟਰ ਨੇ ਦਹਿਸ਼ਤਗਰਦ ਐਲਾਨਿਆ ਹੈ। ਇਸ ਨੂੰ ਉਨ੍ਹਾਂ ਮੁਲਕਾਂ ਦੇ ਨਾਂ ਜੱਗ ਜ਼ਾਹਿਰ ਕਰਨ ਦਾ ਅਧਿਕਾਰ ਵੀ ਹੈ, ਜਿਹੜੇ ਉਸ ਦੇ ਨਿਯਮਾਂ ਦੀ ਪਾਲਣਾ ਨਹੀਂ ਕਰਦੇ। ਇੰਜ ਅਜਿਹੇ ਮੁਲਕਾਂ ਨੂੰ ਕੌਮਾਂਤਰੀ ਪੱਧਰ 'ਤੇ ਧਨ ਭੇਜਣਾ ਔਖਾ ਹੋ ਜਾਂਦਾ ਹੈ।

ਇਸ ਟਾਸਕ ਫ਼ੋਰਸ ਦਾ ਪਾਕਿਸਤਾਨ 'ਤੇ ਖ਼ਾਸ ਦਬਾਅ ਹੈ ਕਿਉਂਕਿ ਅਫ਼ਗ਼ਾਨ ਤਾਲਿਬਾਨ, ਹੱਕਾਨੀ ਨੈੱਟਵਰਕ, ਲਸ਼ਕਰ-ਏ-ਤੋਇਬਾ ਤੇ ਜੈਸ਼-ਏ-ਮੁਹੰਮਦ ਜਿਹੀਆਂ ਕੌਮਾਂਤਰੀ ਪੱਧਰ 'ਤੇ ਦਹਿਸ਼ਤਗਰਦ ਐਲਾਨੀਆਂ ਜਥੇਬੰਦੀਆਂ ਉਸੇ ਦੀ ਧਰਤੀ 'ਤੇ ਸਰਗਰਮ ਹਨ। ਪਾਕਿਸਤਾਨ ਦਾ ਦਾਅਵਾ ਹੈ ਕਿ ਉਹ ਆਪਣੀ ਧਰਤੀ 'ਤੇ ਦਹਿਸ਼ਤਗਰਦ ਸਰਗਰਮੀਆਂ ਰੋਕਣ ਲਈ ਟਿੱਲ ਲਾ ਰਿਹਾ ਹੈ। ਉਹ ਇਹ ਵੀ ਆਖ ਚੁੱਕਾ ਹੈ ਕਿ ਲਸ਼ਕਰ ਅਤੇ ਜੈਸ਼ ਖ਼ਿਲਾਫ਼ ਠੋਸ ਸਬੂਤ ਨਹੀਂ; ਹਾਲਾਂਕਿ ਇਨ੍ਹਾਂ ਜਥੇਬੰਦੀਆਂ ਦਾ ਖੁੱਲ੍ਹੇਆਮ ਐਲਾਨ ਹੈ ਕਿ ਭਾਰਤ ਇਨ੍ਹਾਂ ਦੇ ਨਿਸ਼ਾਨੇ ਉੱਤੇ ਹੈ। ਪਠਾਨਕੋਟ ਹਵਾਈ ਅੱਡੇ 'ਤੇ ਹਮਲੇ ਵਿੱਚ ਸ਼ਾਮਲ ਜੈਸ਼ ਦਹਿਸ਼ਤਗਰਦਾਂ ਦੀ ਗੱਲਬਾਤ ਦੀ ਵਾਇਰਲੈੱਸ ਰਿਕਾਰਡਿੰਗ ਜਿਹੇ ਸਬੂਤ ਵੀ ਪਾਕਿਸਤਾਨ ਵੱਲੋਂ ਰੱਦ ਕੀਤੇ ਜਾ ਚੁੱਕੇ ਹਨ। ਇਹ ਮੁੰਬਈ ਦੇ 26ķ11 ਹਮਲੇ ਵਿੱਚ ਲਸ਼ਕਰ ਦੀ ਭੂਮਿਕਾ ਬਾਰੇ ਕੌਮਾਂਤਰੀ ਪੱਧਰ 'ਤੇ ਉਪਲਬਧ ਸਬੂਤ ਮੰਨਣ ਤੋਂ ਵੀ ਇਨਕਾਰੀ ਹੈ। ਅਮਰੀਕਾ ਤੇ ਉਸ ਦੇ ਭਾਈਵਾਲ ਮੁਲਕਾਂ ਨੇ ਮੁੱਖ ਤੌਰ 'ਤੇ ਅਫ਼ਗ਼ਾਨਿਸਤਾਨ 'ਚ ਹੱਕਾਨੀ ਨੈੱਟਵਰਕ ਨੂੰ ਮਿਲਣ ਵਾਲੀ ਪਾਕਿਸਤਾਨੀ ਹਮਾਇਤ 'ਤੇ ਆਪਣਾ ਧਿਆਨ ਲਾਇਆ ਹੋਇਆ ਹੈ।

ਪਾਕਿਸਤਾਨ ਦਾ ਮੰਨਣਾ ਹੈ ਕਿ ਅਮਰੀਕਾ ਛੇਤੀ ਹੀ ਅਫ਼ਗ਼ਾਨਿਸਤਾਨ 'ਚੋਂ ਆਪਣੀਆਂ ਫ਼ੌਜਾਂ ਵਾਪਸ ਸੱਦ ਲਵੇਗਾ ਕਿਉਂਕਿ ਉਸ ਨੂੰ ਇਸ ਤੋਂ ਮਾਲੀ ਨੁਕਸਾਨ ਹੋ ਰਿਹਾ ਹੈ, ਫਿਰ ਉਸ ਮੁਲਕ 'ਤੇ ਪਾਕਿਸਤਾਨੀ ਹਮਾਇਤ ਪ੍ਰਾਪਤ ਤਾਲਿਬਾਨ ਦਾ ਕਬਜ਼ਾ ਹੋ ਜਾਵੇਗਾ। ਉਂਜ, ਰਾਸ਼ਟਰਪਤੀ ਡੋਨਲਡ ਟਰੰਪ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਉਨ੍ਹਾਂ ਦਾ ਦ੍ਰਿੜ੍ਹ ਵਿਸ਼ਵਾਸ ਹੈ ਕਿ ਅਫ਼ਗ਼ਾਨਿਸਤਾਨ 'ਚ ਅਮਰੀਕਾ ਨੂੰ ਕੋਈ ਨੁਕਸਾਨ ਨਹੀਂ ਹੋਵੇਗਾ; ਉਹ ਸਗੋਂ ਅਫ਼ਗ਼ਾਨ ਬਲਾਂ ਅਤੇ ਹਵਾਈ ਫ਼ੌਜ ਨੂੰ ਮਜ਼ਬੂਤ ਕਰਨ ਲਈ ਅਮਰੀਕੀ ਨਫ਼ਰੀ ਵਿੱਚ ਵਾਧਾ ਕਰਦਿਆਂ ਤੇਜ਼ੀ ਨਾਲ ਅੱਗੇ ਵਧ ਰਹੇ ਹਨ। ਪਾਕਿਸਤਾਨ ਨੂੰ ਦਿੱਤੀ ਜਾਣ ਵਾਲੀ ਮਾਲੀ ਇਮਦਾਦ ਅਮਰੀਕਾ ਨੇ ਅਜੇ ਰੋਕੀ ਹੋਈ ਹੈ। ਇਸ ਤੋਂ ਇਲਾਵਾ, ਅਮਰੀਕਾ ਨੇ ਆਪਣੇ ਨਾਟੋ ਭਾਈਵਾਲ ਮੁਲਕਾਂ ਨੂੰ ਪਾਕਿਸਤਾਨ ਖ਼ਿਲਾਫ਼ ਸਖ਼ਤ ਸਟੈਂਡ ਲੈਣ ਲਈ ਪ੍ਰੇਰਿਆ ਹੈ। ਹੁਣ ਇਨ੍ਹਾਂ ਮੁਲਕਾਂ ਨੇ ਵੀ ਅਫ਼ਗ਼ਾਨਿਸਤਾਨ 'ਚ ਆਪਣੀਆਂ ਫ਼ੌਜਾਂ ਦੀ ਨਫ਼ਰੀ ਵਧਾਉਣੀ ਸ਼ੁਰੂ ਕਰ ਦਿੱਤੀ ਹੈ। ਪਿੱਛੇ ਜਿਹੇ ਅਮਰੀਕਾ ਨੇ ਐੱਫ਼ਏਟੀਐੱਫ਼ ਨੂੰ ਆਖ ਦਿੱਤਾ ਹੈ ਕਿ ਉਹ ਆਉਂਦੀ ਜੂਨ ਮੀਟਿੰਗ ਦੌਰਾਨ ਪਾਕਿਸਤਾਨ ਨੂੰ ਆਪਣੀ 'ਗ੍ਰੇਅ ਲਿਸਟ' ਵਿੱਚ ਰੱਖਣ ਦੀ ਕਾਰਵਾਈ ਆਰੰਭੇ।

ਦਹਿਸ਼ਤਗਰਦ ਸਮੂਹਾਂ ਨੂੰ ਪਾਕਿਸਤਾਨ ਵੱਲੋਂ ਦਿੱਤੀ ਜਾਣ ਵਾਲੀ ਮਾਲੀ ਇਮਦਾਦ ਵਿਰੁੱਧ ਅਮਰੀਕਾ ਨੇ ਪਹਿਲਾਂ ਵੀ ਐੱਫ਼ਏਟੀਐੱਫ਼ ਨੂੰ ਕਾਰਵਾਈ ਲਈ ਆਖਿਆ ਸੀ ਪਰ ਉਦੋਂ ਕੁਝ ਸਮੱਸਿਆਵਾਂ ਪੈਦਾ ਹੋ ਗਈਆਂ ਸਨ। ਪਾਕਿਸਤਾਨ ਨੂੰ ਉਦੋਂ ਅਮਰੀਕਾ ਦੇ ਇਸ ਕਦਮ ਵਿਰੁੱਧ ਚੀਨ ਤੇ ਸਾਊਦੀ ਅਰਬ, ਤੁਰਕੀ ਤੇ ਰੂਸ ਦੀ ਅਗਵਾਈ ਹੇਠਲੀ 'ਗਲਫ਼ ਕੋਆਪ੍ਰੇਸ਼ਨ ਕੌਂਸਲ' (ਜੀਆਈਸੀ) ਦੀ ਹਮਾਇਤ ਮਿਲ ਗਈ ਸੀ। ਇਸਲਾਮਾਬਾਦ ਨੇ ਰੂਸੀ ਸਮਰਥਨ 'ਤੇ ਆਪਣੀ ਟੇਕ ਰੱਖ ਲਈ ਸੀ ਕਿਉਂਕਿ ਐੱਫ਼ਏਟੀਐੱਫ਼ ਦੀ ਮੀਟਿੰਗ ਤੋਂ ਐਨ ਪਹਿਲਾਂ ਰੂਸੀ ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਨੇ ਪਾਕਿ ਵਿਦੇਸ਼ ਮੰਤਰੀ ਖ਼ਵਾਜਾ ਆਸਿਫ਼ ਨੂੰ ਮਾਸਕੋ ਸੱਦ ਲਿਆ ਸੀ। ਸੰਸਦੀ ਵਿਰੋਧ ਦੇ ਬਾਵਜੂਦ ਪਾਕਿਸਤਾਨ ਨੇ ਐੱਫ਼ਏਟੀਐੱਫ਼ ਦੀ ਮੀਟਿੰਗ ਤੋਂ ਕੇਵਲ ਹਫ਼ਤਾ ਪਹਿਲਾਂ ਸਾਊਦੀ ਅਰਬ 'ਚ ਵਾਧੂ ਫ਼ੌਜੀ ਬਲ ਭੇਜਣ ਦਾ ਐਲਾਨ ਕਰ ਦਿੱਤਾ ਸੀ। ਉਸ ਨੂੰ ਆਸ ਸੀ ਕਿ ਐੱਫ਼ਏਟੀਐੱਫ਼ ਦਾ ਫ਼ੈਸਲਾ ਐਲਾਨਣ ਤੋਂ ਬਾਅਦ ਸਾਊਦੀ ਅਰਬ ਉਸ ਦੀ ਹਮਾਇਤ ਕਰੇਗਾ। ਲਾਵਰੋਵ ਦੇ ਮਿਲਣਸਾਰ ਸੁਭਾਅ ਕਾਰਨ ਨਾਤਜਰਬੇਕਾਰ ਖ਼ਵਾਜਾ ਆਸਿਫ਼ ਨੇ ਸਮੇਂ ਤੋਂ ਪਹਿਲਾਂ ਹੀ ਕਾਹ.ਲੀ ਵਿਚ ਐਲਾਨ ਕਰ ਦਿੱਤਾ ਕਿ ਐੱਫ਼ ਏਟੀ ਐੱਫ਼ ਦੀ 'ਗ੍ਰੇਅ ਲਿਸਟ' ਵਿੱਚ ਪਾਕਿਸਤਾਨ ਨੂੰ ਸ਼ਾਮਲ ਕਰਵਾਉਣ ਦੀਆਂ ਅਮਰੀਕੀ ਕੋਸ਼ਿਸ਼ਾਂ ਰੋਕਣ ਵਿੱਚ ਉਸ ਨੂੰ ਸਫ਼ਲਤਾ ਮਿਲ ਗਈ ਹੈ।

ਅਮਰੀਕਨਾਂ ਨੇ ਇਨ੍ਹਾਂ ਘਟਨਾਕ੍ਰਮਾਂ ਦਾ ਤੁਰੰਤ ਨੋਟਿਸ ਲਿਆ। ਸਾਊਦੀ ਅਰਬ ਅਤੇ 'ਗਲਫ਼ ਕੋਆਪ੍ਰੇਸ਼ਨ ਕੌਂਸਲ' ਨੇ ਤੁਰੰਤ ਅਮਰੀਕਾ ਦੀਆਂ ਮੰਗਾਂ ਮੰਨ ਲਈਆਂ ਤੇ ਪਾਕਿਸਤਾਨ ਖ਼ਿਲਾਫ਼ ਐੱਫ਼ਏਟੀਐੱਫ਼ ਕਾਰਵਾਈ ਲਈ ਰਾਹ ਪੱਧਰਾ ਹੋ ਗਿਆ। ਇੰਗਲੈਂਡ, ਜਰਮਨੀ ਤੇ ਫ਼ਰਾਂਸ ਜਿਹੀਆਂ ਯੂਰੋਪੀਅਨ ਤਾਕਤਾਂ ਤਾਂ ਪਹਿਲਾਂ ਹੀ ਪਾਕਿਸਤਾਨ ਨੂੰ ਨੁੱਕਰੇ ਲਾਉਣ ਲਈ ਦ੍ਰਿੜ੍ਹ ਸਨ। ਪਾਕਿਸਤਾਨ ਜੂਨ ਵਿੱਚ ਐੱਫ਼ ਏਟੀ ਐੱਫ਼ ਸੈਸ਼ਨ ਦੌਰਾਨ ਇਸ ਦਾ ਵਾਈਸ ਚੇਅਰਮੈਨ ਬਣਨ ਦੇ ਸੁਫ਼ਨੇ ਲੈ ਰਿਹਾ ਸੀ ਪਰ ਇਹ ਮੁਲਕ ਉਸ ਵਿਰੁੱਧ ਇੱਕਜੁਟ ਹੋਣੇ ਸ਼ੁਰੂ ਹੋ ਗਏ, ਤਾਂ ਉਹ ਇਕੱਲਾ ਰਹਿ ਗਿਆ। ਪਾਕਿਸਤਾਨ ਨੂੰ ਹਰ ਹਾਲਤ ਵਿੱਚ ਹਮਾਇਤ ਦੇਣ ਵਾਲੇ ਚੀਨ ਨੇ ਵੀ ਪੈਰ ਖਿੱਚ ਲਏ। ਪਾਕਿਸਤਾਨ ਨਾਲ ਸਿਰਫ਼ ਤੁਰਕੀ ਖੜ੍ਹਾ ਰਿਹਾ, ਜਿਸ ਦੇ ਹਉਮੈਵਾਦੀ ਰਾਸ਼ਟਰਪਤੀ ਰੀਸੈਪ ਅਰਦੋਗਨ ਨੂੰ ਹੁਣ ਦੁਨੀਆ ਵਿੱਚ ਕੋਈ ਨਹੀਂ ਪੁੱਛਦਾ।

ਪਾਕਿਸਤਾਨ ਨੂੰ ਹੁਣ ਸਾਰੀ ਕਾਰਜ ਯੋਜਨਾ ਮੁਕੰਮਲ ਵੇਰਵਿਆਂ ਸਮੇਤ ਮੁਹੱਈਆ ਕਰਵਾਉਣੀ ਪੈਣੀ ਹੈ, ਜੋ ਉਸ ਵੱਲੋਂ ਉਨ੍ਹਾਂ ਦਹਿਸ਼ਤਗਰਦ ਸਮੂਹਾਂ ਨੂੰ ਮਿਲਣ ਵਾਲੀ ਮਾਲੀ ਇਮਦਾਦ ਰੋਕਣ ਬਾਰੇ ਹੋਵੇਗੀ। ਫਿਰ ਪਾਕਿ ਨੂੰ ਐੱਫ਼ਏਟੀਐੱਫ਼ ਦੀ 'ਗ੍ਰੇਅ ਲਿਸਟ' ਵਿੱਚ ਰੱਖਿਆ ਜਾਵੇਗਾ, ਜਿੱਥੇ ਉਸ ਦੇ ਹਰ ਵਿੱਤੀ ਲੈਣ-ਦੇਣ ਉੱਤੇ ਕੌਮਾਂਤਰੀ ਪੱਧਰ ਦੀ ਪੁਣਛਾਣ ਹੋਵੇਗੀ। ਜੇ ਉਹ ਜੂਨ ਤੱਕ ਨੂੰ ਕੋਈ ਠੋਸ ਤੇ ਵਿਆਪਕ ਕਾਰਜ ਯੋਜਨਾ ਮੁਹੱਈਆ ਨਾ ਕਰਵਾ ਸਕਿਆ, ਤਾਂ ਉਸ ਨੂੰ ਐੱਫ਼ਏਟੀਐੱਫ਼ ਦੀ 'ਕਾਲ਼ੀ ਸੂਚੀ' ਵਿੱਚ ਪਾ ਦਿੱਤਾ ਜਾਵੇਗਾ। ਫਿਰ ਇਸ ਨੂੰ ਕੋਈ ਢੁੱਕਵੀਂ ਵਿੱਤੀ ਸਹਾਇਤਾ ਵੀ ਨਹੀਂ ਮਿਲਣੀ। ਐੱਫ਼ਏਟੀਐੱਫ਼ ਦੇ ਫ਼ੈਸਲੇ ਵਿਰੁੱਧ ਪਾਕਿਸਤਾਨ ਵਿੱਚ ਇਸ ਵੇਲੇ ਕਾਫ਼ੀ ਨਿਰਾਸ਼ਾ, ਰੋਹ ਅਤੇ ਰੋਸ ਹੈ। ਪਾਕਿਸਤਾਨ ਵਿੱਚ ਅਜਿਹਾ ਕੋਈ ਨਹੀਂ ਹੈ, ਜੋ ਮੁਲਕ ਦੀ ਫ਼ੌਜ ਨੂੰ ਇਹ ਨੇਕ ਸਲਾਹ ਦੇ ਸਕੇ ਕਿ ਉਹ ਆਪਣੀ ਧਰਤੀ 'ਤੇ ਭਾਰਤ ਅਤੇ ਅਫ਼ਗ਼ਾਨਿਸਤਾਨ ਖ਼ਿਲਾਫ਼ ਕਾਰਵਾਈਆਂ ਕਰਨ ਵਾਲੇ ਸਮੂਹਾਂ ਨੂੰ ਹਮਾਇਤ ਦੇਣੀ ਬੰਦ ਕਰੇ। ਉਂਜ, ਪਾਕਿਸਤਾਨ ਨੇ ਪਿੱਛੇ ਜਿਹੇ ਦਾਅਵਾ ਕੀਤਾ ਕਿ ਉਸ ਨੇ ਲਸ਼ਕਰ ਦੇ ਦਫ਼ਤਰ ਬੰਦ ਕਰਵਾ ਦਿੱਤੇ ਹਨ, ਪਰ ਛੇਤੀ ਹੀ ਪਤਾ ਲੱਗ ਗਿਆ ਸੀ ਕਿ ਇਨ੍ਹਾਂ ਦਫ਼ਤਰਾਂ ਦੇ ਸਿਰਫ਼ ਗੇਟ ਹੀ ਬੰਦ ਕਰਵਾਏ ਗਏ ਹਨ, ਉਨ੍ਹਾਂ ਅੰਦਰ ਸਰਗਰਮੀਆਂ ਜਿਉਂ ਦੀਆਂ ਤਿਉਂ ਹਨ।

ਇਨ੍ਹਾਂ ਹਾਲਾਤ ਵਿੱਚ, ਭਾਰਤ ਨੂੰ ਯੂਰੋਪੀਅਨ ਯੂਨੀਅਨ ਦੇ ਮੈਂਬਰ ਮੁਲਕਾਂ ਤੇ ਜਾਪਾਨ ਨੂੰ ਅਮਰੀਕਾ ਨਾਲ ਹੱਥ ਮਿਲਾਉਣ ਅਤੇ ਪਾਕਿਸਤਾਨ ਨੂੰ ਦਿੱਤੀਆਂ ਜਾਣ ਵਾਲੀਆਂ ਛੋਟਾਂ ਬੰਦ ਕਰਨ ਦੀ ਬੇਨਤੀ ਕਰਨੀ ਚਾਹੀਦੀ ਹੈ। ਪਾਕਿਸਤਾਨ ਕੋਲ ਹੁਣ ਬਹੁਤ ਘੱਟ ਵਿਦੇਸ਼ੀ ਮੁਦਰਾ ਰਹਿ ਗਈ ਹੈ ਤੇ ਅਜਿਹੀ ਗੰਭੀਰ ਹਾਲਤ ਕਾਰਨ ਉਸ ਨੂੰ ਅਗਲੇ ਕੁਝ ਮਹੀਨਿਆਂ ਦੌਰਾਨ ਵਿੱਤੀ ਮਦਦ ਲੈਣ ਲਈ ਕੌਮਾਂਤਰੀ ਮੁਦਰਾ ਕੋਸ਼ ਕੋਲ ਜਾਣਾ ਹੀ ਪਵੇਗਾ। ਹੁਣ ਕੌਮਾਂਤਰੀ ਮੁਦਰਾ ਕੋਸ਼, ਸੰਸਾਰ ਬੈਂਕ ਤੇ ਏਸ਼ਿਆਈ ਵਿਕਾਸ ਬੈਂਕ (ਏਡੀਬੀ) ਜਿਹੀਆਂ ਸੰਸਥਾਵਾਂ ਨੂੰ ਵੀ ਇਹ ਸਮਝਾਉਣ ਦੀ ਜ਼ਰੂਰਤ ਹੈ ਕਿ ਉਹ ਪਾਕਿਸਤਾਨ ਨੂੰ ਦਿੱਤੀਆਂ ਜਾਣ ਵਾਲੀਆਂ ਛੋਟਾਂ ਤੁਰੰਤ ਰੋਕ ਲੈਣ, ਭਾਵੇਂ ਉਹ ਕਿੰਨੇ ਵੀ ਦਾਅਵੇ ਕਿਉਂ ਨਾ ਕਰੇ ਕਿ ਉਸ ਨੇ ਸੰਯੁਕਤ ਰਾਸ਼ਟਰ ਵੱਲੋਂ ਦਹਿਸ਼ਤਗਰਦ ਐਲਾਨੀਆਂ ਜਥੇਬੰਦੀਆਂ ਖ਼ਿਲਾਫ਼ ਕੋਈ ਕਾਰਵਾਈ ਕੀਤੀ ਹੈ। ਭਾਰਤ ਨੂੰ ਖ਼ੁਦ ਵੀ ਪਾਕਿਸਤਾਨ ਨੂੰ ਉਦੋਂ ਤੱਕ ਕੋਈ ਛੋਟ ਨਹੀਂ ਦੇਣੀ ਚਾਹੀਦੀ, ਜਦੋਂ ਤੱਕ ਉਹ ਆਪਣੀ ਧਰਤੀ 'ਤੇ ਦਹਿਸ਼ਤਗਰਦੀ ਦੇ ਬੁਨਿਆਦੀ ਢਾਂਚਾ ਬਰਬਾਦ ਨਹੀਂ ਕਰ ਦਿੰਦਾ। ਚੀਨ ਨੇ ਇਸ ਮਾਮਲੇ ਵਿੱਚ ਕੋਈ ਗੱਲ ਨਹੀਂ ਮੰਨਣੀ; ਪਰ ਜੇ ਉਹ ਚੀਨ-ਪਾਕਿਸਤਾਨ ਆਰਥਿਕ ਲਾਂਘੇ ਨੂੰ ਕੋਈ ਇਮਦਾਦ ਦੇ ਵੀ ਰਿਹਾ ਹੈ, ਤਾਂ ਉਸ ਨਾਲ ਪਾਕਿਸਤਾਨ 'ਤੇ ਸਿਰਫ਼ ਕਰਜ਼ੇ ਦਾ ਵਾਧੂ ਬੋਝ ਹੀ ਚੜ੍ਹਨਾ ਹੈ।

ਐੱਫ਼ਏਟੀਐੱਫ਼ ਵਿੱਚ ਚੀਨ ਵੱਲੋਂ ਹਮਾਇਤ ਵਾਪਸ ਲੈਣ ਕਾਰਨ ਪਾਕਿਸਤਾਨ ਨੂੰ ਪਤਾ ਲੱਗ ਗਿਆ ਹੈ ਕਿ 'ਭਾਰਤ ਨੂੰ ਰੋਕਣ' ਲਈ ਚੀਨੀ ਹਮਾਇਤ ਦੀਆਂ ਕੋਈ ਸੀਮਾਵਾਂ ਨਹੀਂ ਹਨ। ਚੀਨ ਨੂੰ ਪਤਾ ਹੈ ਕਿ ਜੇ ਉਹ ਐੱਫ਼ਏਟੀਐੱਫ਼ ਵਿੱਚ ਪਾਕਿਸਤਾਨ ਨੂੰ ਬਿਨਾ ਸ਼ਰਤ ਆਪਣੀ ਹਮਾਇਤ ਜਾਰੀ ਰੱਖਦਾ ਹੈ, ਤਾਂ ਨਾ ਸਿਰਫ਼ 'ਘੜੀ ਵਿੱਚ ਤੋਲਾ, ਛਿਣ ਵਿੱਚ ਮਾਸਾ' ਰੌਅ ਵਾਲੇ ਡੋਨਲਡ ਟਰੰਪ ਨੇ ਗੁੱਸੇ ਹੋ ਜਾਣਾ ਹੈ, ਸਗੋਂ ਕੌਮਾਂਤਰੀ ਪੱਧਰ 'ਤੇ ਇਸ ਦੇ ਅਕਸ ਨੂੰ ਢਾਹ ਲੱਗੇਗੀ। ਇਸ ਦਾ ਇਹ ਮਤਲਬ ਵੀ ਨਹੀਂ ਕਿ ਜੈਸ਼ ਮੁਖੀ ਮਸੂਦ ਅਜ਼ਹਰ ਨੂੰ ਕੌਮਾਂਤਰੀ ਦਹਿਸ਼ਤਗਰਦ ਐਲਾਨਣ ਜਿਹੇ ਮੁੱਦਿਆਂ 'ਤੇ ਚੀਨ ਦੀਆਂ ਨੀਤੀਆਂ ਵਿੱਚ ਕੋਈ ਤਬਦੀਲੀ ਆ ਜਾਵੇਗੀ। ਸਾਨੂੰ ਇਹ ਵੀ ਸਪੱਸ਼ਟ ਮੰਨਣਾ ਹੋਵੇਗਾ ਕਿ ਰਾਸ਼ਟਰਪਤੀ ਟਰੰਪ ਦੀਆਂ ਕਾਰਵਾਈਆਂ ਮੁੱਖ ਤੌਰ 'ਤੇ ਅਫ਼ਗ਼ਾਨਿਸਤਾਨ ਵਿੱਚ ਹੱਕਾਨੀ ਨੈੱਟਵਰਕ ਨੂੰ ਪਾਕਿਸਤਾਨੀ ਹਮਾਇਤ ਵੱਲ ਸੇਧਤ ਹਨ। ਉਨ੍ਹਾਂ ਦਾ ਧਿਆਨ ਭਾਰਤ 'ਚ ਪਾਕਿਸਤਾਨੀ ਹਮਾਇਤ ਪ੍ਰਾਪਤ ਦਹਿਸ਼ਤਗਰਦੀ ਵੱਲ ਬਹੁਤ ਘੱਟ ਹੈ। ਇਹ ਉਹ ਜੰਗ ਹੈ ਜਿਹੜੀ ਸਾਨੂੰ ਖ਼ੁਦ ਲੜਨੀ ਪਵੇਗੀ।

# ਸੂਰਜੀ ਊਰਜਾ ਵਿੱਚ ਨਿਵੇਸ਼ ਜਨਤਕ ਖੇਤਰ ਲਈ ਲਾਹੇਵੰਦ



ਇੰਜ.ਭੁਪਿੰਦਰ ਸਿੰਘ

ਪਿਛਲੇ ਕੁਝ ਸਾਲਾਂ ਦੌਰਾਨ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ ਦੇ ਥਰਮਲ ਪਲਾਂਟਾਂ ਤੋਂ ਨਾਂ-ਮਾਤਰ ਬਿਜਲੀ ਪੈਦਾ ਹੋਈ ਹੈ ਅਤੇ ਹੁਣ ਪੰਜਾਬ ਸਰਕਾਰ ਨੇ ਬਠਿੰਡਾ ਦੇ ਸਾਰੇ ਤੇ ਰੋਪੜ ਥਰਮਲ ਪਲਾਂਟ ਦੇ 2 ਯੂਨਿਟ ਪੱਕੇ ਤੌਰ 'ਤੇ ਬੰਦ ਕਰ ਦਿੱਤੇ ਹਨ। ਇਸ ਦਾ ਮੁੱਖ ਕਾਰਨ ਪੀਐੱਸਪੀਸੀਐੱਲ ਵੱਲੋਂ ਬਿਜਲੀ ਪੈਦਾ ਕਰਨ ਲਈ ਨਵੀਂ ਆਧੁਨਿਕ ਤਕਨਾਲੋਜੀ ਅਪਨਾਉਣ ਵਿੱਚ ਪਿੱਛੇ ਰਹਿਣਾ ਹੈ ਅਤੇ ਇਹ ਹੀ ਕਾਰਪੋਰੇਸ਼ਨ ਦੇ ਜੈਨਰੇਸ਼ਨ ਵਿੰਗ ਦੇ ਹੌਲੀ ਹੌਲੀ ਖਤਮ ਹੋਣ ਵੱਲ ਜਾਣ ਦਾ ਕਾਰਨ ਬਣ ਰਿਹਾ ਹੈ। ਦੂਸਰੇ ਸੂਬਿਆਂ ਨੇ ਹਾਲਾਂਕਿ ਸਸਤੀ ਬਿਜਲੀ ਪੈਦਾ ਕਰਨ ਲਈ ਸੁਪਰ ਕ੍ਰਿਟੀਕਲ ਤਕਨਾਲੋਜੀ ਆਧਾਰਿਤ ਪਲਾਂਟ ਲਗਾਏ ਪਰ ਪੰਜਾਬ ਵਿੱਚ ਬਿਜਲੀ ਪੈਦਾ ਕਰਨ ਲਈ ਜਨਤਕ ਖੇਤਰ ਨੂੰ ਤਿਆਗ ਕੇ ਪ੍ਰਾਈਵੇਟ ਖੇਤਰ ਨੂੰ ਤਰਜੀਹ ਦਿੱਤੀ ਗਈ ਹੈ। ਜੇ ਪੀਐੱਸਪੀਸੀਐੱਲ ਅਜੇ ਵੀ ਖੁੰਝੇ ਹੋਏ ਮੌਕੇ ਹਥਿਆਉਣ ਦੀ ਇੱਛਾ ਸ਼ਕਤੀ ਦਿਖਾਉਂਦਾ ਹੈ ਅਤੇ ਨੀਤੀ ਨਿਰਦੇਸ਼ਾਂ ਵਿੱਚ ਤਬਦੀਲੀ ਕਰਦਾ ਹੈ ਤਾਂ ਬਿਜਲੀ ਪੈਦਾ ਕਰਨ ਲਈ ਉਪਲਬਧ ਨਵਿਆਉਣਯੋਗ ਊਰਜਾ ਦੇ ਵੱਡੇ ਬਦਲਾਂ ਵਿੱਚ ਨਿਵੇਸ਼ ਕਰ ਕੇ ਆਪਣੀ ਖੋਈ ਹੋਈ ਪੁਜ਼ੀਸ਼ਨ ਅਜੇ ਵੀ ਦੁਬਾਰਾ ਹਾਸਲ ਕਰ ਸਕਦਾ ਹੈ।

ਸੰਯੁਕਤ ਰਾਸ਼ਟਰ ਦੀ ਜਲਵਾਯੂ ਕਾਨਫਰੰਸ ਜੋ ਸਾਲ 2015 ਵਿੱਚ ਪੈਰਿਸ ਵਿੱਚ ਹੋਈ ਸੀ, ਵਿੱਚ ਜੈਵਿਕ ਬਾਲਣ 'ਤੇ ਆਧਾਰਿਤ ਬਿਜਲੀ ਪੈਦਾ ਕਰਨ ਦੇ ਸਰੋਤਾਂ ਤੋਂ ਨਿਕਲਣ ਵਾਲੀਆਂ ਗ੍ਰੀਨ ਹਾਊਸ ਗੈਸਾਂ ਕਾਰਨ ਜਲਵਾਯੂ 'ਤੇ ਹੋਣ ਵਾਲੇ ਘਾਤਕ ਪ੍ਰਭਾਵਾਂ ਤੋਂ ਬਚਣ ਲਈ ਨਵਿਆਉਣਯੋਗ ਊਰਜਾ ਅਪਨਾਉਣ ਦੀ ਜ਼ਰੂਰਤ ਦੀ ਪੁਸ਼ਟੀ ਕੀਤੀ ਗਈ ਸੀ। ਭਾਰਤ ਨੇ ਵੀ ਦੁਨੀਆਂ ਦੇ 194 ਦੇਸ਼ਾਂ ਨਾਲ ਮਿਲ ਕੇ ਗਲੋਬਲ ਜਲਵਾਯੂ ਸਮਝੌਤੇ ਅਨੁਸਾਰ ਕਾਨੂੰਨੀ ਤੌਰ 'ਤੇ ਮਾਨਤਾ ਪ੍ਰਾਪਤ ਨਵਿਆਉਣਯੋਗ ਊਰਜਾ ਸਰੋਤਾਂ ਜਿਵੇਂ ਸੂਰਜੀ ਊਰਜਾ, ਹਵਾ ਅਤੇ ਬਾਇਓ-ਮਾਸ ਊਰਜਾ ਆਦਿ ਅਪਨਾਉਣ ਦੀ ਪੁਸ਼ਟੀ ਕੀਤੀ ਹੈ। ਕਈ ਵਿਕਸਿਤ ਦੇਸ਼ਾਂ ਵੱਲੋਂ ਨਵਿਆਉਣਯੋਗ ਊਰਜਾ ਸਰੋਤਾਂ ਦੀ ਬਿਜਲੀ ਪੈਦਾ ਕਰਨ ਲਈ ਵੱਡੇ ਪੱਧਰ ਤੇ ਵਰਤੋਂ ਕੀਤੀ ਜਾ ਰਹੀ ਹੈ। ਜਰਮਨੀ ਨੇ ਸਾਲ 2030 ਤੱਕ ਬਿਜਲੀ ਦੀਆਂ 50% ਜ਼ਰੂਰਤਾਂ ਅਤੇ ਡੈਨਮਾਰਕ ਨੇ ਸਾਲ 2035 ਤੱਕ ਆਪਣੀਆਂ 100% ਬਿਜਲੀ ਜ਼ਰੂਰਤਾਂ ਨਵਿਆਉਣਯੋਗ ਊਰਜਾ ਸਰੋਤਾਂ ਤੋਂ ਪੂਰਾ ਕਰਨ ਦਾ ਟੀਚਾ ਮਿਥਿਆ ਹੈ। ਭਾਰਤ ਦੁਨੀਆਂ ਦੀ ਸੂਰਜੀ ਊਰਜਾ ਦੀ ਬੈਲਟ ਵਿੱਚ ਆਉਂਦਾ ਹੈ ਅਤੇ ਇਸ ਦਾ ਪੂਰਾ ਫਾਇਦਾ ਉਠਾਉਣ ਲਈ ਕੇਂਦਰ ਸਰਕਾਰ ਵੱਲੋਂ ਨੈਸ਼ਨਲ ਇਲੈਕਟਰੀਸਿਟੀ ਪਲਾਨ-2016 ਤਿਆਰ ਕੀਤਾ ਗਿਆ ਹੈ, ਜਿਸ ਅਨੁਸਾਰ ਆਉਣ ਵਾਲੇ ਪੰਜ ਸਾਲਾਂ ਵਿੱਚ ਮੌਜੂਦਾ ਨਵਿਆਉਣਯੋਗ ਊਰਜਾ ਸਰੋਤਾਂ ਤੋਂ ਬਿਜਲੀ ਪੈਦਾ ਕਰਨ ਦੀ ਸਮਰੱਥਾ 69674 ਮੈਗਾਵਾਟ ਤੋਂ ਵਧਾ ਕੇ 1,75,000 ਮੈਗਾਵਾਟ ਤੱਕ ਕਰਨ ਦੀ ਤਜਵੀਜ਼ ਹੈ। ਇਸ ਤਰ੍ਹਾਂ ਕਰਨ ਨਾਲ ਨਵਿਆਉਣਯੋਗ ਊਰਜਾ ਸਰੋਤਾਂ ਤੋਂ ਪੈਦਾ ਕੀਤੀ ਜਾਂਦੀ ਬਿਜਲੀ ਦਾ ਹਿੱਸਾ 14% ਤੋਂ ਵਧ ਕੇ 33% ਹੋ ਜਾਵੇਗਾ ਅਤੇ ਇਸ ਪਲਾਨ ਵਿੱਚ ਗੈਰ ਜੈਵਿਕ ਬਾਲਣ ਸਰੋਤਾਂ ਤੋਂ ਬਿਜਲੀ ਪੈਦਾ ਕਰਨ ਦਾ ਹਿੱਸਾ 50% ਤੱਕ ਵਧਾਉਣ ਦੀ ਤਜਵੀਜ਼ ਹੈ। ਕੇਂਦਰ ਸਰਕਾਰ ਦੀ ਨੈਸ਼ਨਲ ਟੈਰਿਫ ਪਾਲਿਸੀ 2016 ਅਨੁਸਾਰ ਵੀ ਸਾਲ 2022 ਤੱਕ ਬਿਜਲੀ ਦੀ ਕੁਲ ਮੰਗ ਦਾ 8% ਹਿੱਸਾ ਕੇਵਲ ਸੂਰਜੀ ਊਰਜਾ ਸਰੋਤਾਂ ਤੋਂ ਪੂਰਾ ਕਰਨ ਦੀ ਤਜਵੀਜ਼ ਹੈ।

ਦਿਲਚਸਪ ਗੱਲ ਇਹ ਵੀ ਹੈ ਕਿ ਆਉਣ ਵਾਲੇ ਦਸ ਸਾਲਾਂ, ਭਾਵ 2027 ਤੱਕ ਦੇਸ਼ ਵਿੱਚ ਕੋਲੇ 'ਤੇ ਆਧਾਰਿਤ ਕੋਈ ਵੀ ਥਰਮਲ

(ਬਾਕੀ ਸਫਾ 22 'ਤੇ)


## Matrimonial

Sikh family looking for a suitable match for their 34 years old daughter, Height: 5' 7". Completed MBA and worked for multinationals as Business Analyst. Currently in the bay area on work permit. Looking for a suitable match: American Citizen, Green Card Holder or H1B preferred.

Contact: singh_yogendra@yahoo.com or call 650-999-1803

## ਲੜਕੀ ਦੀ ਲੋੜ

ਜੱਟ ਸਿੱਖ ਅਮਰੀਕਨ ਸਿਟੀਜ਼ਨ 42 ਸਾਲਾ ਤਲਾਕਸ਼ੁਦਾ, ਜਿਸ ਕੋਲ ਪੱਕੀ ਨੌਕਰੀ ਹੈ, ਲਈ ਲੋੜਵੰਦ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਜਲਦੀ ਰਿਸ਼ਤੇ ਲਈ ਫੋਨ ਕਰੋ: ਸੁਰਿੰਦਰ ਦਿਓਲ 408-799-7545

R.PAL SINGH TAX PROFESSIONAL

ENROLLED AGENT

BOOKKEEPING ACCOUNTS PAYROLLS

TAX-INDIVIDUAL FAMILY, BUSINESS, TRUCKING, BOOKKEEPING ACCOUNTS, PAYROLLS & INCORPORATION, INSURANCE LIFE Only-Agent. NOTARY, REAL ESTATE (SVA), EXPECTING REFUND : GET MONEY BACK FAST!

E.A.

Open 7 Days
Weekends/Evenings
(Year Round Service)
Resonalbe Rates
Call for Appointment



CALL: R. PAL. SINGH EA- 510-750-3464

EA 00097224, CRTP A44237 Realtor#148514,

Insurance Life- Only Agent #0G76896

39159 Paseo Padre Pkwy # 115, Fremont, CA 94538

Email:singhrpal@sbeglobal.net Singhtax.com

## ਸ਼੍ਰੀਦੇਵੀ ਦੀਆਂ ਅਣਸੁਣੀਆਂ ਗੱਲਾਂ

# ਜਦੋਂ ਹਰ ਫਿਲਮ ਵਿਚ ਇਕੱਠਿਆਂ ਕੰਮ ਕਰਨਾ ਚਾਹੁੰਦੇ ਸਨ ਜਤਿੰਦਰ

ਬਾਲੀਵੁੱਡ ਅਭਿਨੇਤਰੀ ਸ਼੍ਰੀਦੇਵੀ ਦਾ ਹਾਰਟ ਅਟੈਕ ਕਾਰਨ ਦੁਬਈ ਵਿਚ ਦੇਹਾਂਤ ਹੋ ਗਿਆ। 54 ਸਾਲ ਦੀ ਸ਼੍ਰੀਦੇਵੀ ਪਤੀ ਬੋਨੀ ਕਪੂਰ ਅਤੇ ਛੋਟੀ ਲੜਕਾ ਖੁਸ਼ੀ ਦੇ ਨਾਲ ਦੁਬਈ ਵਿਚ ਮੋਹਿਤ ਮਾਰਵਾਹ ਦੇ ਵਿਆਹ ਵਿਚ ਸ਼ਾਮਲ ਹੋਣ ਗਈ ਸੀ। ਸ਼੍ਰੀਦੇਵੀ ਦੇ ਅਚਾਨਕ ਵਿਛੋੜੀ ਦੀ ਖਬਰ ਕਾਰਨ ਬਾਲੀਵੁੱਡ ਸਮੇਤ ਉਹਨਾਂ ਦੇ ਫੈਨਜ਼ ਸਦਮੇ ਵਿਚ ਸਨ। 2007ਵਿਚ ਸ਼੍ਰੀਦੇਵੀ ਨੂੰ ਫਿਲਮਾਂ ਵਿਚ 50 ਸਾਲ ਪੂਰੇ ਹੋਏ ਸਨ। 13 ਅਗਸਤ 1963 ਨੂੰ ਸ਼ਿਵਕਾਸ਼ੀ, ਤਾਮਿਲਨਾਡੂ ਵਿਚ ਜੰਮੀ ਸ਼੍ਰੀਦੇਵੀ ਨੇ 300 ਤੋਂ ਜ਼ਿਆਦਾ ਫਿਲਮਾਂ ਵਿਚ ਕੰਮ ਕੀਤਾ। ਕਹਿੰਦੇ ਹਨ ਜਤਿੰਦਰ 'ਹਿੰਮਤਵਾਲਾ' ਵਿਚ ਸ਼੍ਰੀਦੇਵੀ ਦੇ ਕੰਮ ਤੋਂ ਇੰਨੇ ਪ੍ਰਭਾਵਿਤ ਸਨ ਕਿ ਆਪਣੀ ਹਰ ਫਿਲਮ ਵਿਚ ਬਤੌਰ ਹੀਰੋਇਨ ਉਹ ਉਹਨਾਂ ਨੂੰ ਹੀ ਚਾਹੁੰਦੇ ਸਨ।

ਸ਼੍ਰੀਦੇਵੀ ਦੀ ਨਿੱਜੀ ਅਤੇ ਪ੍ਰੋਫੈ-ਸ਼ਨਲ ਲਾਈਫ ਨਾਲ ਜੁੜੀਆਂ ਕਈ ਅਜਿਹੀਆਂ ਗੱਲਾਂ ਹਨ, ਜੋ ਜ਼ਿਆਦਾਤਰ ਲੋਕ ਨਹੀਂ ਜਾਣਦੇ। ਅਜਿਹੀਆਂ ਹੀ ਕੁਝ ਗੱਲਾਂ ਨੂੰ ਜਾਨਣ ਲਈ ਕਈ ਕਲਾਕਾਰਾਂ ਨਾਲ ਗੱਲਬਾਤ ਕੀਤੀ ਗਈ।





### ਸ਼ਕਤੀ ਕਪੂਰ

ਸ਼ਕਤੀ ਕਪੂਰ ਅਤੇ ਸ਼੍ਰੀਦੇਵੀ ਦੀ ਪਹਿਲੀ ਮੁਲਾਕਾਤ 1983 ਵਿਚ 'ਹਿੰ-ਮਤਵਾਲਾ' ਦੇ ਸੈਟ 'ਤੇ ਹੋਈ ਸੀ। ਇਸ ਨੂੰ ਯਾਦ ਕਰਦੇ ਹੋਏ ਉਹ ਕਹਿੰਦੇ ਹਨ 'ਰਾਜਮੂੰ-ਦਰੀ ਵਿਚ ਫਿਲਮ ਦੀ ਆਊਟਡੋਰ ਸ਼ੂਟਿੰਗ ਚੱਲ ਰਹੀ ਸੀ। ਸ਼੍ਰੀਦੇਵੀ ਮਾਂ ਅਤੇ ਛੋਟੀ ਭੈਣ ਨਾਲ ਸੈਟ 'ਤੇ ਪਹੁੰਚੀ ਸੀ। ਮੈਂ ਦੇਖਿਆ ਕਿ ਉਹ ਹਿੰਦੀ ਨਹੀਂ ਬੋਲ ਪਾ ਰਹੀ ਸੀ ਅਤੇ ਅੰ-ਗਰੇਜ਼ੀ ਵਿਚ ਗੱਲ ਕਰ ਰਹੀ ਸੀ। ਮੈਂ ਹਮੇਸ਼ਾ ਦੇਖਦਾ ਸੀ ਕਿ ਉਹ ਦੂਜੀਆਂ ਅਭਿਨੇਤਰੀਆਂ ਵਾਂਗ ਬ੍ਰੇਕ ਵਿਚ ਗੱਪਾਂ ਨਹੀਂ ਮਾਰਦੀ ਸੀ, ਉਹ ਫਾਰਮਲੀ ਲੋਕਾਂ ਨਾਲ ਗੱਲ ਕਰਦੀ ਸੀ ਅਤੇ ਆਪਣੀ ਲਾਈਨ ਪੜ੍ਹਨ ਵਿਚ ਬਿਜ਼ੀ ਹੋ ਜਾਂਦੀ ਸੀ। ਮੈਂ ਹਮੇਸ਼ਾ ਉਹਨਾਂ ਦਾ ਸਨਮਾਨ ਕਰਦਾ ਆਇਆ ਹਾਂ। ਮੈਂ ਹਮੇਸ਼ਾ ਆਪਣੀ ਚੇਅਰ ਉਹਨਾਂ ਨੂੰ ਦੇ ਦਿੰਦਾ ਸੀ।

ਸ਼ਕਤੀ ਕਪੂਰ ਮੁਤਾਬਕ ਜਤਿੰਦਰ ਨੂੰ 'ਹਿੰਮਤਵਾਲਾ' ਦੇ ਦੌਰਾਨ ਸ਼੍ਰੀਦੇਵੀ ਦੀ ਪਰਫਾਰਮੈਂਸ ਇੰਨੀ ਚੰਗੀ ਲੱਗੀ ਕਿ ਉਹਨਾਂ ਨੇ ਡਾਇਰੈਕਟਰ ਕੇ. ਰਾਘਵੇਂਦਰ ਰਾਓ ਨੂੰ ਕਿਹਾ ਕਿ ਉਹ ਆਪਣੀਆਂ ਸਾਰੀਆਂ ਫਿਲਮਾਂ ਵਿਚ ਉਹਨਾਂ ਨੂੰ ਅਤੇ ਸ਼੍ਰੀਦੇਵੀ ਨੂੰ ਹੀ ਕਾਸਟ ਕਰਨ। ਸ਼ਾਇਦ ਇਹੀ ਕਾਰਨ ਸੀ ਕਿ 'ਹਿੰਮਤਵਾਲਾ' ਤੋਂ ਬਾਅਦ ਰਾਓ ਨੇ ਦੋਵਾਂ ਨੂੰ ਜਾਨੀ ਦੋਸਤ, ਜਸਟਿਸ ਚੌਧਰੀ, ਤੋਹਫਾ, ਸੁਹਾਗਣ, ਧਰਮ ਅਧਿਕਾਰੀ ਅਤੇ ਦਿਲ ਲਗਾ ਕੇ ਦੇਖੋ ਵਰਗੀਆਂ ਫਿਲਮਾਂ ਵਿਚ ਕਾਸਟ ਕੀਤਾ।

### ਸਿਰਫ ਘਰ ਦਾ ਖਾਣਾ ਖਾਂਦੀ ਸੀ ਸ਼੍ਰੀਦੇਵੀ

ਸ਼ਕਤੀ ਕਪੂਰ ਮੁਤਾਬਕ ਸਾਊਥ ਇੰਡੀਅਨ ਅਭਿਨੇਤਰੀਆਂ ਨੂੰ ਸਿਰਫ ਆਪਣੇ ਘਰ ਦੇ ਪੱਕਿਆ ਰਵਾਇਤੀ ਸਾਊਥ ਇੰਡੀਅਨ ਖਾਣਾ ਹੀ ਪਸੰਦ ਆਉਂਦਾ ਹੈ। ਫਿਲਮ ਦੇ ਸੈਟ 'ਤੇ ਸ਼੍ਰੀਦੇਵੀ ਘਰ ਤੋਂ ਟਿਫਨ ਲੈ ਕੇ ਆਉਂਦੀ ਸੀ, ਜਿਸ ਵਿਚ ਸਬਜ਼ੀਆਂ ਹੁੰਦੀਆਂ ਸਨ। ਉਹ ਇਸ ਤੋਂ ਇਲਾਵਾ ਹੋਰ ਕੁਝ ਨਹੀਂ ਖਾਂਦੀ ਸੀ।

### ਪੂਜਾ ਪਾਠ ਵਿਚ ਵਿਸ਼ਵਾਸ

ਸ਼੍ਰੀਦੇਵੀ ਰਿਲੀਜੀਅਸ ਬੈਕਰਾਊਂਡ ਤੋਂ ਹੋਣ ਕਾਰਨ ਸੈਟ ਤੇ ਲੰਮੇ ਸਮੇਂ ਲਈ ਪ੍ਰਾਰਥਨਾ ਕਰਦੀ ਸੀ। ਕਈ ਮੌਕਿਆਂ 'ਤੇ ਵਰਤ ਰੱਖਦੀ ਸੀ। ਹਰ ਫਿਲਮ ਦੇ ਪਹਿਲੇ ਸ਼ਾਟ ਤੋਂ ਪਹਿਲਾਂ ਉਹ ਹੱਥ ਜੋੜ ਕੇ ਪ੍ਰਾਰਥਨਾ ਕਰਦੀ ਸੀ। ਇਸ ਤੋਂ ਇਲਾਵਾ ਜਦੋਂ ਵੀ ਸੈਟ 'ਤੇ ਆਉਂਦੀ ਸੀ ਤਾਂ ਜਮੀਨ ਨੂੰ ਟੱਚ ਕਰਕੇ ਨਮਸਕਾਰ ਕਰਦੀ ਸੀ।

ਸ਼ਕਤੀ ਕਪੂਰ ਮੁਤਾਬਕ ਇਕ ਵਕਤ ਸੀ, ਜਦੋਂ ਸ਼੍ਰੀਦੇਵੀ ਫਿੱਟ ਅਤੇ ਸਲਿਮ ਨਹੀਂ ਸੀ ਪਰ ਬਾਅਦ ਵਿਚ ਉਹਨਾਂ ਨੇ ਪਰਫੈਕਟ ਫਿਗਰ ਬਣਾਈ। 'ਹਿੰਮਤਵਾਲਾ' ਫਿਲਮ ਦੌਰਾਨ ਸ਼੍ਰੀਦੇਵੀ ਸਲਿਮ ਨਹੀਂ ਸੀ ਪਰ 'ਹੋਸ਼ਿਆਰ' ਦੇ ਦੌਰਾਨ ਉਹਨਾਂ ਨੇ ਆਪਣੇ ਵਜਨ ਤੇ ਧਿਆਨ ਦੇਣਾ ਆਰੰਭ ਕੀਤਾ। ਅਸੀਂ ਇਕ ਖੂਬਸੂਰਤ ਫਾਰਨ ਲੂਕੇਸ਼ਨ ਤੇ ਸ਼ੂਟ ਕਰ ਰਹੇ ਸੀ ਤਾਂ ਮੈਂ ਉਹਨਾਂ ਨੂੰ ਆਈਸਕ੍ਰੀਮ ਖਾਂਦੇ ਦੇਖਿਆ। ਉਹਨਾਂ ਨੇ ਮੇਰੇ ਵੱਲ ਦੇਖਦੇ ਹੋਏ ਕਿਹਾ ਕਿ ਉਹ ਕਈ ਮਹੀਨਿਆਂ ਬਾਅਦ ਆਈਸ ਕ੍ਰੀਮ ਖਾ ਰਹੀ ਹੈ।

ਰੋਹਿਣੀ ਹੰਟਗਡੀ ਨੇ ਸ਼੍ਰੀਦੇਵੀ ਦੇ ਨਾਲ 'ਧਰਮ ਅਧਿਕਾਰੀ', 'ਚਾਲਬਾਜ਼' ਅਤੇ 'ਗੈਰ ਕਾਨੂੰਨੀ' ਵਰਗੀਆਂ ਫਿਲਮਾਂ ਵਿਚ ਕੰਮ ਕੀਤਾ ਹੈ। ਉਹ ਕਹਿੰਦੀ ਹੈ ਕਿ ਸੈਟ ਤੇ ਸ਼੍ਰੀਦੇਵੀ ਇਕ ਪਲ ਵਿਚ ਐਕਟਿੰਗ ਮੋਡ ਵਿਚ ਆ ਜਾਂਦੀ ਸੀ। ਰੋਹਿਣੀ ਮੁਤਾਬਕ ਫਿਲਮ 'ਧਰਮ ਅਧਿਕਾਰੀ' ਦੀ ਸ਼ੂਟਿੰਗ ਦੌਰਾਨ ਕੈਮਰੇ ਨੇ ਉਹਨਾਂ ਨੂੰ ਇਕ ਪਲੇਟ ਲੱਡੂਆਂ ਨਾਲ ਸ਼ੂਟ ਕੀਤਾ ਪਰ ਕੈਮਰਾ ਰੋਲ ਹੋਣ ਤੋਂ ਪਹਿਲਾਂ ਉਹਨਾਂ ਨੇ ਜਤਿੰਦਰ ਦੇ ਨਾਲ ਮਜ਼ਾਕ ਕੀਤਾ ਅਤੇ ਬੋਲੀ- ਆਓ ਜੀਤੂ ਜੀ ਲੱਡੂ ਲੈ ਲਓ। ਇਸੇ ਦੌਰਾਨ ਡਾਇਰੈਕਟਰ ਨੇ ਐਕਸ਼ਨ ਬੋਲਿਆ ਅਤੇ ਸ਼੍ਰੀਦੇਵੀ ਨੇ ਇਕ ਸਕਿੰਟ ਵਿਚ ਆਪਣਾ ਫੇਸ ਕੈਮਰੇ ਵੱਲ ਕਰ ਲਿਆ। ਪਰਫੈਕਟ ਸ਼ਾਟ ਦੇਣ ਤੋਂ ਬਾਅਦ ਜਿਵੇਂ ਹੀ ਡਾਇਰੈਕਟਰ ਨੇ ਕੱਟ ਬੋਲਿਆ ਤਾਂ ਉਹ ਫਿਰ ਜਤਿੰਦਰ ਨਾਲ ਚੈਟਿੰਗ ਕਰਨ ਲੱਗੀ।

# ਕੀ ਤੁਸੀਂ ਜਾਣਦੇ ਹੋ ਪਲਕਾਂ ਝਪਕਣ ਦਾ ਰਾਜ਼

ਅਸੀਂ- ਤੁਸੀਂ 1 ਮਿੰਟ ਵਿਚ ਕਿੰਨੀ ਵਾਰ ਪਲਕਾਂ ਝਭਕਦੇ ਹਾਂ, ਇਸ ਬਾਰੇ ਸ਼ਾਇਦ ਹੀ ਕਿਸੇ ਨੇ ਧਿਆਨ ਦਿੱਤਾ ਹੋਵੇਗਾ। ਵੈਸੇ ਆਮ ਤੌਰ ਤੇ ਇਸਨੂੰ ਜਾਨਣ ਦੀ ਕੋਈ ਲੋੜ ਨਹੀਂ ਹੈ ਕਿਉਂਕਿ ਹਰ ਵਿਅਕਤੀ ਅਲੱਗ-ਅਲੱਗ ਸਥਿਤੀ ਅਤੇ ਵਿਵਹਾਰ ਦੇ ਦੌਰਾਨ ਅਲੱਗ ਗਤੀ ਨਾਲ ਆਪਣੀਆਂ ਪਠਕਾਂ ਝਪਕਦਾ ਹੈ। ਅੱਖਾਂ ਨਾਲ ਜੁੜੇ ਇਕ ਵਿਗਿਆਨਕ ਤੱਥ ਤੋਂ ਇਹ ਪਤਾ ਲੱਗਦਾ ਹੈ ਕਿ ਜਦੋਂ ਅਸੀਂ ਕੋਈ ਮਜ਼ੇਦਾਰ ਜਾਂ ਅਲੱਗ ਹਟ ਕੇ ਚੀਜ਼ ਦੇਖਦੇ ਜਾਂ ਪੜ੍ਹਦੇ ਹੋ ਤਾਂ ਬਹੁਤ ਘੱਟ ਵਾਰ ਪਲਕਾਂ ਝਪਕਦੇ ਹਾਂ। ਜਿਵੇਂ ਕਿ 6 ਜਾਂ 8 ਵਾਰ ਜਾਂ ਫਿਰ ਸਾਡੀਆਂ ਅੱਖਾਂ ਜਦੋਂ ਥੱਕ ਜਾਂਦੀਆਂ ਹਨ, ਤਾਂ ਹੀ ਸਾਡੀਆਂ ਪਲੀਕਾਂ ਦੇ ਝਪਕਣ ਦੀ ਗਤੀ ਆਮ ਤੌਰ ਤੇ ਘੱਟ ਹੋ ਜਾਂਦੀ ਹੈ। ਵੈਸੇ ਆਮ ਤੌਰ 'ਤੇ ਇਨਸਾਨ ਹਰ ਮਿੰਟ ਵਿਚ ਤਕਰੀਬਨ 15 ਵਾਰ ਆ-ਪਣੀਆਂ ਪਲਕਾਂ ਝਪਕਦਾ ਹੈ ਪਰ ਅਲੱਗ ਅਲੱਗ ਮਾਨਸਿਕ ਸਥਿਤੀ, ਮਾਹੌਲ ਅਤੇ ਵਿਵਹਾਰ ਦੇ ਮੁਤਾਬਕ ਪਲਕਾਂ ਦੇ ਝਪਕਣ ਦੀ ਗਤੀ ਬਦਲਦੀ ਰਹਿੰਦੀ ਹੈ। ਵੈਸੇ ਤਾਂ ਪਲਕਾਂ ਝਪਕਣ ਨਾਲ ਜੁੜੇ ਤੱਥ ਇਹ ਦੱਸਦੇ ਹਨ ਕਿ ਅੱਖਾਂ ਦੇ ਰੇਟਿਨਾ ਅਤੇ ਲੈਨਜ਼ 'ਤੇ ਲਗਾਤਾਰ ਨਮੀ ਬਣਾਈ ਰੱਖਣ ਦੇ ਲਈ ਹੀ ਇਨਸਾਨ ਆਪਣੀਆਂ ਪਲਕਾਂ ਝਪਕਦਾ ਹੈ, ਪਰ ਸਿਰਫ ਇਹ ਸੱਚ ਨਹੀਂ ਹੈ। ਪਲਕਾਂ ਝਪਕਣ ਦੇ ਪਿੱਛੇ ਇਕ ਹੋਰ ਵੱਡਾ ਵਿਗਿਆਨ ਲੁਕਿਆ ਹੋਇਆ ਹੈ, ਜੋ ਬਹੁਤ ਹੀ ਕਮਾਲ ਦਾ ਹੈ।



ਸਾਲ 2012 ਵਿਚ ਅਮਰੀਕਾ ਦੇ ਪ੍ਰੋਸੀ-ਡਿੰਗਸ ਆਫ ਦੀ ਨੈਸ਼ਨਲ ਅਕੈਡਮੀ ਆਫ ਸਾਇੰਸ ਵਿਚ ਪੇਸ਼ ਕੀਤੇ ਗਏ ਇਕ ਰਿਸਰਚ ਪੇਪਰ ਦੇ ਮੁਤਾਬਕ ਜਾਪਾਨ ਦੇ ਓਸਾਕਾ ਸ਼ਹਿਰ ਵਿਚ ਵਿਗਿਆਨਕਾਂ ਦੀ ਇਕ ਟੀਮ ਨੇ ਇਨਸਾਨਾਂ ਦੇ ਪਲਕਾਂ ਝਪਕਣ ਨੂੰ ਲੈ ਕੇ ਇਕ ਵੱਡੀ ਰਿਸਰਚ ਕੀਤੀ। ਇਸ ਦੇ ਮੁਤਾਬਕ ਜਦੋਂ ਅਸੀਂ ਆਪਣੀਆਂ ਪਲਕਾਂ ਝਪਕਦੇ ਹਾਂ ਤਾਂ ਇਹ ਸਾਡੇ ਦਿਮਾਗ ਦੇ ਲਈ ਇਕ ਛੋਟਾ ਜਿਹਾ ਆਰਾਮ ਲੈਣ ਦਾ ਤਰੀਕਾ ਹੋ ਸਕਦਾ ਹੈ। ਹੁਣ ਬੇਸ਼ੱਕ ਹੀ ਇਹ ਪਲਕ ਝਪਕਣਾਉਣਾ 1 ਸਕਿੰਟ ਦੇ ਬਹੁਤ ਛੋਟੇ ਜਿਹੇ ਹਿੱਸੇ ਦੇ ਬਰਾਬਰ ਹੋਵੇ ਪਰ ਇਕ ਵਾਰ ਪਲਕ ਝਪਕਾ ਕੇ ਸਾਡਾ ਦਿਮਾਗ ਪੂਰੀ ਇਕਾਗਰਤਾ ਦੇ ਨਾਲ ਵਾਪਸ ਉਸੇ ਅਵਸਥਾ ਵਿਚ ਮੁੜ ਆਉਂਦਾ ਹੈ, ਜਿਵੇਂ ਕਿ ਉਹ ਪਹਿਲਾਂ ਸੀ। ਯਾਨਿ ਪਲਕ ਝਪਕਣ ਨਾਲ ਸਾਡਾ ਦਿਮਾਗ ਵਾਰ-ਵਾਰ ਤਰੋ-ਤਾਜ਼ਾ ਹੁੰਦਾ ਰਹਿੰਦਾ ਹੈ ਅਤੇ ਸਾਡੀਆਂ ਅੱਖਾਂ ਕਿਸੇ ਵੀ ਚੀਜ਼ ਨੂੰ ਜ਼ਿਆਦਾ ਚੰਗੇ ਤਰੀਕੇ ਨਾਲ ਦੇਖ ਪਾਉਂਦੀਆਂ ਹਨ।

# ਗਾਲੀਆਂ ਦੇਣ ਨਾਲ ਹੋਵੇਗਾ ਫਾਇਦਾ?

ਹਾਲਾਂਕਿ ਕੋਈ ਵਿਅਕਤੀ ਸਭ ਦੇ ਸਾਹਮਣੇ ਗਾਲਾਂ ਕੱਢੇ ਤਾਂ ਲੋਕ ਉਸਨੂੰ ਅਸਭਿਆ ਅਤੇ ਖਰਾਬ ਇਨਸਾਨ ਸਮਝਦੇ ਹਨ। ਫਿਰ ਵੀ ਕਦੀ-ਕਦਾਈ ਸਾਡੇ ਵਿਚੋਂ ਜ਼ਿਆਦਾਤਰ ਲੋਕ ਗੱਲ-ਗੱਲ ਤੇ ਗਾਲੀਆਂ ਦਿੰਦੇ ਹਨ। ਆਫਿਸ ਤੋਂ ਨਿਕਲਣ ਵਿਚ ਦੇਰੀ ਹੋ ਜਾਵੇ ਤਾਂ ਗਾਲੀ, ਗੱਡੀ ਡ੍ਰਾਈਵ ਕਰਦੇ ਵਕਤ ਅਚਾਨਕ ਸਾਹਮਣੇ ਕੋਈ ਆ ਜਾਵੇ ਤਾਂ ਗਾਲੀ, ਇੱਥੋਂ ਤੱਕ ਕਿ ਅਚਾਨਕ ਕੋਈ ਖੁਸ਼ਖਬਰੀ ਮਿਲ ਜਾਵੇ ਤਾਂ ਵੀ ਕੁਝ ਲੋਕਾਂ ਦੇ ਮੂੰਹ ਤੋਂ ਗਾਲੀ ਨਿਕਲਦੀ ਹੈ। ਬੇਸ਼ੱਕ ਹੀ ਆਸ-ਪਾਸ ਮੌਜੂਦ ਲੋਕ ਗੱਲ-ਗੱਲ ਤੇ ਗਾਲੀ ਦੇਣ ਦੀ ਆਦਤ ਨੂੰ ਬਹੁਤ ਖਰਾਬ



ਮੰਨਣ ਪਰ ਵਿਗਿਆਨਕ ਦੱਸਦੇ ਹਨ ਕਿ ਗਾਲੀ ਦੇਣ ਨਾਲ ਵਿਅਕਤੀ ਦੇ ਦਿਲ ਨੂੰ ਕਾਫੀ ਸਕੂਨ ਮਿਲਦਾ ਹੈ ਅਤੇ ਆਉਣ ਵਾਲੀਆਂ ਮੁਸ਼ਕਿਲਾਂ ਨੂੰ ਉਹ ਆਸਾਨੀ ਨਾਲ ਸਹਿਣ ਕਰਨ ਲਈ ਤਿਆਰ ਹੋ ਜਾਂਦਾ ਹੈ।

ਇੰਗਲੈਂਡ ਦੀ ਕੀਲੇ ਯੂਨੀਵਰਸਿਟੀ ਵਿਚ ਸਾਲ 2009 ਵਿਚ ਇਕ ਅਜਿਹੀ ਸਮਾਜਿਕ ਖੋਜ ਹੋਈ ਸੀ, ਜਿਸ ਵਿਚ ਗਾਲੀ ਦੇਣ ਦੀ ਆਦਤ ਵਾਲੇ ਬਹੁਤ ਸਾਰੇ ਲੋਕਾਂ ਨੂੰ ਸ਼ਾਮਲ ਕੀਤਾ ਗਿਆ।

ਕੁਝ ਦਿਨ ਦੀ ਰਿਸਰਚ ਅਤੇ ਨਿਗਰਾਨੀ ਤੋਂ ਬਾਅਦ ਜੋ ਨਤੀਜਾ ਆਇਆ, ਉਹ ਦੱਸਦਾ ਹੈ ਕਿ ਗਾਲੀ ਦੇਣ ਨਾਲ ਕਿਸੇ ਵੀ ਵਿਅਕਤੀ ਨੂੰ ਆਉਣ ਵਾਲੀ ਕਿਸੇ ਵੀ ਸਮੱਸਿਆ ਜਾਂ ਮੁਸੀਬਤ ਨੂੰ ਸਹਿਣ ਕਰਨ ਲ ਅਤੇ ਉਸ ਨਾਲ ਲੜਨ ਦੀ ਮਾਨਸਿਕ ਤੌਰ ਤੇ ਹਿੰਮਤ ਅਤੇ ਤਾਕਤ ਮਿਲਦੀ ਹੈ। ਜਾਂ ਇਸ ਤਰ੍ਹਾਂ ਕਹੋ ਕਿ ਜਦੋਂ ਇਕ ਇਨਸਾਨ ਨੂੰ ਆਉਣ ਵਾਲੀ ਕਿਸੇ ਦਿੱਕਤ ਦੇ ਬਾਰੇ ਪਤਾ ਲੱਗਦਾ ਹੈ ਅਤੇ ਜੇਕਰ ਇਹ ਸੁਣ ਕੇ ਉਸਦੇ ਮੂੰਹ ਤੋਂ ਗਾਲੀ ਨਿਕਲ ਪਵੇ ਤਾਂ ਅਜਿਹਾ ਕਰਕੇ ਉਹ ਅਣਜਾਣੇ ਵਿਚ ਆਪਣੇ ਦਿਲ-ਦਿਮਾਗ ਨੂੰ ਉਸਦੇ ਲਈ ਤਿਆਰ ਕਰ ਲੈਂਦਾ ਹੈ।

# ਕਿਵੇਂ ਪਿਆ ਨਿਊਜ਼ੀਲੈਂਡ ਵਿਚ ਕਹਿਰ ਮਚਾ ਗਏ ਤੂਫਾਨੀ ਚੱਕਰਵਾਰਤ ਗੀਤਾ ਅਤੇ ਬਾਕੀ ਤੂਫਾਨਾਂ ਦਾ ਨਾਂ

ਸਭ ਤੋਂ ਪਹਿਲਾਂ ਜਾਣ ਲਓ ਕਿ ਚੱਕਰਵਾਤ ਗੀਤਾ ਵਰਗੇ ਤੂਫਾਨਾਂ ਦੇ ਨਾਂ ਇਕ ਸਮਝੌਤੇ ਦੇ ਤਹਿਤ ਰੱਖਿਆ ਜਾਂਦਾ ਹੈ। ਇਸ ਪਹਿਲ ਦੀ ਸ਼ੁਰੂਆਤ ਅਟਲ-ਾਂਟਿਕ ਖੇਤਰ ਵਿਚ 1953 ਵਿਚ ਇਕ ਸੰਧੀ ਦੇ ਜ਼ਰੀਏ ਹੋਈ ਸੀ। ਅਟਲਾਂਟਿਕ ਖੇਤਰ ਵਿਚ ਹਰੀਕੇਨ ਅਤੇ ਚੱਕਰਵਾਤ ਦਾ ਨਾਂਦੇਣ ਦੀ ਪ੍ਰੰਪਰਾ 1953 ਤੋਂ ਹੀ ਜਾਰੀ ਹੈ ਜੋ ਮਿਆਮੀ ਸਥਿਤ ਨੈਸ਼ਨਲ ਹਰੀਕੇਨ ਸੈਂਟਰ ਦੀ ਪਹਿਲ ਤੇ ਆਰੰਭ ਕੀਤੀ ਗਈ ਸੀ। 1953 ਤੋਂ ਅਮਰੀਕਾ ਕੇਵਲ ਔਰਤਾਂ ਦੇ ਨਾਂ ਤੇ ਅਤੇ ਆਸਟ੍ਰੇਲੀਆ ਕੇਵਲ ਭ੍ਰਿਸ਼ਟ ਨੇਤਾਵਾਂ ਦੇ ਨਾਂ ਤੇ ਤੂਫਾਨਾਂ ਦਾ ਨਾਂ ਰੱਖਦਾ ਸੀ ਪਰ 1979 ਤੋਂ ਬਾਅਦ ਇਕ ਪੁਰਸ਼ ਅਤੇ ਫਿਰ ਇਕ ਔਰਤ ਨਾਂ ਰੱਖਿਆ ਜਾਂਦਾ ਹੈ।



ਹਿੰਦ ਮਹਾਸਾਗਰ ਖੇਤਰ ਵਿਚ ਇਹ ਵਿਵਸਥਾ ਸਾਲ 2004 ਤੋਂ ਆਰੰਭ ਹੋਈ, ਜਦੋਂ ਭਾਰਤ ਦੀ ਪਹਿਲ 'ਤੇ 6 ਤਟੀ ਦੇਸ਼ਾਂ ਨੇ ਇਸਨੂੰ ਲੈ ਕੇ ਸਮਝੌਤਾ ਕੀਤਾ। ਇਹਨਾਂ ਦੇਸ਼ਾਂ ਵਿਚ ਭਾਰਤ, ਬੰਗਲਾਦੇਸ਼, ਪਾਕਿ-ਸਤਾਨ, ਮਾਇਆਂਮਾਰ, ਮਾਲਦੀਵ, ਸ਼੍ਰੀਲੰਕਾ, ਓਮਾਨ ਅਤੇ ਥਾਈਲੈਂਡ ਸ਼ਾਮਲ ਹਨ। ਅੰ-ਗਰੇਜ਼ੀ ਵਰਣਮਾਲਾ ਦੇ ਮੁਤਾਬਕ ਮੈਂਬਰ ਦੇਸ਼ਾਂ ਦੇ ਨਾਂ ਦੇ ਪਹਿਲੇ ਅੱਖਰ ਦੇ ਮੁਤਾਬਕ ਇਯਦੀ ਲੜੀ ਤਹਿ ਕੀਤੀ ਗਈ ਹੈ। ਜਿਵੇਂ ਹੀ ਚੱਕਰਵਾਤ ਅੱਜ ਦੇਸ਼ਾਂ ਦੇ ਕਿਸੇ ਹਿੱਸੇ ਵਿਚ ਪਹੁੰਚਦਾ ਹੈ, ਸੂਚੀ ਵਿਚ ਮੌਜੂਦ ਅਲੱਗ ਇਸ ਚੱਕਰਵਾਤ ਦਾ ਨਾਂ ਰੱਖ ਦਿੱਤਾ ਜਾਂਦਾ ਹੈ। ਇਸ ਨਾਲ ਤੂਫਾਨ ਦੀ ਨਾ ਕੇਵਲ ਆਸਾਨੀ ਨਾਲ ਪਛਾਣ ਹੋ ਜਾਂਦੀ ਹੈ, ਬਲਕਿ ਬਚਾਅ ਮੁਹਿੰਮਾਂ ਵਿਚ ਵੀ ਇਸ ਨਾਲ ਮਦਦ ਮਿਲਦੀ ਹੈ। ਕਿਸੇ ਵੀ ਨਾਂ ਨੂੰ ਦੁਹਰਾਇਆ ਨਹੀਂ ਜਾਂਦਾ। ਹੁਣ ਤੱਕ ਚੱਕਰਵਾਤ ਦੇ ਕਰੀਬ 64 ਨਾਵਾਂ ਨੂੰ ਸੂਚੀਬੱਧ ਕੀਤਾ ਜਾ ਚੁੱਕਾ ਹੈ। ਕੁਝ ਸਮਾਂ ਪਹਿਲਾਂ ਜਦੋਂ ਲੜੀ ਦੇ ਮੁਤਾਬਕ ਭਾਰਤ ਦੀ ਵਾਰੀ ਸੀ ਤਾਂ ਅਜਿਹੇ ਹੀ ਇਕ ਤੂਫਾਨ ਦਾ ਨਾਂ ਭਾਰਤ ਵੱਲੋਂ ਸੁਝਾਏ ਗਏਨਾਵਾਂ ਵਿਚੋਂ ਇਕ 'ਲਹਿਰ' ਰੱਖਿਆ ਗਿਆ ਸੀ।

# "ਬਦਲਦੇ ਚਿਹਰੇ"

ਦੁਨੀਆ ਦੇਖੀ ਮੈਂ ਤੇ ਇਹਦੇ ਲੋਕ ਵੀ ਦੇਖੇ ਨੇ,
ਹੱਸਦੇ ਚਿਹਰੇ ਬੜਾ ਹੀ ਚੰਗਾ ਬੋਲਦੇ ਨੇ।
ਇਹ ਸਹੀ ਹੈ ਉਹ ਸਹੀ ਹੈ,
ਸਾਡੇ ਨਾਅਰੇ ਲਾਉਦੇ ਆ।
ਪਤਾ ਨੀ ਫੇਰ ਕਿਹੜੀ ਗੱਲੋ
ਉਹ ਸਹੀ ਕੰਮ ਕਰਨੋ ਘਬਰਾਉਦੇ ਆ,
ਹੇ ਜ਼ਿੰਦਗੀ। ਬਹੁਤਾ ਮਾਣ ਨਾ ਕਰ,
ਅਜੇ ਇਸ ਦੁਨੀਆ ਦੇ ਬਹੁਤ ਚਿਹਰੇ ਦੇਖਣੇ ਬਾਕੀ ਨੇ।
ਕਿਹੜੇ ਤੇਰੇ ਆਪਣੇ ਬਗਾਨੇ ਨੇ,
ਇਹ ਫਰਕ ਦੇਖਣੇ ਬਾਕੀ ਨੇ।
ਦੁਨੀਆ ਤਾਂ ਇੱਕ ਚਲਦਾ ਫਿਰਦਾ ਮੇਲਾ ਐ,
ਅਜੇ ਇਸਦੇ ਕਈ ਤਮ;ਸ਼ੇ ਦੇਖਣੇ ਬਾਕੀ ਨੇ।
ਮਦਾਰੀ ਹੈ ਪੈਸਾ ਤੇ ਹੰਕਾਰ,
ਤੇ ਬਾਂਦਰ ਹੈ ਇਹ ਬੁੱਧੀਮਾਨ ਕਹਾਉਣ ਵਾਲਾ ਮਨੁੱਖ।
ਕੀ-ਕੀ ਨਾਚ ਨਚਾਉਦਾ ਇਹ ਮਦਾਰੀ ਇਸ ਬਾਂਦਰ ਨੂੰ,
ਇਹ ਨਾਚ ਦੇਖਣੇ ਬਾਕੀ ਨੇ।
ਬੁਰਾ ਨਾ ਮਨਾ ਮੋਨਿਕਾ,
ਇਸ ਦੁਨੀਆ ਦੇ ਅਜੇ
ਕਈ ਚਿਹਰੇ ਦੇਖਣੇ ਬਾਕੀ ਨੇ।
ਕਿਹੜੇ ਤੇਰੇ ਆਪਣੇ ਤੇ ਕਿਹੜੇ ਬਗਾਨੇ ਨੇ,
ਇਹ ਫਰਕ ਦੇਖਣੇ ਬਾਕੀ ਨੇ।

**- ਮੋਨਿਕਾ ਰਤਨ, ਧਨੌਲਾ ਮੰਡੀ**
**94634-25800**
**ਰਾਹੀਂ ਸੰਜੀਵ ਗਰਗ ਕਾਲੀ**

# ਭਾਰਤ ਤੇ ਪਾਕਿਸਤਾਨ ਦਾ ਰਿਸ਼ਤਾ ਸੁਧਾਰ ਦੀ ਥਾਂ ਮੁੜ ਨਿਘਾਰ

ਭਾਰਤ ਤੇ ਪਾਕਿਸਤਾਨ ਦਾ ਰਿਸ਼ਤਾ ਅਜੀਬ ਹੈ। ਜਦੋਂ ਇਹ ਜਾਪਣ ਲੱਗਦਾ ਹੈ ਕਿ ਦੋਵਾਂ ਦੇਸ਼ਾਂ ਦਰਮਿਆਨ ਸਬੰਧਾਂ ਵਿੱਚ ਕੋਈ ਸੁਖਾਵਾਂ ਮੋੜ ਆਉਣ ਵਾਲਾ ਹੈ ਤਾਂ ਅਜਿਹੀ ਉਮੀਦ ਨੂੰ ਨਾਉਮੀਦੀ ਵਿੱਚ ਬਦਲਣ ਵਾਲਾ ਨਵਾਂ ਘਟਨਾਕ੍ਰਮ ਵਾਪਰ ਜਾਂਦਾ ਹੈ। ਪਿਛਲੇ ਕੁਝ ਦਿਨਾਂ ਤੋਂ ਦੁਵੱਲੇ ਸਬੰਧਾਂ ਵਿੱਚ ਸੁਧਾਰ ਵਾਲਾ ਮਾਹੌਲ ਬਣਦਾ ਜਾ ਰਿਹਾ ਸੀ। ਵਿਸ਼ਵ ਵਪਾਰ ਸੰਸਥਾ (ਡਬਲਿਊਟੀਓ) ਦੇ ਮੈਂਬਰ ਦੇਸ਼ਾਂ ਦੇ ਵਣਜ ਮੰਤਰੀਆਂ ਦੀ ਇਸੇ ਮਹੀਨੇ ਨਵੀਂ ਦਿੱਲੀ ਵਿੱਚ ਹੋਣ ਵਾਲੀ ਵਾਰਤਾ ਲਈ ਪਾਕਿਸਤਾਨੀ ਵਣਜ ਮੰਤਰੀ ਨੂੰ ਵੀ ਭਾਰਤ ਵੱਲੋਂ ਸੱਦਾ ਦਿੱਤੇ ਜਾਣ ਤੇ ਇਹ ਸੱਦਾ ਪ੍ਰਵਾਨ ਕਰ ਲਏ ਜਾਣ ਅਤੇ ਦੋਵਾਂ ਦੇਸ਼ਾਂ ਵੱਲੋਂ ਬਾਲ, ਬਿਰਧ, ਲਾਚਾਰ ਤੇ ਮਹਿਲਾ ਕੈਦੀਆਂ ਦੇ ਤਬਾਦਲੇ ਲਈ ਸਹਿਮਤੀ ਨੂੰ ਕੂਟਨੀਤਕ ਪੱਖੋਂ ਸੁਖਾਵੀਆਂ ਪੇਸ਼ਕਦਮੀਆਂ ਵਜੋਂ ਦੇਖਿਆ ਜਾ ਰਿਹਾ ਸੀ। ਦੋਵਾਂ ਦੇਸ਼ਾਂ ਦੇ ਮੀਡੀਆ ਨੇ ਵੀ ਇਨ੍ਹਾਂ ਪੇਸ਼ਕਦਮੀਆਂ ਨੂੰ ਹਾਂ-ਪੱਖੀ ਹੁੰਗਾਰਾ ਦਿੱਤਾ ਸੀ। ਅਜਿਹੇ ਮਾਹੌਲ ਵਿੱਚ ਹੁਣ ਅਚਨਚੇਤੀ ਦੋਵਾਂ ਦੇਸ਼ਾਂ ਵੱਲੋਂ ਇੱਕ-ਦੂਜੇ ਉੱਤੇ ਡਿਪਲੋਮੈਟਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਜਿੱਚ ਕਰਨ ਦੀਆਂ ਖ਼ਬਰਾਂ ਨੇ ਕੁਝ ਚੰਗਾ ਵਾਪਰਨ ਦੀਆਂ ਉਮੀਦਾਂ ਉੱਤੇ ਫਿਰ ਪਾਣੀ ਫੇਰ ਦਿੱਤਾ ਹੈ। ਐਤਵਾਰ ਨੂੰ ਪਾਕਿਸਤਾਨ ਨੇ ਇਹ ਦੋਸ਼ ਲਾਉਂਦਿਆਂ ਕਿ ਭਾਰਤ ਵਿੱਚ ਪਾਕਿਸਤਾਨੀ ਡਿਪਲੋਮੈਟਾਂ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਡਰਾਇਆ-ਧਮਕਾਇਆ ਜਾ ਰਿਹਾ ਹੈ, ਧਮਕੀ ਦੇ ਦਿੱਤੀ ਕਿ ਜੇ ਇਹ ਅਮਲ ਬੰਦ ਨਾ ਹੋਇਆ ਤਾਂ ਸਫ਼ਾਰਤੀ ਅਮਲੇ ਦੇ ਮੈਂਬਰ ਤੇ ਉਨ੍ਹਾਂ ਦੇ ਪਰਿਵਾਰ ਵਾਪਸ ਬੁਲਾ ਲਏ ਜਾਣਗੇ। ਮੀਡੀਆ ਰਿਪੋਰਟਾਂ ਅਨੁਸਾਰ ਪਾਕਿਸਤਾਨੀ ਹਾਈ ਕਮਿਸ਼ਨ ਨੇ ਸ਼ੁੱਕਰ ਤੇ ਸ਼ਨਿਚਰਵਾਰ ਨੂੰ ਭਾਰਤੀ ਵਿਦੇਸ਼ ਸਕੱਤਰ ਨੂੰ ਭੇਜੇ ਦੋ ਵੱਖ ਵੱਖ ਸ਼ਿਕਾਇਤ ਪੱਤਰਾਂ ਵਿੱਚ 18 ਘਟਨਾਵਾਂ, ਖ਼ਾਸ ਤੌਰ 'ਤੇ 8 ਮਾਰਚ ਨੂੰ ਵਾਪਰੀਆਂ ਘਟਨਾਵਾਂ ਦਾ ਜ਼ਿਕਰ ਕੀਤਾ ਸੀ ਜਿਨ੍ਹਾਂ ਦਾ ਸਬੰਧ ਪਾਕਿਸਤਾਨ ਦੇ ਡਿਪਟੀ ਹਾਈ ਕਮਿਸ਼ਨਰ ਦੇ ਬੱਚਿਆਂ ਨੂੰ ਸਕੂਲ ਲਿਜਾ ਰਹੀ ਗੱਡੀ ਦਾ ਰਾਹ ਦੋ ਕਾਰਾਂ ਵੱਲੋਂ ਵਾਰ ਵਾਰ ਰੋਕੇ ਜਾਣ ਤੇ ਗੱਡੀ ਦੇ ਚਾਲਕ ਨੂੰ ਡਰਾਏ-ਧਮਕਾਏ ਜਾਣ ਦਾ ਜ਼ਿਕਰ ਸੀ। ਜਵਾਬ ਵਿੱਚ ਭਾਰਤ ਦਾ ਪੱਖ ਇਹ ਰਿਹਾ ਕਿ ਇਸਲਾਮਾਬਾਦ ਵਿੱਚ ਭਾਰਤੀ ਹਾਈ ਕਮਿਸ਼ਨ ਦੇ ਅਮਲੇ, ਖ਼ਾਸ ਕਰਕੇ ਪਰਿਵਾਰਾਂ ਨੂੰ ਪਰੇਸ਼ਾਨ ਕੀਤੇ ਜਾਣ ਦੀਆਂ ਘਟਨਾਵਾਂ ਆਮ ਵਾਪਰਦੀਆਂ ਰਹੀਆਂ ਹਨ। 16 ਫਰਵਰੀ ਨੂੰ ਆਈਐੱਸਆਈ ਨੇ ਭਾਰਤੀ ਡਿਪਲੋਮੈਟਾਂ ਦੀ ਰਿਹਾਇਸ਼ ਲਈ ਉਸਾਰੇ ਜਾ ਰਹੇ ਕੰਪਲੈਕਸ ਉੱਤੇ ਛਾਪਾ ਮਾਰਿਆ ਸੀ ਅਤੇ ਬਿਜਲੀ ਤੇ ਜਲ ਸਪਲਾਈ ਦੇ ਕੁਨੈਕਸ਼ਨ ਕੱਟ ਦਿੱਤੇ ਸਨ। ਭਾਰਤੀ ਹਾਈ ਕਮਿਸ਼ਨਰ ਅਜਯ ਬਿਸਾਰੀਆ ਨੇ ਇਹ ਮਾਮਲਾ ਤੇ ਹੋਰ 'ਜ਼ਿਆਦਤੀਆਂ' ਪਾਕਿਸਤਾਨੀ ਵਿਦੇਸ਼ ਸਕੱਤਰ ਤਹਿਮੀਨਾ ਜੰਜੂਆ ਦੇ ਧਿਆਨ ਵਿੱਚ ਲਿਆਂਦੀਆਂ, ਪਰ ਮੀਟਿੰਗ ਤੋਂ ਦੋ ਹਫ਼ਤੇ ਬਾਅਦ ਵੀ ਬਿਜਲੀ ਸਪਲਾਈ ਬਹਾਲ ਨਹੀਂ ਸੀ ਕੀਤੀ ਗਈ। ਦੋਵਾਂ ਦੇਸ਼ਾਂ ਦਰਮਿਆਨ ਇਸ ਕਿਸਮ ਦੀ ਦੂਸ਼ਣਬਾਜ਼ੀ, ਸਬੰਧਾਂ ਨੂੰ ਸੁਖਾਵਾਂ ਮੋੜ ਦੇਣ ਵਿੱਚ ਸਾਜ਼ਗਾਰ ਨਹੀਂ ਹੋ ਸਕਦੀ। ਸਫ਼ਾਰਤੀ ਅਮਲੇ ਨੂੰ ਪ੍ਰੇਸ਼ਾਨ ਕਰਨਾ ਜਨੇਵਾ ਸਮਝੌਤੇ ਤੇ ਹੋਰ ਕੌਮਾਂਤਰੀ ਅਹਿਦਾਂ ਦੀ ਉਲੰਘਣਾ ਹੈ। ਉਂਜ ਵੀ, ਇਹ ਘਟਨਾਵਾਂ ਅਮਰੀਕੀ ਤੇ ਸੋਵੀਅਤ ਬਲਾਕਾਂ ਦਰਮਿਆਨ ਠੰਢੀ ਜੰਗ ਦੇ ਦਿਨਾਂ ਦੀ ਯਾਦ ਦਿਵਾਉਂਦੀਆਂ ਹਨ ਜਦੋਂ ਦੋਵਾਂ ਬਲਾਕਾਂ ਵੱਲੋਂ ਇੱਕ-ਦੂਜੇ ਦੇ ਡਿਪਲੋਮੈਟਾਂ ਨੂੰ ਤੰਗ-ਪ੍ਰੇਸ਼ਾਨ ਕਰਨਾ, ਅਤੇ ਕਈ ਵਾਰ ਕੁੱਟਮਾਰ ਕਰਨਾ ਆਮ ਹੀ ਸੀ।

# ਟਰੰਪ ਦੇ ਇਕ ਫੈਸਲੇ ਨਾਲ ਦੁਨੀਆਂ ਵਿਚ ਹੰਗਾਮਾ

(ਸਫਾ 4 ਦੀ ਬਾਕੀ)

ਇਕ ਖੁਦਾਈ ਦੇ ਦੌਰਾਨ ਆਰਕਿਆਲਾਜਿਸ ਟੀਮ ਨੂੰ ਮਿਲੀ ਸੀ। ਸਾਰੇ ਉਸ ਘੜੇ ਨੂੰ ਦੇਖ ਕੇ ਹੈਰਾਨ ਰਹਿ ਗਏ। ਕਲੇਅ ਨਾਲ ਬਣਿਆ ਇਹ ਘੜਾ ਕਰੀਬ 8 ਹਜ਼ਾਰ ਸਾਲ ਪੁਰਾਣਾ ਸੀ। ਜਦੋਂ ਉਹਨਾਂ ਨੇ ਘੜੇ ਨੂੰ ਖੋਲ੍ਹ ਕੇ ਦੇਖਿਆ ਤਾਂ ਉਸਦੇ ਅੰਦਰੋਂ ਜੋ ਨਿਕਲਿਆ, ਉਸ ਨੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ। ਦਰਅਸਲ ਘੜੇ ਦੇ ਅੰਦਰ ਕੁਝ ਬੀਜ ਸਨ। ਜਦੋਂ ਆਰਕਿਆਲਾਜਿਸਟਾਂ ਨੇ ਉਹਨਾਂ ਬੀਜਾਂ ਨੂੰ ਜ਼ਮੀਨ ਤੇ ਬੀਜਿਆ ਤਾਂ ਕੁਝ ਵਕਤ ਬਾਅਦ ਉਹਨਾਂ ਤੋਂ ਜੋ ਪੌਦੇ ਨਿਕਲੇ, ਉਹ ਲੁਪਤ ਹੋ ਚੁੱਕੇ ਸਕਵਾਸ਼ ਦੀ ਪ੍ਰਜਾਤੀ ਦੇ ਨਿਕਲੇ। ਆਰਕਿਆਲਾਜਿਸਟਾਂ ਦੇ ਨਾਲ ਸਾਇੰਸਦਾਨ ਵੀ ਹੈਰਾਨ ਹੋ ਗਏ ਕਿ ਕਿਵੇਂ ਇਕ ਘੜੇ ਦੇ ਅੰਦਰ 8 ਹਜ਼ਾਰ ਸਾਲ ਬੰਦ ਰਹੇ ਬੀਜਾਂ ਨੇ ਗਾਇਬ ਹੋ ਚੁੱਕੇ ਫਲ ਨੂੰ ਫਿਰ ਤੋਂ ਜਿੰਦਾ ਕਰ ਦਿੱਤਾ।

ਦੁਨੀਆਂ ਦੀਆਂ ਪੁਰਾਣੀਆਂ ਸਭਿਆਤਾਵਾਂ ਵਿਚੋਂ ਇਕ ਭਾਰਤੀ ਜਾਂ ਸਿੰਧ ਘਾਟੀ ਦੀ ਸਭਿਅਤਾ ਵੀ ਮੰਨੀ ਜਾਂਦੀ ਹੈ ਪਰ ਇਸ ਸਭਿਅਤਾ ਦੇ ਜੋ ਖੰਡਰ ਅੱਜ ਮਿਲਦੇ ਹਨ, ਉਹਨਾਂ ਨੂੰ ਦੇਖ ਕੇ ਅਜਿਹਾ ਹੀ ਲੱਗਦਾ ਹੈ ਕਿ ਭਾਰਤੀ ਸਮਾਜ ਦੁਨੀਆਂ ਦਾ ਇੰਨਾ ਪੁਰਾਣਾ ਸਮਾਜ ਹੈ, ਜਿਸ ਕੋਲ ਅੱਜ ਦੁਨੀਆਂ ਦੀ ਬਿਹਤਰੀਨ ਤਕਨੀਕ ਅਤੇ ਗਿਆਨ ਹੋਣਾ ਚਾਹੀਦਾ ਸੀ ਪਰ ਅਜਿਹਾ ਕਿਉਂ ਨਹੀਂ ਹੋ ਸਕਿਆ। ਅਸਲ ਵਿਚ ਭਾਰਤੀ ਸਭਿਅਤਾ ਵਿਦੇਸ਼ੀ ਹਮਲਿਆਂ ਦਾ ਸ਼ਿਕਾਰ ਰਹੀ ਹੈ, ਜਿਸ ਕਾਰਨ ਇਸ ਸਭਿਅਤਾ ਦਾ ਸਾਰਾ ਗਿਆਨ, ਤਜਰਬੇ ਬਿੱਖਰ ਗਏ ਹਨ।ਇਹੀ ਕਾਰਨ ਹੈ ਕਿ ਭਾਰਤ ਵਿਚ ਵੀ ਧਨ-ਦੌਲਤ ਅਤੇ ਹੋਰ ਕੀਮਤੀ ਵਸਤਾਂ ਬਚਾਉਣ ਲਈ ਜ਼ਮੀਨ ਦਾ ਸਹਾਰਾ ਲਿਆ ਜਾਂਦਾ ਰਿਹਾ ਹੈ। ਅਜਿਹਾ ਹੀ ਕੁਝ ਉਸ ਸਭਿਅਤਾ ਨਾਲ ਵੀ ਹੋਇਆ ਹੋਵੇਗਾ, ਜਿਸ ਨੇ ਬੀਜ ਬਚਾਉਣ ਲਈ ਜ਼ਮੀਨ ਦਾ ਸਹਾਰਾ ਲਿਆ।ਪਰ ਹੁਣ ਦੀ ਆਧੁਨਿਕ ਕਹੀ ਜਾਂਦੀ ਸਭਿਅਤਾ ਇਸ ਜ਼ਮੀਨ ਦੀ ਅਹਿਮੀਅਤ ਤੋਂ ਅਣਜਾਣ ਹੈ ਅਤੇ ਜ਼ਮੀਨ ਅਤੇ ਜ਼ਮੀਨ ਨਾਲ ਜੁੜੇ ਵਾਤਾਵਰਣ ਨੂੰ ਬਚਾਉਣ ਤੋਂ ਅਣਜਾਣ ਹੁੰਦੀ ਜਾ ਰਹੀ ਹੈ।

# ਸਿੱਖ ਸੁਭਾਅ ਦਾ ਹਿੱਸਾ ਨਹੀ ਵੱਖਵਾਦੀ ਸਿਆਸਤ

(ਸਫਾ 4 ਦੀ ਬਾਕੀ)

ਹਰਜੀਤ ਸਿੰਘ ਸੱਜਣ ਦੇ ਹਵਾਲੇ ਨਾਲ ਲਿਆ ਸੀ, ਉਹ ਸਿੱਖ ਸਿਆਸਤ ਵਿਚ ਖਾਲਿਸਤਾਨੀ ਦਖ਼ਲ ਦੀ ਭੂਮਿਕਾ ਨੂੰ ਸਮਝਣ ਵਾਸਤੇ ਕਿੰਨਾ ਅਹਿਮ ਸੀ। ਇਸੇ ਨੂੰ ਨਾਲ ਲੈ ਕੇ ਕੈਪਟਨ ਦੀ ਮੀਟਿੰਗ ਕੈਨੇਡੀਅਨ ਪ੍ਰਧਾਨ ਮੰਤਰੀ ਨਾਲ ਹੋਈ ਸੀ ਅਤੇ ਸੱਜਣ ਵੀ ਉਸ ਦਾ ਹਿੱਸਾ ਸਨ। ਇਸੇ ਦੀ ਲਗਾਤਾਰਤਾ ਵਿਚ ਕੈਨੇਡੀਅਨ ਪਾਰਲੀਮੈਂਟ ਵਿਚ ਕੰਜ਼ਰਵੇਟਿਵ ਪਾਰਟੀ ਵਲੋਂ ਮਤਾ ਲਿਆਂਦਾ ਗਿਆ ਹੈ ਕਿ ਕੈਨੇਡਾ ਜਿਵੇਂ ਭਾਰਤ ਵਿਰੋਧੀ ਨਹੀਂ, ਉਸੇ ਤਰ੍ਹਾਂ ਖਾਲਿਸਤਾਨ ਹਮਾਇਤੀ ਵੀ ਨਹੀਂ ਹੈ।

ਖਾਲਿਸਤਾਨੀ ਸਿਆਸਤ ਦੇ ਹਵਾਲੇ ਨਾਲ ਇਹ ਕਹਿਣਾ ਕੁਥਾਂ ਨਹੀਂ ਹੋਵੇਗਾ ਕਿ ਧਰਮਾਂ ਦੇ ਪ੍ਰਸੰਗ ਵਿਚ ਸਿੱਖ ਧਰਮ ਸਦਾ ਹੀ ਲੋਕਤੰਤਰੀ ਕੀਮਤਾਂ ਦਾ ਮੁਦਈ ਰਿਹਾ ਹੈ। ਇਸ ਦੇ ਬਾਵਜੂਦ ਇਹ ਮੰਨ ਲੈਣਾ ਚਾਹੀਦਾ ਹੈ ਕਿ ਲੋਕਤੰਤਰ ਵਿਚੋਂ ਸ਼ੈਤਾਨੀਅਤ ਦੀ ਘੁਸਪੈਠ ਨੂੰ ਨਹੀਂ ਰੋਕਿਆ ਜਾ ਸਕਦਾ। ਸਿੱਖ ਬਹੁਗਿਣਤੀ, ਖਾਲਿਸਤਾਨ ਬਾਰੇ ਕੁਝ ਨਹੀਂ ਜਾਣਦੀ; ਅਤੇ ਜਿਹੜੇ ਜਾਣਦੇ ਹਨ, ਉਨ੍ਹਾਂ ਵਿਚੋਂ ਖਾਲਿਸਤਾਨੀਆਂ ਦੀ ਗਿਣਤੀ ਬਹੁਤ ਨਿਗੂਣੀ ਜਿਹੀ ਹੈ। ਇਸ ਹਾਲਤ ਵਿਚ ਖਾਲਿਸਤਾਨੀ ਮੁੱਦਾ ਜੇ ਜਿਊਂਦਾ ਵੀ ਰਹੇ ਤਾਂ ਵੀ ਇਸ ਨੂੰ ਸਿੱਖ ਮੁੱਦੇ ਵਜੋਂ ਮਾਨਤਾ ਨਹੀਂ ਮਿਲ ਸਕਦੀ। ਇਸ ਸਥਿਤੀ ਵਿਚ ਵੀ ਜੋ ਰਾਇਸ਼ੁਮਾਰੀ (ਰੈਫਰੈਂਡਮ) ਦੀ ਗੱਲ ਕਰਦੇ ਹਨ, ਉਨ੍ਹਾਂ ਦੇ ਧਿਆਨ ਵਿਚ ਰਹਿਣਾ ਚਾਹੀਦਾ ਹੈ ਕਿ ਪੰਜਾਬ ਵਿਚ ਅਜਿਹਾ ਤਿੰਨ ਵਾਰ ਹੁੰਦਾ ਹੈ। ਪਹਿਲਾ ਵਿਧਾਨ ਸਭਾਈ ਚੋਣਾਂ ਵੇਲੇ, ਦੂਜਾ ਪਾਰਲੀਮੈਂਟ ਚੋਣਾਂ ਵੇਲੇ ਅਤੇ ਤੀਜਾ ਸ਼੍ਰੋਮਣੀ ਕਮੇਟੀ ਚੋਣਾਂ ਵੇਲੇ। ਸਿੱਖ ਆਮ ਕਰ ਕੇ, ਤੇ ਪੰਜਾਬੀ ਖਾਸ ਕਰ ਕੇ ਕਿਸੇ ਵੀ ਕਿਸਮ ਦੀ ਵੱਖਵਾਦੀ ਸਿਆਸਤ ਦੇ ਖ਼ਿਲਾਫ਼ ਭੁਗਤਦੇ ਰਹੇ ਹਨ। ਤ੍ਰਾਸਦੀ ਇਹ ਹੈ ਕਿ ਭਾਰਤ ਵਿਚ ਸੱਚ ਦੀ ਵੀ ਸਿਆਸਤ ਹੁੰਦੀ ਰਹੀ ਹੈ ਅਤੇ ਪੰਜਾਬ ਦੀ ਖਾੜਕੂ ਲਹਿਰ ਨੂੰ ਸੰਭਾਲਣ ਦੀ ਥਾਂ ਇਸ ਨੂੰ ਬੇਲਗ਼ਾਮ ਹੋ ਜਾਣ ਵਾਲੇ ਹਾਲਾਤ ਪੈਦਾ ਕੀਤੇ ਜਾਂਦੇ ਰਹੇ ਹਨ। ਇਸ ਬਾਰੇ ਪੁਸਤਕੀ ਹਵਾਲੇ ਮਸਲੇ ਦੀ ਜੜ੍ਹ ਫੜਨ ਦੀ ਥਾਂ 1984 ਦੇ ਸਿੱਖ ਕਤਲੇਆਮ ਵੱਲ ਜਾਂਦੇ ਹਾਲਾਤ ਪੈਦਾ ਕਰਦੇ ਰਹੇ ਸਨ। ਇਸ ਨਾਲ ਸਿੱਖ ਭਾਈਚਾਰੇ ਦੇ ਗਲ ਵਿਚ ਅਜਿਹੇ ਮਸਲੇ ਪੈਂਦੇ ਰਹੇ ਹਨ, ਜਿਨ੍ਹਾਂ ਤੋਂ ਚਾਹੁਣ ਦੇ ਬਾਵਜੂਦ ਬਚਣਾ ਮੁਸ਼ਕਿਲ ਹੁੰਦਾ ਰਿਹਾ ਹੈ।

ਇਸੇ ਦੀਆਂ ਬਹੁਤ ਸਾਰੀਆਂ ਪਰਤਾਂ ਟਰੂਡੋ ਫੇਰੀ ਨਾਲ ਇਕ ਵਾਰ ਫਿਰ ਸਾਹਮਣੇ ਆਉਣ ਲੱਗ ਪਈਆਂ। ਭਾਰਤੀ ਏਜੰਸੀਆਂ ਦੇ ਉਹੀ ਕਾਰਕੁਨ, ਜੋ ਖਾੜਕੂ ਲਹਿਰ ਵੇਲੇ ਸ਼ਹਿ ਦੇਣ ਦੀ ਭੂਮਿਕਾ ਨਿਭਾਉਂਦੇ ਰਹੇ ਸਨ, ਟਰੂਡੋ ਫੇਰੀ ਨੂੰ ਖਾਲਿਸਤਾਨੀ ਸਿਆਸਤ ਵਿਚ ਉਲਝਾਉਣ ਦੀ ਕੋਸ਼ਿਸ਼ ਕਰਦੇ ਰਹੇ ਹਨ। ਇਸ ਦੀ ਸ਼ੁਰੂਆਤ ਭਾਰਤੀ ਮੀਡੀਆ ਵਿਚ 'ਖਾਲਿਸਤਾਨ-2' ਨਾਲ ਕੀਤੀ ਗਈ ਸੀ। ਜਿਹੋ ਜਿਹੀ ਸਿਆਸੀ ਲੜਾਈ ਪਾਕਿਸਤਾਨ ਸਿੱਖਾਂ ਦੇ ਗਲ ਪਾਉਣ ਦੀ ਕੋਸ਼ਿਸ਼ ਕਰਦਾ ਰਹਿੰਦਾ ਹੈ, ਉਸੇ ਤਰ੍ਹਾਂ ਦੀ ਸਿਆਸਤ ਜੇ ਕਿਸੇ ਵੀ ਬਹਾਨੇ ਭਾਰਤੀ ਹੁਕਮਰਾਨ ਕਰ ਰਹੇ ਹੋਣਗੇ ਤਾਂ ਨਿੱਕੀਆਂ ਪ੍ਰਾਪਤੀਆਂ ਲਈ ਵੱਡੇ ਨੁਕਸਾਨ ਕਰ ਰਹੇ ਹੋਣਗੇ। ਹੁਣ ਤਾਂ ਇਹੋ ਜਿਹੇ ਹਵਾਲੇ ਵੀ ਮਿਲਣ ਲੱਗ ਪਏ ਹਨ ਕਿ ਸ਼ਾਂਤਮਈ ਸੰਘਰਸ਼ ਦੀਆਂ ਜਿਹੋ ਜਿਹੀਆਂ ਪੈੜਾਂ ਸਿੱਖਾਂ ਨੇ ਪਾਈਆਂ ਹਨ, ਉਸ ਦੀ ਰੌਸ਼ਨੀ ਵਿਚ ਖਾਲਿਸਤਾਨੀ ਠੱਪੇਬੰਦੀ ਵਾਲੀ ਸਿਆਸਤ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

ਕੈਨੇਡਾ ਵਿਚ ਸਿੱਖਾਂ ਦੀ ਗਿਣਤੀ ਉਸੇ ਤਰ੍ਹਾਂ ਬਹੁਤ ਘੱਟ ਹੈ ਜਿਵੇਂ ਭਾਰਤ ਵਿਚ ਬਹੁਤ ਘੱਟ ਹੈ। ਦੋਹਾਂ ਹੀ ਦੇਸ਼ਾਂ ਦੇ ਲੋਕਤੰਤਰ ਵਿਚ ਸਿੱਖਾਂ ਦੀ ਅਹਿਮ ਭੂਮਿਕਾ ਹੈ। ਇਸ ਦੇ ਕਾਰਨਾਂ ਦੇ ਵਿਸਥਾਰ ਵਿਚ ਜਾਏ ਬਿਨਾਂ ਕਿਹਾ ਜਾ ਸਕਦਾ ਹੈ ਕਿ ਸਿੱਖਾਂ ਨੂੰ ਹਰ ਮੈਦਾਨ ਫਤਹਿ ਕਰਨ ਦੀ ਸਮਰੱਥਾ ਗੁਰੂ ਨੇ ਬਖਸ਼ੀ ਹੋਈ ਹੈ। ਕੈਨੇਡੀਅਨ ਸਿੱਖਾਂ ਦੀ ਸਿਆਸੀ ਭੂਮਿਕਾ ਤੋਂ ਭਾਰਤੀ ਸਿੱਖਾਂ ਨੂੰ ਸਿੱਖਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਵੱਖਵਾਦੀ ਸਿਆਸਤ ਸਿੱਖ ਦੇ ਸੁਭਾਅ ਦਾ ਹਿੱਸਾ ਨਹੀਂ ਹੈ।

# ਸੂਰਜੀ ਊਰਜਾ ਵਿੱਚ ਨਿਵੇਸ਼ ਜਨਤਕ ਖੇਤਰ ਲਈ ਲਾਹੇਵੰਦ

(ਸਫਾ 19 ਦੀ ਬਾਕੀ)

ਪਲਾਂਟ ਲਗਾਉਣ ਦੀ ਤਜਵੀਜ਼ ਨਹੀਂ ਹੈ। ਇਸ ਤੋਂ ਇਲਾਵਾ ਸੈਂਟਰਲ ਇਲੈਕਟਰੀਸਿਟੀ ਅਥਾਰਿਟੀ ਅਨੁਸਾਰ ਸਾਲ 2022 ਤੱਕ 22176 ਮੈਗਾਵਾਟ ਅਤੇ ਸਾਲ 2027 ਤੱਕ ਹੋਰ 25572 ਮੈਗਾਵਾਟ ਦੇ ਕੋਲੇ 'ਤੇ ਆਧਾਰਿਤ ਪੁਰਾਣੇ ਅਤੇ ਮਾੜੀ ਕਾਰਗੁਜ਼ਾਰੀ ਵਾਲੇ ਥਰਮਲ ਪਲਾਂਟ ਬੰਦ ਕਰਨ ਦੀ ਵੀ ਤਜਵੀਜ਼ ਹੈ।

ਭਾਰਤ ਸਰਕਾਰ ਦੇ ਨਵੇਂ ਅਤੇ ਨਵਿਆਉਣਯੋਗ ਊਰਜਾ ਮੰਤਰਾਲਾ ਵੱਲੋਂ ਰਾਜਾਂ ਲਈ ਸਾਲ 2022 ਤੱਕ ਨਵਿਆਉਣਯੋਗ ਊਰਜਾ ਸਰੋਤਾਂ ਤੋਂ ਬਿਜਲੀ ਪੈਦਾ ਕਰਨ ਦੇ ਵੱਖ ਵੱਖ ਟੀਚੇ ਮਿਥੇ ਗਏ ਹਨ। ਪੰਜਾਬ ਲਈ ਸੂਰਜੀ ਊਰਜਾ ਤੋਂ 4772 ਮੈਗਾਵਾਟ ਅਤੇ ਬਾਇਓ-ਮਾਸ ਊਰਜਾ ਤੋਂ 244 ਮੈਗਾਵਾਟ ਬਿਜਲੀ ਪੈਦਾ ਕਰਨ ਦਾ ਟੀਚਾ ਹੈ। ਪੰਜਾਬ ਲਈ ਸਾਲ 2022 ਤੱਕ ਸੂਰਜੀ ਊਰਜਾ ਤੋਂ ਬਿਜਲੀ ਦੀ ਕੁੱਲ ਮੰਗ ਦਾ ਮੌਜੂਦਾ 1.8% ਹਿੱਸੇ ਤੋਂ ਵਧਾ ਕੇ 8.0% ਕਰਨ ਦੀ ਤਜਵੀਜ਼ ਹੈ।

ਬਠਿੰਡਾ ਅਤੇ ਰੋਪੜ ਥਰਮਲ ਪਲਾਂਟ ਬੰਦ ਹੋਣ ਕਾਰਨ ਸਟੇਟ ਸੈਕਟਰ ਦੇ ਪਲਾਂਟਾਂ ਤੋਂ ਬਿਜਲੀ ਪੈਦਾ ਕਰਨ ਦਾ ਹਿੱਸਾ 5% ਤੋਂ ਵੀ ਘੱਟ ਰਹਿ ਗਿਆ ਹੈ। ਇਸ ਲਈ ਸਟੇਟ ਸੈਕਟਰ ਅਧੀਨ ਬਿਜਲੀ ਪੈਦਾ ਕਰਨ ਦਾ ਹਿੱਸਾ ਵਧਾਉਣ ਲਈ ਕੋਲੇ 'ਤੇ ਆਧਾਰਿਤ ਥਰਮਲ ਪਲਾਂਟਾਂ ਤੋਂ ਇਲਾਵਾ ਬਿਜਲੀ ਪੈਦਾ ਕਰਨ ਦੇ ਹੋਰ ਦੂਸਰੇ ਸਰੋਤਾਂ ਦੀ ਵੀ ਘੋਖ ਕਰਨ ਦੀ ਜ਼ਰੂਰਤ ਹੈ। ਦੇਸ਼ ਵਿੱਚ ਨੈਚੂਰਲ ਗੈਸ ਦੀ ਬਹੁਤ ਘਾਟ ਹੈ ਅਤੇ ਦੇਸ਼ ਵਿੱਚ 4334 ਮੈਗਾਵਾਟ ਦੇ ਗੈਸ ਆਧਾਰਿਤ ਥਰਮਲ ਪਲਾਂਟ, ਗੈਸ ਨਾ ਮਿਲਣ ਕਰ ਕੇ ਚਾਲੂ ਹੀ ਨਹੀਂ ਕੀਤੇ ਜਾ ਰਹੇ ਹਨ। ਇਸ ਲਈ ਰੋਪੜ ਵਿਖੇ ਜਾ ਹੋਰ ਥਾਵਾਂ 'ਤੇ ਗੈਸ ਆਧਾਰਿਤ ਥਰਮਲ ਪਲਾਂਟ ਲਗਾਉਣ ਦੀ ਯੋਜਨਾ ਦੇ ਸਫਲ ਹੋਣ ਦੀ ਅਜੇ ਕੋਈ ਸੰਭਾਵਨਾ ਨਹੀਂ ਹੈ। ਦੇਸ਼ ਦੀ ਨਵਿਆਉਣਯੋਗ ਊਰਜਾ ਤੋਂ ਬਿਜਲੀ ਪੈਦਾ ਕਰਨ ਦੀ ਪਾਲਿਸੀ ਦੇ ਮੱਦੇ ਨਜ਼ਰ ਸਾਲ 2027 ਤੱਕ ਪੰਜਾਬ ਵਿੱਚ ਕੋਲੇ 'ਤੇ ਆਧਾਰਿਤ ਥਰਮਲ ਪਲਾਂਟ ਲਗਾਉਣ ਦੀ ਤਜਵੀਜ਼ ਵੀ ਅਸਲ ਰੂਪ ਧਾਰਨ ਨਹੀਂ ਕਰ ਸਕੇਗੀ।

ਪੰਜਾਬ ਵਿੱਚ ਬਿਜਲੀ ਪੈਦਾ ਕਰਨ ਦੇ ਹੋਰ ਦੂਸਰੇ ਨਵਿਆਉਣਯੋਗ ਊਰਜਾ ਸਰੋਤਾਂ ਦੇ ਮੁਕਾਬਲੇ ਸੂਰਜੀ ਊਰਜਾ ਦੀ ਸੰਭਾਵਨਾ ਬਹੁਤ ਜ਼ਿਆਦਾ ਹੈ। ਪੰਜਾਬ ਵਿੱਚ ਤਕਰੀਬਨ 250 ਤੋਂ 300 ਦਿਨਾਂ ਤੱਕ ਸਾਫ ਧੁੱਪ ਵਾਲਾ ਮੌਸਮ ਅਤੇ ਸਾਲਾਨਾ ਤੌਰ 'ਤੇ 1600 ਤੋਂ 2200 ਕਿਲੋਵਾਟ ਘੰਟਾ ਪ੍ਰਤੀ ਵਰਗ ਮੀਟਰ ਰੇਡੀਏਸ਼ਨ ਪ੍ਰਾਪਤ ਹੁੰਦੀ ਹੈ, ਜਿਹੜੀ ਫੋਟੋ-ਵੋਲਟਿਕ ਸੋਲਰ ਊਰਜਾ ਪਲਾਂਟ ਲਗਾ ਕੇ ਬਿਜਲੀ ਪੈਦਾ ਕਰਨ ਦੇ ਪ੍ਰਯੋਗ ਲਈ ਆਦਰਸ਼ ਸਰੋਤ ਹੈ। ਸੂਰਜੀ ਊਰਜਾ ਸਰੋਤਾਂ ਤੋਂ ਬਿਜਲੀ ਪੈਦਾ ਕਰਨ ਦੇ ਪਲਾਂਟ ਪ੍ਰਦੂਸ਼ਣ ਰਹਿਤ ਹਨ। ਇਨ੍ਹਾਂ ਦੀ ਸਾਂਭ-ਸੰਭਾਲ ਦੇ ਖਰਚੇ ਵੀ ਘੱਟ ਹਨ ਅਤੇ ਇਨ੍ਹਾਂ ਦੀ ਉਮਰ ਵੀ 25 ਤੋਂ 40 ਸਾਲ ਤੱਕ ਹੈ। ਫੋਟੋ-ਵੋਲਟਿਕ ਪੈਨਲ ਆਧਾਰਿਤ ਸੂਰਜੀ ਪਲਾਂਟ ਲਗਾਉਣ ਲਈ 3.5 ਏਕੜ ਤੋਂ 4.0 ਏਕੜ ਪ੍ਰਤੀ ਮੈਗਾਵਾਟ ਜ਼ਮੀਨ ਅਤੇ ਤਕਰੀਬਨ 5.5 ਕਰੋੜ ਰੁਪਏ ਪ੍ਰਤੀ ਮੈਗਾਵਾਟ ਦੀ ਪੂੰਜੀ ਦੀ ਜ਼ਰੂਰਤ ਪੈਂਦੀ ਹੈ। ਦੇਸ਼ ਵਿੱਚ ਹੁਣ ਸੂਰਜੀ ਊਰਜਾ ਤੋਂ ਬਿਜਲੀ ਪੈਦਾ ਕਰਨ ਦਾ ਖਰਚਾ 15 ਰੁਪਏ ਪ੍ਰਤੀ ਯੂਨਿਟ ਤੋਂ ਘੱਟ ਕੇ 3 ਰੁਪਏ ਪ੍ਰਤੀ ਯੂਨਿਟ ਤੋਂ ਵੀ ਘੱਟ ਰਹਿ ਗਿਆ ਹੈ। ਤਾਮਿਲਨਾਡੂ ਵਿੱਚ 750 ਮੈਗਾਵਾਟ ਰੇਵਾ ਅਲਟਰਾ ਮੈਗਾ ਸੋਲਰ ਪਲਾਂਟ ਤੋਂ 2.97 ਰੁਪਏ ਪ੍ਰਤੀ ਯੂਨਿਟ ਅਤੇ ਗੁਜਰਾਤ ਵਿੱਚ ਭਡਲਾ ਸੋਲਰ ਪਾਰਕ ਤੋਂ 2.48 ਰੁਪਏ ਪ੍ਰਤੀ ਯੂਨਿਟ ਬਿਜਲੀ ਮਿਲ ਰਹੀ ਹੈ। ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਨੇ ਅਜੇ ਤੱਕ ਸੂਰਜੀ ਊਰਜਾ ਸਰੋਤਾਂ ਤੋਂ ਬਿਜਲੀ ਪੈਦਾ ਕਰਨ ਦਾ ਕੋਈ ਪਲਾਂਟ ਨਹੀਂ ਲਗਾਇਆ ਹੈ।



ਪੀਐੱਸਪੀਸੀਐੱਲ ਥਰਮਲ ਪਲਾਂਟ ਬਠਿੰਡਾ ਦੀ 700 ਏਕੜ ਐਸ਼ ਡਾਈਕਾਂ ਦੀ ਜ਼ਮੀਨ ਉਪਰ 175 ਮੈਗਾਵਾਟ ਸੂਰਜੀ ਊਰਜਾ ਪਲਾਂਟ ਲਗਾ ਕੇ ਫਾਇਦਾ ਉਠਾ ਸਕਦਾ ਹੈ। ਜੇ ਪੀ ਐੱਸ ਪੀ ਸੀਐੱਲ ਇਸ ਜਗ੍ਹਾ 'ਤੇ ਸੂਰਜੀ ਊਰਜਾ ਪਲਾਂਟ ਲਗਾਉਂਦਾ ਹੈ, ਤਾਂ ਬਿਜਲੀ ਪੈਦਾ ਕਰਨ ਦਾ ਖਰਚਾ ਤਕਰੀਬਨ 2.50 ਰੁਪਏ ਪ੍ਰਤੀ ਯੂਨਿਟ ਹੋਵੇਗਾ, ਜਿਹੜਾ ਰਾਜਪੁਰਾ ਅਤੇ ਤਲਵੰਡੀ ਸਾਬੋ ਥਰਮਲ ਪਲਾਂਟਾਂ ਤੋਂ ਮਿਲਣ ਵਾਲੀ ਬਿਜਲੀ ਦੀ ਕੁੱਲ ਕੀਮਤ ਕ੍ਰਮਵਾਰ 3.80 ਰੁਪਏ ਅਤੇ 4.09 ਰੁਪਏ ਪ੍ਰਤੀ ਯੂਨਿਟ ਤੋਂ ਕਿਤੇ ਘੱਟ ਹੈ। ਇਸ ਨਾਲ ਪੀਐੱਸਪੀਸੀਐੱਲ ਇਕ ਪਾਸੇ ਸਸਤੀ ਬਿਜਲੀ ਪ੍ਰਾਪਤ ਕਰੇਗਾ ਅਤੇ ਦੂਸਰੇ ਪਾਸੇ ਬਠਿੰਡਾ ਥਰਮਲ ਪਲਾਂਟ ਬੰਦ ਹੋਣ ਨਾਲ ਵਾਧੂ ਹੋਈ ਲੇਬਰ/ਕਰਮਚਾਰੀਆਂ ਦਾ ਸੰਜੀਦਾ ਮੁੱਦਾ ਵੀ ਸਹੀ ਢੰਗ ਨਜਿੱਠ ਸਕੇਗਾ। ਇਸ ਪਲਾਂਟ ਤੋਂ ਸਸਤੀ ਬਿਜਲੀ ਪੈਦਾ ਹੋਣ ਨਾਲ ਪੰਜਾਬ ਦੇ ਖਪਤਕਾਰ ਨੂੰ ਵੀ ਫਾਇਦਾ ਪਹੁੰਚੇਗਾ। ਇਸ ਤੋਂ ਇਲਾਵਾ ਪੀਐੱਸਪੀਸੀਐੱਲ ਨੂੰ ਪੰਜਾਬ ਵਿੱਚ ਨਹਿਰਾਂ ਉਪਰ ਵੀ ਸੂਰਜੀ ਊਰਜਾ ਪਲਾਂਟ ਲਗਾ ਕੇ ਸਸਤੀ ਬਿਜਲੀ ਪੈਦਾ ਕਰਨੀ ਚਾਹੀਦੀ ਹੈ। ਨਹਿਰਾਂ ਉਪਰ ਇੱਕ ਤੋਂ 10 ਮੈਗਾਵਾਟ ਤੱਕ ਦੇ ਸੂਰਜੀ ਊਰਜਾ ਪਲਾਂਟ ਲਗਾਉਣ ਲਈ ਕੇਂਦਰ ਸਰਕਾਰ ਦੇ ਨਵੇਂ ਅਤੇ ਨਵਿਆਉਣਯੋਗ ਊਰਜਾ ਮੰਤਰਾਲੇ ਵੱਲੋਂ ਪ੍ਰਾਜੈਕਟ ਦੀ 30% ਕੀਮਤ ਤੱਕ ਦੀ ਸਬਸਿਡੀ ਦਿੱਤੀ ਜਾਂਦੀ ਹੈ। ਇਹ ਸਬਸਿਡੀ ਕੇਂਦਰ ਸਰਕਾਰ ਵੱਲੋਂ ਨਹਿਰਾਂ ਉਪਰ ਕੁਲ 100 ਮੈਗਾਵਾਟ ਤੱਕ ਦੀ ਸਮਰੱਥਾ ਵਾਲੇ ਸੂਰਜੀ ਊਰਜਾ ਪਲਾਂਟ ਲਗਾਉਣ ਲਈ ਕੇਵਲ ਸਰਕਾਰੀ ਕੰਪਨੀਆਂ ਨੂੰ ਹੀ ਦਿੱਤੀ ਜਾਂਦੀ ਹੈ। ਕੇਂਦਰ ਸਰਕਾਰ ਦੇ ਨੈਸ਼ਨਲ ਇਲੈਕਟਰੀਸਿਟੀ ਪਲਾਨ 2016 ਵਿੱਚ ਪੰਜਾਬ ਲਈ ਸੂਰਜੀ ਉਰਜਾ ਤੋਂ 4772 ਮੈਗਾਵਾਟ ਬਿਜਲੀ ਪੈਦਾ ਕਰਨ ਦੇ ਮਿਥੇ ਟੀਚੇ ਨੂੰ ਪੂਰਾ ਕਰਨ ਲਈ ਪੀ ਐੱਸ ਪੀ ਸੀ ਐੱਲ ਨੂੰ ਖੇਤੀ ਨਾ ਕਰਨ ਯੋਗ ਜ਼ਮੀਨਾਂ ਕਿਰਾਏ 'ਤੇ ਲੈ ਕੇ ਹੋਰ 3000 ਮੈਗਾਵਾਟ ਦੇ ਸੂਰਜੀ ਊਰਜਾ ਦੇ ਪਲਾਂਟ ਲਗਾਉਣੇ ਚਾਹੀਦੇ ਹਨ। ਇਹ ਸੂਰਜੀ ਊਰਜਾ ਪਲਾਂਟਾਂ ਤੋਂ ਸਸਤੀ ਬਿਜਲੀ ਮਿਲਣ ਨਾਲ ਜਿੱਥੇ ਪੰਜਾਬ ਵਾਸੀਆਂ ਨੂੰ ਫਾਇਦਾ ਹੋਵੇਗਾ, ਉੱਥੇ ਇਨ੍ਹਾਂ ਜ਼ਮੀਨਾਂ ਦੇ ਮਾਲਕ ਕਿਸਾਨਾਂ ਲਈ ਵੀ ਇਹ ਪਲਾਂਟ ਆਮਦਨ ਦੇ ਸਾਧਨ ਸਾਬਤ ਹੋਣਗੇ। ਇਸ ਲਈ ਪੀਐੱਸਪੀਸੀਐੱਲ ਨੂੰ ਬਿਜਲੀ ਪੈਦਾ ਕਰਨ ਦੇ ਖੇਤਰ ਵਿੱਚ ਕੇਂਦਰ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਮਿਲਣ ਵਾਲੀਆਂ ਸਹੂਲਤਾਂ ਦਾ ਫਾਇਦਾ ਉਠਾਉਂਦੇ ਹੋਏ, ਸੂਰਜੀ ਊਰਜਾ ਪਲਾਂਟ ਲਗਾਉਣੇ ਚਾਹੀਦੇ ਹਨ। ਇਸ ਤੋਂ ਇਲਾਵਾ ਫਿਕਸ ਚਾਰਜ ਦੇਣ ਤੋਂ ਬਚਣ ਲਈ ਪੰਜਾਬ ਨੂੰ ਸੁਪਰ ਕ੍ਰਿਟੀਕਲ ਤਕਨਾਲੋਜੀ ਆਧਾਰਿਤ ਥਰਮਲ ਪਲਾਂਟ ਵੀ ਖਰੀਦਣਾ ਚਾਹੀਦਾ ਹੈ। ਇਸ ਨਾਲ ਜਿੱਥੇ ਬਿਜਲੀ ਪੈਦਾ ਕਰਨ ਦੇ ਖੇਤਰ ਵਿੱਚ ਸਟੇਟ ਸੈਕਟਰ ਦੀ ਭਾਈਵਾਲੀ ਵਿੱਚ ਵਾਧਾ ਹੋਵੇਗਾ, ਉੱਥੇ ਬਿਜਲੀ ਦੀ ਪੈਦਾਵਾਰ ਵੀ ਸਸਤੀ ਹੋਵੇਗੀ, ਜਿਸ ਨਾਲ ਖਪਤਕਾਰਾਂ ਨੂੰ ਫਾਇਦਾ ਪਹੁੰਚਾਇਆ ਜਾ ਸਕਦਾ ਹੈ।

# ਪੰਜਾਬ ਦੇ ਅਰਥਚਾਰੇ ਦੀ ਨਵ-ਉਸਾਰੀ ਦਾ ਵੇਲਾ

(ਸਫਾ 17 ਦੀ ਬਾਕੀ)

ਦਾ ਹੱਕ ਹੁੰਦਾ ਹੈ ਪਰ ਤੱਥ ਕਿਸੇ ਦੇ ਆਪਣੇ ਨਹੀਂ ਹੋ ਸਕਦੇ।''

ਪੰਜਾਬ ਵਿੱਚ ਸਰਫ਼ਾਕਾਰੀ ਸ਼ੁਰੂ ਤਾਂ ਹੋਈ ਹੈ ਪਰ ਗ਼ਲਤ ਪਾਸੇ: ਦਿਹਾਤੀ ਸਕੂਲ ਬੰਦ ਕਰਨੇ, ਅਧਿਆਪਕਾਂ ਲਈ ਘੱਟੋ-ਘੱਟ ਉੱਕਾ-ਪੁੱਕਾ ਤਨਖਾਹ, 'ਸੁਵਿਧਾ ਕੇਂਦਰ' ਤੇ ਬਿਜਲੀ ਪਲਾਂਟ ਬੰਦ ਕਰਨੇ। ਕਰ, ਬਿਜਲੀ ਦਰਾਂ ਅਤੇ ਬੱਸਾਂ ਦੇ ਕਿਰਾਏ ਵਧ ਗਏ ਹਨ। ਸਰਕਾਰ ਦੇ ਉੱਪਰਲੇ ਪੱਧਰ ਉੱਤੇ ਇਹ ਸਰਫ਼ਾਕਾਰੀ ਲਾਗੂ ਨਹੀਂ। ਉਂਜ ਵੀ, ਸਰਕਾਰੀ ਫਜ਼ੂਲਖਰਚੀ ਵਿੱਚ ਕਟੌਤੀ ਅਜਿਹੀ ਆਸ ਹੈ ਜਿਵੇਂ ਸ਼ਾਹੀ ਠਾਠ ਨਾਲ ਰਹਿਣ ਵਾਲਿਆਂ ਤੋਂ ਮਹਾਤਮਾ ਗਾਂਧੀ ਵਾਂਗ ਰਹਿਣ ਦੀ ਉਮੀਦ ਕਰਨੀ।

ਕੈਪਟਨ ਅਮਰਿੰਦਰ ਸਿੰਘ ਆਖਦੇ ਹਨ ਕਿ ਇੱਕ ਵਾਰ ਪੰਜਾਬ ਦੀ ਵਿੱਤੀ ਹਾਲਤ ਠੀਕ ਹੋ ਜਾਵੇ, ਉਹ ਪਾਸੇ ਹੋ ਜਾਣਗੇ। ਇਸ ਦਾ ਮਤਲਬ ਹੈ ਕਿ ਸੱਤਾ ਦਾ ਲਾਲਚ ਨਹੀਂ ਛੁੱਟ ਰਿਹਾ। ਵਿੱਤੀ ਸੁਧਾਰਾਂ ਲਈ ਸੰਜੀਦਗੀ ਨਾਲ ਕੰਮ ਕਰ ਕੇ ਉਹ ਸਿਆਸੀ ਤੌਰ 'ਤੇ ਖ਼ੁਦ ਨੂੰ ਫ਼ਾਲਤੂ ਤੇ ਬੇਲੋੜੇ ਕਿਉਂ ਬਣਾਉਣਗੇ? ਉਹ ਯਾਦਗਾਰਾਂ ਬਣਾਉਣ ਲਈ ਬਾਦਲ ਦੀ ਸ਼ਲਾਘਾ ਕਰਦੇ ਹਨ, ਜਦਕਿ ਉਨ੍ਹਾਂ ਦਾ ਵਿੱਤ ਮੰਤਰੀ ਮਨਪ੍ਰੀਤ ਬਾਦਲ ਯਾਦਗਾਰਾਂ ਉੱਤੇ 2000 ਕਰੋੜ ਰੁਪਏ ਦੀ ਫ਼ਜ਼ੂਲ ਖ਼ਰਚੀ ਦੀ ਗੱਲ ਕਰਦਾ ਹੈ ਅਤੇ ਪੰਜਾਬ ਯੂਨੀਵਰਸਿਟੀ ਨੂੰ 20 ਕਰੋੜ ਰੁਪਏ ਵੀ ਨਹੀਂ ਦਿੰਦਾ।

ਬਜਟ ਦੇ ਜ਼ਰੀਏ ਸੱਤਾ ਧਿਰ ਨੂੰ ਇੱਕ ਮੌਕਾ ਮਿਲਿਆ ਹੈ ਕਿ ਉਹ ਤਬਦੀਲੀ-ਵਿਰੋਧੀ ਧਾਰਨਾ ਬਦਲ ਸੁੱਟੇ। ਹੁਣ ਪਾਣੀ, ਹਵਾ, ਮਿੱਟੀKਭੂਮੀ, ਸਿੱਖਿਆ ਅਤੇ ਸਿਹਤ ਵਰਗੇ ਬੁਨਿਆਦੀ ਮਸਲਿਆਂ ਵੱਲ ਧਿਆਨ ਦੇਣ ਦਾ ਵੇਲਾ ਹੈ। ਪਾਣੀ, ਹਵਾ ਅਤੇ ਮਿੱਟੀKਭੂਮੀ ਦਾ ਪ੍ਰਦੂਸ਼ਣ ਮਨੁੱਖੀ ਸਿਹਤ ਅਤੇ ਪਰਿਵਾਰਾਂ ਦੇ ਬਜਟ ਉੱਤੇ ਬਹੁਤ ਘਾਤਕ ਅਸਰ ਪਾਉਂਦਾ ਹੈ। ਗ਼ੈਰ-ਮਿਆਰੀ ਸਿੱਖਿਆ ਨੇ ਨੌਜਵਾਨਾਂ ਨੂੰ ਬੇਰੁਜ਼ਗਾਰ ਬਣਾ ਦਿੱਤਾ ਹੈ। ਬਜਟ ਇਨ੍ਹਾਂ ਸਾਰੇ ਖੇਤਰਾਂ ਵਿੱਚ ਹਰ ਕਿਸੇ ਲਈ ਇਤਬਾਰ ਵਾਲੀ ਰਾਹਤ ਯੋਜਨਾ ਲਈ ਫੰਡ ਜੁਟਾ ਸਕਦਾ ਹੈ। ਹੁਣ ਵਸੀਲਿਆਂ ਦੀ ਫਜ਼ੂਲ ਖ਼ਰਚੀ ਦੀ ਥਾਂ ਇਨ੍ਹਾਂ ਦੀ ਉਸਾਰੂ ਵਰਤੋਂ ਵੱਲ ਮੋੜ ਕੱਟਣ ਦਾ ਵੇਲਾ ਹੈ।

# ਕਾਂਗਰਸ ਦੇ ਸ਼ਾਸਨ ਵਿੱਚ ਪੰਜਾਬ ਧਰਨੇ ਤੇ ਮੁਜ਼ਾਹਰਿਆਂ ਵਾਲਾ ਰਾਜ ਬਣ ਕੇ ਰਹਿ ਗਿਆ- ਕੀਤੂ

ਧਨੌਲਾ ਮੰਡੀ- (ਸੰਜੀਵ ਗਰਗ ਕਾਲੀ) ਕੈਪਟਨ ਸਰਕਾਰ ਵੱਲੋ ਪੰਜਾਬ ਦੇ ਸੁਵਿਧਾ ਕੇਂਦਰ ਬੰਦ ਕਰਕੇ ਲੋਕਾ ਨਾਲ ਧੋਖੇ ਬਾਜੀ ਕੀਤੀ ਹੈ ਕੈਪਟਨ ਸਰਕਾਰ ਨੇ ਪਹਿਲਾ ਬਿਜਲੀ ਦੇ ਬਿਲ ਅਤੇ ਹੋਰ ਚੱਲਦਿਆ ਲੋਕ ਭਲਾਈ ਸਕੀਮਾ ਨੂੰ ਬੰਦ ਕਰਕੇ ਆਪਣੇ ਆਪ ਨੂੰ ਕਿਸਾਨ, ਮਜਦੂਰ ਵਿਰੋਧੀ ਹੋਣ ਦਾ ਸਬੂਤ ਦੇ ਦਿੱਤਾ ਹੈ ਪੰਜਾਬ ਵਿੱਚ ਹਰ ਰੋਜ ਥਾਂ-ਥਾਂ ਤੇ ਥਰਮਲ ਪਲਾਟ ਦੇ ਕਾਮੇ ਅਤੇ ਆਗਨਬਾੜੀ ਵਰਕਰਾਂ ਪੰਜਾਬ ਸਰਕਾਰ ਦੇ ਪੁਤਲੇ ਫੂਕ ਰਹੇ ਹਨ, ਕਿਸ਼ਾਨ ਕਰਜੇ ਮਾਫੀ ਦੀ ਉਡੀਕ ਕਰ ਰਹੇ ਹਨ, ਜਿਸ ਤੋ ਸਿੱਧ ਹੁੰਦਾ ਹੈ ਕਿ ਪੰਜਾਬ ਦਾ ਮੁੱਖ ਮੰਤਰੀ ਲੋਕਾਂ ਦੀਆਂ ਉਮੀਦਾਂ ਤੇ ਖਰਾ ਨਹੀ ਉੱਤਰ ਰਿਹਾ। ਪੰਜਾਬ ਦੇ ਲੋਕਾਂ ਨੂੰ ਝੂਠੇ ਵਾਅਦੇ ਅਤੇ ਗੁੰਮਰਾਹ ਕਰਕੇ ਸਰਕਾਰ ਬਨਾਉਣ ਵਾਲੀ ਕਾਂਗਰਸ ਦੇ ਰਾਜ ਵਿੱਚ ਲੋਕ ਸਹੂਲਤਾਂ ਦੀ ਥਾਂ ਆਪਣੇ ਆਪ ਨੂੰ ਠੱਗਿਆ ਮਹਿਸੂਸ ਕਰ ਰਹੇ ਹਨ, ਪੰਜਾਬ ਨੂੰ ਸੋਨੇ ਦੀ ਚਿੜੀ ਬਨਾਉਣ ਦੇ ਦਾਅਵੇ ਕਰਨ ਵਾਲਿਆਂ ਇਹਨਾਂ ਲੋਕਾਂ ਪੰਜਾਬ ਨੂੰ ਧਰਨੇ ਤੇ ਮੁਜਾਹਰਿਆਂ ਵਾਲਾ ਰਾਜ ਬਣਾ ਕੇ ਰੱਖ ਦਿੱਤਾ ਹੈ, ਇਹਨਾ ਸਬਦਾਂ ਦਾ ਪ੍ਰਗਟਾਵਾ ਸਿਰੋਮਣੀ ਅਕਾਲੀ ਦਲ ਦੇ ਜਿਲ੍ਹਾ ਪ੍ਰਧਾਨ ਕੁਲਵੰਤ ਸਿੰਘ ਕੀਤੂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆ ਕੀਤਾ। ਆਪਣੀ ਗੱਲਬਾਤ ਜਾਰੀ ਰੱਖਦਿਆ ਕੀਤੂ ਨੇ ਕਿਹਾ ਕਿ ਬੀਤੇ ਦਿਨ ਪੰਜਾਬ ਦੇ ਦੁੱਖੀ ਲੋਕਾ ਨੇ ਕੈਪਟਨ ਸਰਕਾਰ ਦੇ ਵਿਧਾਇਕਾਂ ਅਤੇ ਸੀਨੀਅਰ ਆਗੂਆਂ ਨੂੰ ਧੱਕੇ ਸ਼ਾਹੀ ਐਵਾਰਡ ਦਿੱਤੇ ਹਨ। ਜਿਸ ਤੋ ਕੈਪਟਨ ਸਰਕਾਰ ਵੱਲੋ ਕੀਤੀ ਜਾ ਰਹੀ ਧੱਕੇਸ਼ਾਹੀ ਦਾ ਕਾਰਨਾਮਾ ਸਹਾਮਣੇ ਆਇਆ ਹੈ ਪਿਛਲੇ ਕਈ ਦਿਨਾ ਤੋ ਪੰਜਾਬ ਪੱਲੇਦਾਰ ਯੂਨੀਅਨ ਅਤੇ ਫੂਡ ਗ੍ਰੇਨ ਅਲਾਇਡ ਵਰਕਰਜ਼ ਵੀ ਪੰਜਾਬ ਸਰਕਾਰ ਦੇ ਪੁਤਲੇ ਫੂਕ ਰਹੇ ਹਨ। ਪੰਜਾਬ ਸਰਕਾਰ ਦੇ ਕੋਲ ਕਿਸਾਨਾਂ, ਮਜਦੂਰਾਂ, ਦੁਕਾਨਦਾਰਾਂ ਵਾਸਤੇ ਕੋਈ ਵਿਸ਼ੇਸ ਪਾਲਿਸੀ ਨਹੀ ਹੈ ਇਸ ਕਰਕੇ ਕੈਪਟਨ ਸਰਕਾਰ ਦੇ ਮੰਤਰੀ ਵੀ ਉੱਲਟੇ-ਸਿੱਧੇ ਬਿਆਨ ਦੇਕੇ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਨ। ਇਹ ਸਾਰੀਆਂ ਲੋਕਾਂ ਦੀਆਂ ਮੁਸ਼ਕਲਾਂ ਤੇ ਸ. ਪ੍ਰਕਾਸ ਸਿੰਘ ਬਾਦਲ ਸਾਬਕਾ ਮੁੱਖ ਮੰਤਰੀ ਪੰਜਾਬ ਅਤੇ ਪਾਰਟੀ ਪ੍ਰਧਾਨ ਸ ਸੁਖਵੀਰ ਸਿੰਘ ਬਾਦਲ ਦੇ ਧਿਆਨ ਵਿੱਚ ਹਨ ਆਉਣ ਵਾਲੇ ਸਮੇਂ ਵਿੱਚ ਅਕਾਲੀਦਲ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਆਉਣ ਤੇ ਕਿਸੇ ਨੂੰ ਵੀ ਧਰਨੇ ਮੁਜਾਹਰੇ ਲਾਉਣੇ ਨਹੀ ਪੈਣਗੇ। ਇਸ ਮੌਕੇ ਕੁਲਵੰਤ ਸਿੰਘ ਕੀਤੂ ਦੇ ਨਾਲ ਅਕਾਲੀ ਆਗੂ ਗੁਰਪ੍ਰੀਤ ਗੋਪੀ,ਟਰੱਕ ਯੂਨੀਅਨ ਦੇ ਸਾਬਕਾ ਪ੍ਰਧਾਨ ਦਰਸ਼ਨ ਸਿੰਘ ਦਰਸਾ ਢਿੱਲੋਂ, ਗੁਰਪ੍ਰੀਤ ਸਿੰਘ ਜਟਾਣਾ, ਸਾਬਕਾ ਸਰਪੰਚ ਦਾਨਗੜ੍ਹ ਮਿੰਠੂ ਸਿੰਘ ਗਿੱਲ , ਜਥੇਂ ਜਗਤਾਰ ਸਿੰਘ ਦਾਨਗੜ੍ਹ, ਭੋਲਾ ਸਿੰਘ ਬੰਤ ਸਿੰਘ ਭੰਗੂ, ਸੁਰਜੀਤ ਸਿੰਘ ਮਠਾੜੂ, ਆਦਿ ਹਾਜਰ ਸਨ।



# ਖਬਰਾਂ, ਜੋ ਝਲਕ ਵਿਖਾ ਗਾਇਬ ਹੋ ਜਾਂਦੀਆਂ ਨੇ

(ਸਫਾ 10 ਦੀ ਬਾਕੀ)

ਦੇ ਦੌਰਾਨ ਨਿਰਮਾਣ ਖੇਤ੍ਰ ਵਿੱਚ ਅਨੁਮਾਨਤ ਅਧਾਰ ਤੇ ਇਹ (87 ਹਜ਼ਾਰ) ਨੌਕਰੀਆਂ ਗਈਆਂ ਹਨ। ਇਹ ਨੌਕਰੀਆਂ ਗੁਆਣ ਵਾਲਿਆਂ ਵਿੱਚ ੬੫ ਹਜ਼ਾਰ ਪੁਰਸ਼ ਹਨ, ਜਦਕਿ 22 ਹਜ਼ਾਰ ਔਰਤਾਂ ਹਨ। ਇਸਦੇ ਨਾਲ ਇਹ ਵੀ ਦਸਿਆ ਗਿਆ ਹੈ ਕਿ ਇਸ ਦੌਰਾਨ ਅੱਠ ਖੇਤ੍ਰ ਅਜਿਹੇ ਵੀ ਹਨ, ਜਿਨ੍ਹਾਂ ਵਿੱਚ 64 ਹਜ਼ਾਰ ਨੌਕਰੀਆਂ ਦਾ ਵਾਧਾ ਹੋਇਆ ਹੈ।

**ਫਸੇ ਕਰਜ਼ੇ, ਵੱਟੇ ਖਾਤੇ ਵਿੱਚ ਗਏ :** ਦੇਸ਼ ਦੇ ਸਭ ਤੋਂ ਵੱਡੇ ਬੈਂਕ, ਸਟੇਟ ਬੈਂਕ ਆਫ ਇੰਡੀਆ ਨੇ 2016-2017 ਦੇ ਵਰ੍ਹੇ 200,339 ਕਰੋੜ ਰੁਪਏ ਦੇ ਫਸੇ (ਨਾ ਵਸੂਲ ਹੋ ਸਕਣ ਵਾਲੇ) ਕਰਜ਼ ਦੀ ਰਕਮ ਵੱਟੇ ਖਾਤੇ ਵਿੱਚ ਪਾਈ ਹੈ। ਕਿਸੇ ਸਰਕਾਰੀ ਬੈਂਕ ਵਲੋਂ ਨਾ ਵਸੂਲ ਹੋ ਸਕਣ ਵਾਲੇ ਕਰਜ਼ੇ ਦੀ ਰਕਮ ਵੱਟੇ ਖਾਤੇ ਵਿੱਚ ਪਾਈ ਜਾਣ ਵਾਲੀ ਇਹ ਸਭ ਤੋਂ ਵੱਡੀ ਰਕਮ ਹੈ। ਦਸਿਆ ਗਿਆ ਹੈ ਕਿ 2016-2017 ਦੇ ਵਰ੍ਹੇ ਵਿੱਚ ਸਰਕਾਰੀ ਬੈਂਕਾਂ ਵੱਟੇ ਖਾਤੇ ਵਿੱਚ, ਕੁਲ ਮਿਲਾ ਕੇ 81,683 ਕਰੋੜ ਰੁਪਏ ਦੀ ਰਕਮ ਪਾਈ ਹੈ। ਇਹ ਅੰਕੜੇ ਉਸ ਸਮੇਂ ਦੇ ਹਨ, ਜਦੋਂ ਅਜੇ ਭਾਰਤੀ ਸਟੇਟ ਬੈਂਕ ਵਿੱਚ ਉਸਦੇ ਸਹਿਯੋਗੀ ਬੈਂਕ 'ਮਰਜ'(ਸ਼ਾਮਲ) ਨਹੀਂ ਸੀ ਕੀਤੇ ਗਏ ਹੋਏ। ਸਰਕਾਰੀ ਅੰਕੜਿਆਂ ਅਨੁਸਾਰ 2012-2013 ਦੇ ਵਿੱਤੀ ਵਰ੍ਹੇ ਵਿੱਚ ਸਰਕਾਰੀ ਬੈਂਕਾਂ ਦਾ ਵੱਟਾ ਖਾਤਾ 27,231 ਕਰੋੜ ਰੁਪਏ ਦਾ ਸੀ। ਇਸ ਤਰ੍ਹਾਂ ਬੀਤੇ ਪੰਜ ਵਰ੍ਹਿਆਂ ਦੇ ਸਮੇਂ ਵਿੱਚ ਇਹ ਰਕਮ ਤਿੰਨ ਗੁਣਾ ਵਧ ਗਈ। ਇਹ ਵੀ ਪਤਾ ਲਗਾ ਹੈ ਕਿ 2013-2014 ਦੇ ਵਿੱਤੀ ਵਰ੍ਹੇ ਵਿੱਚ ਸਰਕਾਰੀ ਬੈਂਕਾਂ ਨੇ ੩੪,੪੦੯ ਕਰੋੜ ਰੁਪਏ ਵੱਟੇ ਖਾਤੇ ਪਾਏ ਸਨ। ਜੋ 2014-2014 ਦੇ ਵਰ੍ਹੇ ਵਿੱਚ 49,018 ਕਰੋੜ ਰੁਪਏ, 2015-2016 ਦੇ ਵਰ੍ਹੇ ਵਿੱਚ 57,585 ਕਰੋੜ ਰੁਪਏ ਅਤੇ ਮਾਰਚ 2017 ਨੂੰ ਸਮਾਪਤ ਹੋਏ ਵਿੱਤੀ ਵਰ੍ਹੇ ਵਿੱਚ 81,683 ਕਰੋੜ ਤਕ ਪੁਜ ਗਈ। ਦਸਿਆ ਗਿਆ ਹੈ ਕਿ ਸਟੇਟ ਬੈਂਕ ਤੋਂ ਇਲਾਵਾ ਪੰਜਾਬ ਨੈਸ਼ਨਲ ਬੈਂਕ ਨੇ ਵੀ 2016-2017 ਦੇ ਵਿੱਤੀ ਵਰ੍ਹੇ ਵਿੱਚ 9,2-5 ਕਰੋੜ ਰੁਪਏ ਵੱਟੇ ਖਾਤੇ ਪਾਏ ਹਨ। ਇਸਤੋਂ ਬਾਅਦ ਬੈਂਕ ਆਫ ਇੰਡੀਆ ਨੇ 7,346 ਕਰੋੜ ਰੁਪਏ, ਕੇਨਰਾ ਬੈਂਕ ਨੇ 5545 ਕਰੋੜ ਰੁਪਏ ਅਤੇ ਬੈਂਕ ਆਫ ਬੜੋਦਾ ਨੇ 4348 ਕਰੋੜ ਰੁਪਏ ਵੱਟੇ ਖਾਤੇ ਪਾਏ ਹਨ। ਚਾਲੂ ਵਿੱਤੀ ਵਰ੍ਹੇ ਵਿੱਚ ਅਪ੍ਰੈਲ-ਸਤੰਬਰ ਦੀ ਛਿਮਾਹੀ ਤਕ ਸਰਕਾਰੀ ਬੈਂਕਾਂ ਨੇ 53,625 ਕਰੋੜ ਰੁਪਏ ਵੱਟੇ ਖਾਤੇ ਵਿੱਚ ਪਾਏ ਹਨ। ਸਵਰਗੀਆਂ ਦੇ ਨਾਂ ਪਲਾਂਟ : ਇਨ੍ਹਾਂ ਹੀ ਦਿਨਾਂ ਵਿੱਚ ਭਾਜਪਾ ਸੱਤਾ-ਅਧੀਨ ਪੂਰਬੀ ਦਿੱਲੀ ਨਗਰ ਨਿਗਮ ਵਿੱਚ ਸਵਰਗੀ ਲੋਕਾਂ ਦੇ ਨਾਂ ਤੇ ਹੈਲਥ ਟ੍ਰੇਡ ਲਾਇਸੇਂਸ ਦਾ ਨਵੀਨੀਕਰਣ ਕਰਵਾ ਪਾਣੀ ਦੇ ਪਲਾਂਟ ਚਲਾਉਣ ਦਾ ਸਨਸਨੀਖੇਜ਼ ਮਾਮਲਾ ਸਾਹਮਣੇ ਆਇਆ ਹੈ। ਦਸਿਆ ਗਿਆ ਹੈ ਕਿ ਨਿਗਮ ਦੇ ਅਧਿਕਾਰੀਆਂ ਦੀ ਮਿਲੀਭੁਗਤ ਦੇ ਨਾਲ ਅਜਿਹੇ ਚਾਰ ਪਲਾਂਟ ਦੇ ਹੈਲਥ ਟ੍ਰੇਡ ਲਾਇਸੇਂਸਾਂ ਦਾ ਲਗਾਤਾਰ ਨਵੀਨੀਕਰਣ (ਰਿਨਿਊ) ਕੀਤਾ ਜਾ ਰਿਹਾ ਹੈ। ਦਸਿਆ ਗਿਐ ਕਿ ਮਾਮਲਾ ਖੁਲ੍ਹ ਜਾਣ ਤੇ ਨਿਗਮ ਨੇ ਜਾਂਚ ਤਾਂ ਸ਼ੁਰੂ ਕਰਵਾ ਦਿੱਤੀ ਹੈ, ਪਰ ਸਵਾਲ ਉਠਦਾ ਹੈ ਕਿ ਜੇ ਇਨ੍ਹਾਂ ਪਲਾਂਟਾਂ ਵਿੱਚ ਕੋਈ ਘਟਨਾ ਜਾਂ ਗੜਬੜ ਹੋ ਜਾਂਦੀ ਤਾਂ ਉਸਦੇ ਲਈ ਜ਼ਿਮੇਂਦਾਰ ਕੌਣ ਹੁੰਦਾ? ਦਸਿਆ ਗਿਆ ਹੈ ਕਿ 1981 ਵਿੱਚ ਮੈਸਰਜ਼ ਨਵਭਾਰਤ ਰੇਫਰਿਜੇਰੇਸ਼ਨ ਦਾ ਲਾਇਸੰਸ ਨਿਹਾਲ ਚੰਦ ਦੇ ਨਾਂ ਨਾਲ ਬਣਿਆ ਸੀ। ਪ੍ਰੰਤੂ ਸੁਰੇਂਦਰ ਕਾਲੜਾ ਨੇ ਫਰਜ਼ੀ ਪਾਰਟਨਰਸ਼ਿਪ ਕਾਗਜ਼ ਤਿਆਰ ਕਰਵਾ 1992 ਵਿੱਚ ਹੈਲਥ ਟ੍ਰੇਡ ਲਾਇਸੰਸ (ਐਚਟੀਐਲ) ਆਪਣੇ ਨਾਂ ਕਰਵਾ ਲਿਆ। ਪਰ ਫੈਕਟਰੀ ਲਾਇਸੰਸ ਵਿੱਚ ਉਹ ਇਹ ਗੜਬੜੀ ਨਹੀਂ ਕਰਵਾ ਸਕਿਆ, ਇਸ ਤਰ੍ਹਾਂ ਉਸਦਾ ਮਾਲਕ ਨਿਹਾਲ ਚੰਦ ਹੀ ਰਿਹਾ। 1996 ਵਿੱਚ ਨਿਹਾਲ ਚੰਦ ਦੀ ਮੌਤ ਹੋ ਗਈ, ਉਸਤੋਂ ਬਾਅਦ ਸੁਰੇਂਦਰ ਕਾਲੜਾ ਨੇ ਫਰਜ਼ੀ ਹਲਫਨਾਮਾ ਦੇ ਨਗਰ ਨਿਗਮ ਤੋਂ ਲਗਾਤਾਰ ਫੈਕਟਰੀ ਲਾਇਸੰਸ ਦਾ ਨਵੀਨੀਕਰਣ ਕਰਵਾਂਦਾ ਚਲਿਆ ਆ ਰਿਹਾ ਹੈ। ਇਸੇਤਰ੍ਹਾਂ ਦੂਸਰੇ ਪਾਸੇ ਮੈਸਰਜ਼ ਸ਼ਿਵਾ ਰੈਫਰਿਜੇਰੇਸ਼ਨ ਦਾ ਫੈਕਟਰੀ ਲਾਇਸੰਸ ਅਤੇ ਐਚਟੀਐਲ 1984 ਵਿੱਚ ਕੇਵਲ ਰਾਮ ਦੇ ਨਾਂ ਪੁਰ ਬਣਿਆ ਸੀ। 1992 ਵਿੱਚ ਉਸਦੀ ਮੌਤ ਹੋ ਗਈ। ਉਸਤੋਂ ਬਾਅਦ ਸੁਰੇਂਦਰ ਕਾਲੜਾ ਨੇ ਹੀ ਆਪਣੀ ਪਤਨੀ ਨਾਂ ਫਰਜ਼ੀ ਪਾਰਟਨਰਸ਼ਿਪ ਕਾਗਜ਼ ਤਿਆਰ ਕਰਵਾ, ਐਚਟੀ-ਐਲ ਆਪਣੇ ਨਾਂ ਕਰਵਾ ਲਿਆ। ਇਨ੍ਹਾਂ ਤੋਂ ਬਿਨਾਂ ਦੋ ਹੋਰ ਫਰਮਾਂ ਇਸੇ ਤਰ੍ਹਾਂ ਫਰਜ਼ੀ ਤਰੀਕੇ ਨਾਲ ਫਰੀਦ ਅਤੇ ਦੌਲਤ ਰਾਮ ਦੇ ਨਾਂ ਤੇ ਪਾਣੀ ਦਾ ਕਾਰੋਬਾਰ ਕਰਦੀਆਂ ਚਲੀਆਂ ਆ ਰਹੀਆਂ ਹਨ।

ਮੰਨਿਆ ਜਾਂਦਾ ਹੈ ਕਿ ਵਾਟਰ ਕੂਲਿੰਗ ਪਲਾਂਟ ਸਮਾਲ ਸਕੇਲ ਇੰਡਸਟਰੀਜ਼ ਦੀ ਸ਼੍ਰੇਣੀ ਵਿੱਚ ਆਉਂਦੇ ਹਨ। ਪਲਾਂਟ ਮਾਲਕ ਜਲ ਬੋਰਡ ਪਾਸੋਂ ਪਾਣੀ ਖ੍ਰੀਦ, ਰੇਫਰਿਜੇਰੇਟਰ ਟੈਂਕ ਵਿੱਚ ਭਰ ਕੇ ਰਖਦੇ ਹਨ। ਇਸਤੋਂ ਬਾਅਦ ਪਾਣੀ ਟਰਾਲੀਆਂ ਅਤੇ ਜੱਗ ਆਦਿ ਵਿੱਚ ਭਰ ਸਪਲਾਈ ਕੀਤਾ ਜਾਂਦਾ ਹੈ। ਇਹ ਵੀ ਪਤਾ ਲਗਾ ਹੈ ਕਿ ਕਈ ਲੋਕੀ ਅਜਿਹੇ ਵੀ ਹਨ, ਜੋ ਬਿਨਾਂ ਲਾਇਸੰਸ ਦੇ ਹੀ (ਗੈਰ-ਕਾਨੂੰਨੀ) ਤਰੀਕੇ ਨਾਲ ਪਾਣੀ ਸਪਲਾਈ ਕਰ ਰਹੇ ਹਨ।

**ਅਤੇ ਅੰਤ ਵਿੱਚ :** ਸਮੇਂ-ਸਮੇਂ ਰਾਜਨੀਤੀ ਦੇ ਬਦਲਦੇ ਤੇਵਰਾਂ ਪੁਰ ਟਿੱਪਣੀ ਕਰਦਿਆਂ ਰਹਿਣ ਵਾਲੇ ਇੱਕ ਟਿੱਪਣੀਕਾਰ ਨੇ ਭਾਰਤੀ ਲੋਕਤੰਤਰ ਦੀ ਚਰਚਾ ਕਰਦਿਆਂ ਕਿਸੇ ਸਮੇਂ ਲਿਖਿਆ ਸੀ ਕਿ ਭਾਰਤੀ ਰਾਜਨੀਤੀ ਵਿੱਚ ਨਹਿਰੂ ਦਾ ਕੱਦ ਅਤੇ ਉਨ੍ਹਾਂ ਦੇ ਪ੍ਰਛਾਵੇਂ ਦਾ ਪ੍ਰਭਾਵ ਅੱਜ ਵੀ ਦੇਸ਼ ਭਰ ਵਿੱਚ ਵਿਖਾਈ ਦਿੰਦਾ ਹੈ। ਮਹਾਤਮਾ ਗਾਂਧੀ ਤੋਂ ਬਾਅਦ ਨਹਿਰੂ ਦੇਸ਼ ਦੇ ਇਕੋ-ਇੱਕ ਅਜਿਹੇ ਨੇਤਾ ਰਹੇ, ਜਿਨ੍ਹਾਂ ਦਾ ਪ੍ਰਭਾਵ ਰਾਸ਼ਟਰੀ ਅਤੇ ਅੰਤ੍ਰਰਾਸ਼ਟਰੀ ਰਾਜਨੀਤੀ ਤੋਂ ਲੈ ਕੇ ਦੇਸ ਦੇ ਸਮਾਜਕ ਤਾਣੇ-ਬਾਣੇ ਤੇ ਜਨਮਾਨਸ ਪੁਰ ਅੱਜ ਵੀ ਵਿਖਾਈ ਦਿੰਦਾ ਹੈ।

ਨਹਿਰੂ ਤੋਂ ਬਾਅਦ ਆਈਆਂ ਸਾਰੀਆਂ ਕਾਂਗ੍ਰਸੀ ਅਤੇ ਇਥੋਂ ਤਕ ਕਿ ਗੈਰ-ਕਾਂਗ੍ਰਸੀ ਸਰਕਾਰਾਂ ਵੀ ਨਹਿਰੂ ਦੇ ਬਣਾਏ ਮਾਡਲ ਨੂੰ ਹੀ ਧਿਆਨ ਵਿੱਚ ਰਖ ਕੰਮ ਕਰਦੀਆ ਰਹੀਆਂ ਅਤੇ ਉਨ੍ਹਾਂ ਦਾ ਪ੍ਰਭਾਵ ਸਰਕਾਰਾਂ ਦੇ ਕੰਮ-ਕਾਜ ਦੇ ਤਰੀਕਿਆਂ ਪੁਰ ਪਿਆ ਨਜ਼ਰ ਆਉਂਦਾ ਹੈ।

# ਪੰਜਾਬ ਨਾਲ ਹੁੰਦੀਆਂ ਵਧੀਕੀਆਂ ਦੇ ਜ਼ਿੰਮੇਵਾਰ ਕੌਣ?

(ਸਫਾ 9 ਦੀ ਬਾਕੀ)

ਵਿਚਕਾਂਗਰਸ ਨੇ ਚੋਣਾਂ ਦੌਰਾਨ ਕਰਜ਼ੇ ਮਾਫ਼ ਕਰਨ ਦੇ ਵਾਅਦੇ ਕੀਤੇ ਸਨ ਜਿਹੜੇ ਪੂਰੀ ਤਰ੍ਹਾਂ ਸਿਰੇ ਇਸ ਕਰ ਕੇ ਨਹੀਂ ਲੱਗ ਰਹੇ ਕਿ ਪੈਸੇ ਦੀ ਅਤਿਅੰਤ ਘਾਟ ਹੈ। ਕੇਂਦਰ ਸਰਕਾਰ ਅਤੇ ਖ਼ਾਸ ਕਰ ਕੇ ਦੇਸ਼ ਦੇ ਵਿੱਤ ਮੰਤਰੀ, ਪੰਜਾਬ ਦੀ ਕੋਈ ਮਦਦ ਕਰਨ ਨੂੰ ਤਿਆਰ ਨਹੀਂ। ਪੰਜਾਬ ਦੇਸ਼ ਦਾ ਇਕ ਸਰਹੱਦੀ ਸੂਬਾ ਹੈ। ਇਥੇ ਤਾਂ ਇਕ ਸਪੈਸ਼ਲ ਪੈਕੇਜ ਵੀ ਚਾਹੀਦਾ ਸੀ, ਜਿਸ ਬਾਰੇ ਨਾ ਤਾਂ ਮੰਗ ਕੀਤੀ ਗਈ ਹੈ ਅਤੇ ਨਾ ਹੀ ਕੇਂਦਰ ਦੀ ਸੋਚ ਹੈ।

ਇਕ ਗੱਲ ਇਥੇ ਹੋਰ ਕਰਨੀ ਵੀ ਵਾਜਬ ਹੋਵੇਗੀ। ਇੰਜ ਲਗਦਾ ਹੈ ਕਿ ਪੰਜਾਬ ਨੇ ਤਾਂ ਚੰਡੀਗੜ੍ਹ ਉਤੇ ਅਪਣਾ ਬਣਦਾ ਹੱਕ ਅਤੇ ਦਾਅਵਾਛੱਡ ਹੀ ਦਿਤਾ ਹੈ। ਇਸ ਸ਼ਹਿਰ ਵਿਚ ਬਾਹਰਲੇ ਸੂਬਿਆਂ ਤੋਂ ਆਏ ਹੋਇਆਂ ਨੂੰ ਕਾਲੋਨੀਆਂ ਸਸਤੇ ਮਕਾਨ ਅਤੇ ਉਨ੍ਹਾਂ ਦੇ ਪੁਨਰਵਾਸ ਲਈ ਸਹੂਲਤਾਂ ਦਿਤੀਆਂ ਜਾ ਰਹੀਆਂ ਹਨ। ਜੇ ਹਾਲਾਤ ਇਸੇ ਤਰ੍ਹਾਂ ਢਲਦੇ ਰਹੇ ਤਾਂ ਅਗਲੇ ਪੰਜ ਸਾਲਾਂ ਨੂੰ ਚੰਡੀਗੜ੍ਹ ਵਿਚ ਪੰਜਾਬੀ ਬੋਲਣਵਾਲੇ ਪੰਝੀ ਫ਼ੀ ਸਦੀ ਹੀ ਰਹਿ ਜਾਣਗੇ। ਅਸੀ ਮੋਰਚੇ ਲਗਾਏ, ਲੱਖ ਬੰਦਿਆਂ ਨੇ ਗ੍ਰਿਫ਼ਤਾਰੀਆਂ ਦਿਤੀਆਂ, ਹਜ਼ਾਰਾਂ ਮਾਰੇ ਗਏ ਅਤੇ ਫਿਰਨਤੀਜਾ ਸੱਭ ਦੇ ਸਾਹਮਣੇ ਹੈ ਕਿ ਚੰਡੀਗੜ੍ਹ ਤੇ ਅਸੀ ਲਗਭਗ ਅਪਣਾ ਹੱਕ ਹੀ ਛੱਡ ਦਿਤਾ ਹੈ।ਪੰਜਾਬ ਨਾਲ ਹੋਈਆਂ ਵਧੀਕੀਆਂ ਦੀਆਂ ਸੱਭ ਤੋਂ ਪਹਿਲਾਂ ਜ਼ਿੰਮੇਵਾਰ ਕੇਂਦਰ ਦੀਆਂ ਸਰਕਾਰਾਂ ਹਨ ਜਿਨ੍ਹਾਂ ਨੇ ਸੂਬੇ ਨਾਲ ਅਤੇ ਖ਼ਾਸ ਕਰ ਕੇ ਸਿੱਖਾਂ ਨਾਲ ਮਤਰੇਈ ਮਾਂ ਵਰਗਾ ਸਲੂਕ ਕਰ ਕੇ ਸਾਡੇ ਹੱਕਾਂ ਤੋਂ ਵਾਂਝਾ ਰਖਿਆ ਹੈ। ਉਸ ਤੋਂ ਬਾਅਦ ਸਾਡੇ ਅਕਾਲੀ ਨੇਤਾ ਵੀ ਬਰਾਬਰ ਦੇ ਜ਼ਿੰਮੇਵਾਰ ਹਨ। ਉਨ੍ਹਾਂ ਦੀ ਸਵਾਰਥੀ ਸੋਚ, ਕੌਮ ਅਤੇ ਸੂਬੇ ਦੇ ਹਿਤਾਂ ਉਤੇ ਭਾਰੀ ਰਹੀ ਹੈ ਅਤੇ ਇਸੇ ਕਰ ਕੇ ਨਾ ਤਾਂ ਕੁੱਝ ਕੌਮ ਦਾ ਬਣ ਸਕਿਆ ਹੈ ਅਤੇ ਨਾ ਹੀ ਪੰਜਾਬ ਦਾ। ਜੇ ਇਸ ਗੱਲ ਤੋਂ ਕਿਸੇ ਦੀ ਰਾਏ ਵਖਰੀ ਹੈ ਤਾਂ ਵੇਖ ਲਵੋ ਕਿ ਅੱਜ ਅਕਾਲੀ ਦਲ ਨੂੰ ਪੰਜਾਬ ਵਿਚ ਸਿੱਖਾਂ ਨੇ ਨਕਾਰ ਦਿਤਾ ਹੈ ਕਿਉਂਕਿ ਕੌਮ ਦੇ ਹਿਤਾਂ ਦੀ ਰਖਵਾਲੀ, ਪੈਰਵੀ ਤੇ ਨੁਮਾਇੰਦਗੀ ਨਹੀਂ ਕਰ ਸਕਿਆ। ਅਕਾਲੀ ਦਲ ਤਾਂ ਬਣਿਆ ਹੀ ਸਿੱਖ ਮੁਫ਼ਾਦ ਦੀ ਰਾਜਨੀਤਕ ਰਖਵਾਲੀ ਲਈ ਸੀ ਅਤੇ ਇਸ ਵਜੋਂ ਇਹ ਬਿਲਕੁਲ ਖਰੇ ਨਹੀਂ ਉਤਰੇ। ਅੱਜ ਲੋੜ ਹੈ ਕਿ ਕੇਂਦਰ ਨੂੰ ਸਪੱਸ਼ਟ ਕਿਹਾ ਜਾਵੇ ਕਿ ਪੰਜਾਬ ਵਿਚ ਆਰਥਕਤਾ ਦੇ ਬੋਝ ਨੂੰ ਹਲਕਾ ਕਰੇ। ਪੰਜਾਬ ਦੀਆਂ ਅਤੇ ਖ਼ਾਸ ਕਰ ਕੇ ਸਿੱਖ ਭਾਵਨਾਵਾਂ ਨੂੰ ਸਹੀ ਸਮਝਦੇ ਹੋਇਆਂ, ਸਾਡੀਆਂ ਮੰਗਾਂ ਦੀ ਪ੍ਰਵਾਨਗੀ ਹੋਵੇ। ਨਿਜੀ ਅਹੁਦੇ, ਰਾਜ ਭਾਗ ਤੇ ਕਾਬਜ਼ ਹੋਣਾ ਇਹ ਕੌਮੀ ਹਿਤਾਂ ਤੋਂ ਉਪਰ ਨਹੀਂ, ਇਸ ਗੱਲ ਨੂੰ ਸਪੱਸ਼ਟ ਸਮਝ ਲੈਣਾ ਚਾਹੀਦਾ ਹੈ। ਅਸੀ ਤਾਂ ਸਰੀਰਕ ਕੁਰਬਾਨੀ ਕਰਨ ਵਾਲੀ ਕੌਮ ਦੇ ਵਾਰਸ ਹਾਂ ਤਾਂ ਫਿਰ ਇਹ ਵਜ਼ੀਰੀਆਂ, ਅਹੁਦੇ ਅਤੇ ਵਕਤੀ ਰਾਜ-ਭਾਗ ਪਿੱਛੇ ਲੱਗ ਕੇ ਕੌਮੀ ਸੋਚ ਤੇ ਉਸ ਦੀ ਪ੍ਰਾਪਤੀ ਲਈ ਕਦਮ ਚੁਕਣੇ ਪੈਣਗੇ, ਨਹੀਂ ਤਾਂ ਆਗਾਮੀ ਚੋਣਾਂ ਵਿਚ ਹੋਰ ਵੀ ਨਮੋਸ਼ੀ ਵੇਖਣੀ ਪੈ ਸਕਦੀ ਹੈ।

# ਪੰਜਾਬ ਨੈਸ਼ਨਲ ਬੈਂਕ ਘੁਟਾਲਾ ਕਿਵੇਂ ਹੋਇਆ?

(ਸਫਾ 8 ਦੀ ਬਾਕੀ)

ਅਧਿਕਾਰੀਆਂ ਵਲੋਂ ਨੀਰਵ ਮੋਦੀ ਨੂੰ ਇਹ ਪੱਤਰ ਇਕ ਸਾਲ ਜਾਂ ਇਸ ਤੋਂ ਵਧੇਰੇ ਸਮੇਂ ਲਈ ਜਾਰੀ ਕੀਤੇ ਜਾਂਦੇ ਰਹੇ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਨਿਯਮਾਂ ਤੋਂ ਉਲਟ ਜਾਰੀ ਕੀਤੇ ਜਾ ਰਹੇ ਇਨ੍ਹਾਂ ਪੱਤਰਾਂ ਦੇ ਸਬੰਧ ਵਿਚ ਬੈਂਕ ਦੇ ਕਿਸੇ ਉੱਚ ਅਧਿਕਾਰੀ ਨੇ ਵੀ ਕੋਈ ਧਿਆਨ ਨਹੀਂ ਦਿੱਤਾ ਸੀ। ਸੀ. ਬੀ. ਆਈ ਨੂੰ ਘੁਟਾਲੇ ਵਿਚ ਬੈਂਕ ਦੇ ਕਈ ਉੱਚ ਅਧਿਕਾਰੀਆਂ ਦੇ ਸ਼ਾਮਿਲ ਹੋਣ ਦਾ ਵੀ ਸ਼ੱਕ ਹੈ।

ਬੈਂਕ ਦੇ ਸਾਬਕਾ ਡਿਪਟੀ ਜਨਰਲ ਮੈਨੇਜਰ ਗੋਕੁਲਨਾਥ ਸ਼ੈਟੀ ਨੂੰ ਗ੍ਰਿਫ਼ਤਾਰ ਕਰਕੇ ਪੁੱਛਗਿੱਛ ਕੀਤੀ ਜਾ ਰਹੀ ਹੈ। ਮੋਦੀ ਵਲੋਂ ਬੈਂਕ ਕੋਲੋਂ ਕਰਜ਼ਾ ਲੈਣ ਸਮੇਂ ਗੋਕੁਲਨਾਥ ਬੈਂਕ ਦਾ ਡਿਪਟੀ ਜਨਰਲ ਮੈਨੇਜਰ ਸੀ। ਗੋਕੁਲਨਾਥ ਪਿਛਲੇ ਸਾਲ ਹੀ ਸੇਵਾ-ਮੁਕਤ ਹੋਇਆ ਹੈ। ਸੀ. ਬੀ. ਆਈ. ਨੇ ਬੈਂਕ ਦੇ ਸਿੰਗਲ ਵਿੰਡੋ ਆਪ੍ਰੇਟਰ ਮਨੋਜ ਖਰਾਟ ਨੂੰ ਵੀ ਗ੍ਰਿਫ਼ਤਾਰ ਕੀਤਾ ਹੈ।

ਸਿੰਗਲ ਵਿੰਡੋ ਆਪ੍ਰੇਟਰ ਬੈਂਕ ਦੀ ਕਾਰਜ ਪ੍ਰਣਾਲੀ ਵਿਚ ਆਪਣੇ ਪਾਸਵਰਡ ਰਾਹੀਂ ਕਿਸੇ ਵੀ ਪ੍ਰਕਾਰ ਦੀ ਤਬਦੀਲੀ ਕਰ ਸਕਦਾ ਹੈ। ਗੋਕੁਲਨਾਥ ਤੇ ਖਰਾਟ ਨੇ ਰਲ ਕੇ ਮੋਦੀ ਨੂੰ 150 ਤੋਂ ਵੀ ਵਧੇਰੇ ਸਮਝੌਤਾ ਤੇ ਕਰਜ਼ੇ ਦੇ ਪੱਤਰ ਜਾਰੀ ਕੀਤੇ ਸਨ।

ਬਾਅਦ ਵਿਚ ਇਨ੍ਹਾਂ ਪੱਤਰਾਂ ਨੂੰ ਬੈਂਕ ਦੇ ਰਿਕ-ਾਰਡ ਵਿਚੋਂ ਗਾਇਬ ਕਰ ਦਿੱਤਾ ਗਿਆ। ਸੀ. ਬੀ. ਆਈ. ਦੇ ਅਧਿਕਾਰੀਆਂ ਅਨੁਸਾਰ ਬੈਂਕ ਦੇ ਅਧਿਕਾਰੀਆਂ ਨੇ ਮੋਦੀ ਨਾਲ ਵੀ ਪਾਸਵਰਡ ਸਾਂਝੇ ਕੀਤੇ ਸਨ। ਮੋਦੀ ਨੇ ਖ਼ੁਦ ਵੀ ਕਈ ਐਲ. ਓ. ਯੂ. ਜਾਰੀ ਕੀਤੇ ਹੋਏ ਸਨ।

**ਕਿਸ 'ਤੇ ਪਵੇਗਾ ਘੁਟਾਲੇ ਦਾ ਅਸਰ?:** ਅੱਜਕਲ੍ਹ ਕਈਆਂ ਲੋਕਾਂ ਵਲੋਂ ਕਰਜ਼ਾ ਲੈ ਕੇ ਵਾਪਸ ਨਾ ਕਰਨ ਕਾਰਨ ਬੈਂਕ ਵਿੱਤੀ ਸੰਕਟ ਵਿਚ ਹਨ। ਨਾਨ-ਪ੍ਰ-ਫੋਰਮਿੰਗ ਐਸਟਸ ਖਾਤਿਆਂ (ਕਰਜ਼ਾ ਨਾ ਮੋੜਨ ਵਾਲੇ ਵਿਅਕਤੀਆਂ ਦੇ ਖਾਤੇ) ਦੀਆਂ ਸੂਚੀਆਂ ਦਿਨੋ-ਦਿਨ ਲੰਮੀਆਂ ਹੋ ਰਹੀਆਂ ਹਨ। ਇਸ ਨਾਲ ਦੇਸ਼ ਦੀ ਜੀ. ਡੀ. ਪੀ. (ਕੁੱਲ ਘਰੇਲੂ ਉਤਪਾਦਨ) 'ਤੇ ਵੀ ਬੁਰਾ ਅਸਰ ਪੈ ਰਿਹਾ ਹੈ।

ਸਾਨੂੰ ਸਭ ਨੂੰ ਅਜਿਹੇ ਘੁਟਾਲਿਆਂ ਦਾ ਅਸਰ ਬੈਂਕਾਂ ਜਾਂ ਸਰਕਾਰ 'ਤੇ ਹੁੰਦਾ ਜਾਪਦਾ ਹੈ ਪਰ ਅਸਿੱਧੇ ਤੌਰ 'ਤੇ ਇਹ ਅਸਰ ਸਾਡੇ-ਤੁਹਾਡੇ ਭਾਵ ਦੇਸ਼ ਦੇ ਲੋਕਾਂ 'ਤੇ ਪੈਂਦਾ ਹੈ। ਕਰਾਂ ਰਾਹੀਂ ਜਨਤਾ ਕੋਲੋਂ ਪੈਸਾ ਵਸੂਲ ਕੇ ਅਜਿਹੇ ਘੁਟਾਲਿਆਂ ਵਿਚ ਸਰਕਾਰ ਜਾਂ ਬੈਂਕਾਂ ਨੂੰ ਲੱਗੇ ਚੂਨੇ ਨੂੰ ਪੂਰਾ ਕੀਤਾ ਜਾਂਦਾ ਹੈ।

ਸਾਡੇ ਦੇਸ਼ ਦੇ ਲੋਕ ਤਾਂ ਪਹਿਲਾਂ ਹੀ ਕਰਾਂ ਦੇ ਬੋਝ ਹੇਠ ਦੱਬੇ ਹੋਏ ਹਨ। ਇਸੇ ਕਰਕੇ ਸਰਕਾਰ ਦਿਨ-ਰਾਤ ਨੀਰਵ ਮੋਦੀ ਦੀਆਂ ਜਾਇਦਾਦਾਂ 'ਤੇ ਕਬਜ਼ਾ ਕਰਕੇ ਘੁਟਾਲੇ ਦੀ ਰਕਮ ਨੂੰ ਪੂਰਾ ਕਰਨ ਵਿਚ ਲੱਗੀ ਹੋਈ ਹੈ। ਹੁਣ ਦੇਖਣਾ ਇਹ ਹੈ ਕਿ ਸਰਕਾਰ ਘੁਟਾਲੇ ਦੀ ਕਿੰਨੀ ਕੁ ਰਕਮ ਨੂੰ ਪੂਰਾ ਕਰਨ ਵਿਚ ਸਫ਼ਲ ਹੁੰਦੀ ਹੈ।

# ਚੀਫ਼ ਖ਼ਾਲਸਾ ਦੀਵਾਨ ਦੀਆਂ ਚੋਣਾਂ ਵਿੱਚ ਮਚਿਆ ਘਮਸਾਨ

ਚੀਫ ਖਾਲਸਾ ਦੀਵਾਨ ਸਿੱਖਾਂ ਦੀ ਇੱਕੋ-ਇੱਕ ਸਿਰਮੌਰ ਤਾਲੀਮੀ ਸੰਸਥਾ ਹੈ। ਹਰ ਵਰਗ ਦੀਆਂ ਆਪੋ- ਆਪਣੀਆਂ ਸੰਸਥਾਵਾਂ ਹੁੰਦੀਆਂ ਹਨ, ਜਿਨ੍ਹਾਂ ਦਾ ਕੰਮ ਹੁੰਦਾ ਹੈ ਆਪਣੀ ਪਛਾਣ ਨੂੰ ਮਹਿਫੂਜ਼ ਰੱਖਣਾ ਤੇ ਵਧਾਉਣਾ, ਅਤੇ ਅੰਦਰੋਂ ਬਾਹਰੋਂ ਹੁੰਦੇ ਹਰ ਕਿਸਮ ਦੇ ਹਮਲਿਆਂ ਤੋਂ ਇਸ ਨੂੰ ਬਚਾਉਣਾ। ਇਨ੍ਹਾਂ ਵਿੱਚ ਕਿਸੇ ਕਿਸਮ ਦੀ ਸਿਆਸਤ ਨਹੀਂ ਹੁੰਦੀ ਅਤੇ ਨਾ ਹੀ ਹੋਣੀ ਚਾਹੀਦੀ ਹੈ। ਜੇ ਇਹ ਸੰਸਥਾ ਕਿਸੇ ਵਕਤ ਕਿਸੇ ਵੀ ਸ਼ੱਕ ਦੇ ਘੇਰੇ ਵਿੱਚ ਆਏ ਤਾਂ ਸਬੰਧਤ ਸਮਾਜ ਦੀ ਜ਼ਿੰਮੇਵਾਰੀ ਬਣ ਜਾਂਦੀ ਹੈ ਕਿ ਇਸ ਨੂੰ ਟੁੱਟਣ ਤੋਂ ਬਚਾਇਆ ਜਾਵੇ। ਚੀਫ ਖਾਲਸਾ ਦੀਵਾਨ ਜਦੋਂ ਹੋਂਦ ਵਿੱਚ ਆਇਆ, ਉਸ ਵਕਤ ਜਾਂ ਵਜ੍ਹਾ 'ਤੇ ਨਜ਼ਰ ਮਾਰਨੀ ਇੱਥੇ ਢੁਕਵੀਂ ਹੋਵੇਗੀ।

ਸਿੱਖ ਰਾਜ ਉੱਤੇ ਬ੍ਰਿਟਿਸ਼ ਕਬਜ਼ੇ ਨਾਲ ਸਭ ਧਰਮਾਂ ਵਾਲਿਆਂ ਨੇ ਆਪੋ-ਆਪਣੀਆਂ ਸਮਾਜਿਕ, ਤਾਲੀਮੀ ਤੇ ਸੱਭਿਆਚਾਰਕ ਕਾਰਵਾਈਆਂ ਸ਼ੁਰੂ ਕੀਤੀਆਂ। ਇਨ੍ਹਾਂ ਸਦਕਾ ਧਰਮ ਆਧਾਰਿਤ ਵਿਦਿਅਕ ਸੰਸਥਾਵਾਂ ਵੀ ਹੋਂਦ ਵਿੱਚ ਆਈਆਂ। ਸਿੱਖ ਕੌਮ ਨੂੰ ਅਜੇ ਸੰਭਲਿਆਂ 50 ਵਰ੍ਹੇ ਵੀ ਨਹੀਂ ਸੀ ਹੋਏ ਕਿ ਅਜਿਹੇ ਹਾਲਾਤ ਪੈਦਾ ਹੋਏ ਕਿ ਭਾਈ ਕਾਨ੍ਹ ਸਿੰਘ ਨਾਭਾ ਨੂੰ 'ਹਮ ਹਿੰਦੂ ਨਹੀਂ' ਕਿਤਾਬ ਲਿਖਣੀ ਪਈ। ਇਸ ਵਿਦਵਾਨ ਦੀ ਕਿਤਾਬ ਦੇ ਨਾਮ ਨੇ ਹੀ ਉਹ ਹਾਲਾਤ ਕੁੱਜੇ ਵਿੱਚ ਸਮੁੰਦਰ ਬੰਦ ਕਰਕੇ ਸਾਨੂੰ ਜਾਗਣ ਅਤੇ ਹੁਸ਼ਿਆਰ ਹੋਣ ਵਾਸਤੇ ਆਗਾਹ ਕੀਤਾ। ਭਾਈ ਸਾਹਿਬ ਨੂੰ ਇਹ ਕਿਤਾਬ ਉਨ੍ਹਾਂ ਲੋਕਾਂ ਨੂੰ ਜਵਾਬ ਦੇਣ ਵਾਸਤੇ ਲਿਖਣੀ ਪਈ ਜੋ ਅੱਜ ਰਾਜ ਸੱਤਾ 'ਤੇ ਕਾਬਜ਼ ਹਨ ਅਤੇ ਘੱਟ ਗਿਣਤੀ ਦੀ ਕਲਚਰ ਅਤੇ ਪਛਾਣ ਖ਼ਤਮ ਕਰਨ ਲਈ ਸਿੱਖ ਸੰਸਥਾਵਾਂ ਵਿੱਚ ਦਾਖਲ ਹੋ ਗਏ ਹਨ। ਇਹ ਲੋਕ ਆਪਣੀ ਸਾਰੀਆਂ ਸਰਕਾਰੀ ਸ਼ਕਤੀਆਂ ਦਾ ਦੁਰਉਪਯੋਗ ਕਰ ਰਹੇ ਹਨ, ਜਿਵੇਂ ਸਕੂਲਾਂ ਦੇ ਪਾਠਕ੍ਰਮ ਵਿੱਚ ਤਬਦੀਲੀ ਕਰਨੀ ਅਤੇ ਸਾਰੇ ਭਾਰਤੀਆਂ ਨੂੰ ਹਿੰਦੂ ਦੱਸਣਾ ਆਦਿ।

ਅੱਜ ਦੇ ਹਾਲਾਤ ਉਸ ਵਕਤ ਨਾਲੋਂ ਜ਼ਿਆਦਾ ਗੰਭੀਰ ਹਨ। ਜਿੱਥੇ ਸਿੱਖੀ ਵਿਰੋਧੀਆਂ ਪਾਸ ਅਥਾਹ ਸਰਮਾਇਆ ਹੈ ਤੇ ਰਾਜ ਸੱਤਾ ਹੈ, ਉੱਥੇ ਸਾਡੇ ਕਿਰਦਾਰ ਦੀ ਗਿਰਾਵਟ ਕਾਰਨ ਸਾਡੇ ਵਿੱਚ ਵੀ ਵਿਕਾਊ ਮਾਲ ਬਹੁਤ ਹੈ।

ਇਸ ਦਾ ਇੱਕ ਸੈਂਪਲ ਮੈਂ ਵੀ ਦੇਖਿਆ ਤੇ ਵਿਚਾਰਿਆ ਹੈ। 1984 ਦੇ ਕਤਲੇਆਮ ਤੋਂ ਬਾਅਦ ਜਦੋਂ ਚੋਣਾਂ ਦਾ ਦੌਰ ਸ਼ੁਰੂ ਹੋਇਆ (ਤੇ ਬਾਅਦ ਵਿੱਚ ਬਰਨਾਲਾ ਸਰਕਾਰ ਬਣੀ) ਤਾਂ ਮੈਨੂੰ ਵਾਹਵਾ ਮੋਟੀ ਰਕਮ (ਉਸ ਵਕਤ ਦੀ, ਅੱਜ ਦੀ ਨਹੀਂ) ਦੀ ਪੇਸ਼ਕਸ਼ ਹੋਈ, ਐਸਜੀਪੀਸੀ ਦੀ ਚੋਣ ਲੜਨ ਲਈ। ਜੋ ਮਿੱਤਰ ਇਹ ਪੇਸ਼ਕਸ਼ ਲੈ ਕੇ ਆਇਆ, ਉਸ ਨੂੰ ਮੈਂ ਪੁੱਛਿਆ ਕਿ ਮੇਰੇ ਵਿੱਚ ਐਸੀ ਕੀ ਖਾਸੀਅਤ ਹੈ? ਉਸ ਨੇ ਦੱਸਿਆ ਕਿ ਇੱਕ ਤਾਂ ਪਰਿਵਾਰਕ ਪਿਛੋਕੜ ਅਤੇ ਦੂਜਾ, ਕੋਈ ਇਹ ਸਵਾਲ ਨਾ ਕਰ ਸਕੇ ਕਿ ਪੈਸਾ ਕਿੱਥੋਂ ਆਇਆ। ਹੁਣ ਚੀਫ਼ ਖਾਲਸਾ ਦੀਵਾਨ ਦੀਆਂ ਚੋਣਾਂ ਹੋ ਰਹੀਆਂ ਹਨ ਜਿੱਥੇ ਸਮੂਹ ਮੈਂਬਰਾਂ ਨੂੰ ਆਪਣੀ ਨਿਵੇਕਲੀ ਹੋਂਦ ਦਾ ਅਹਿਸਾਸ ਹੋਣਾ ਚਾਹੀਦਾ ਹੈ, ਉੱਥੇ ਨਾਲ ਹੀ ਜੋ ਮੈਂਬਰ ਚੋਣ ਲੜਨ ਆ ਰਹੇ ਹਨ, ਉਨ੍ਹਾਂ ਦੀ ਸਿੱਖੀ ਅਸੂਲਾਂ ਪ੍ਰਤੀ ਵਚਨਬੱਧਤਾ ਅਤੇ ਇਸ 'ਤੇ ਪਹਿਰਾ ਦੇਣ ਦੀ ਹਿੰਮਤ ਹੋਣੀ ਚਾਹੀਦੀ ਹੈ। ਚੀਫ਼ ਖਾਲਸਾ ਦੀਵਾਨ, ਕੌਮ ਦੀ ਵਿਦਿਅਕ-ਧਾਰਮਿਕ ਸੰਸਥਾ ਹੈ। ਇਸ ਦਾ ਕੰਮ ਹੀ ਕੌਮ 'ਤੇ ਹੋ ਰਹੇ ਹਮ-ਲਿਆਂ ਦੀ ਰੋਕਣਾ ਹੈ ਪਰ ਅੱਜ ਕੱਲ੍ਹ ਜੋ ਇਸ ਸੰਸਥਾ ਦੇ ਮੈਂਬਰਾਂ ਵਿਚਕਾਰ ਹੋ ਰਿਹਾ ਹੈ, ਉਸ ਨਾਲ ਕੌਮ ਦੇ ਸਾਰੇ ਹਿੱਤ ਨੂੰ ਦਰਕਿਨਾਰ ਹੋ ਗਏ ਹਨ ਅਤੇ ਅਹੁਦੇਦਾਰਾਂ ਤੇ ਮੈਂਬਰਾਂ ਦੇ ਨਿੱਜੀ ਮੁਫਾਦ ਪ੍ਰਤੱਖ ਰੂਪ ਵਿੱਚ ਸਾਹਮਣੇ ਆ ਗਏ ਹਨ। ਸੰਸਥਾ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਵੱਲੋਂ ਸਿੱਖੀ ਚਰਿੱਤਰ ਅਤੇ ਸਿੱਖੀ ਅਸੂਲਾਂ ਤੋਂ ਦੂਰ ਹੋਣਾ ਹੀ ਇਸ ਸੰਸਥਾ ਵਿੱਚ ਆਈ ਗਿਰਾਵਟ ਦੇ ਮੁੱਖ ਕਾਰਨ ਹਨ। ਇਸ ਨੇ ਆਰਐੱਸਐੱਸ ਅਤੇ ਭਾਜਪਾ ਵਰਗੀਆਂ ਘੱਟ ਗਿਣਤੀ ਵਿਰੋਧੀ ਸ਼ਕਤੀਆਂ ਨੂੰ ਇਸ ਸੰਸਥਾ ਦੇ ਅੰਦਰ ਆਉਣ ਦਾ ਰਸਤਾ ਖੋਲ੍ਹ ਦਿੱਤਾ ਹੈ। ਇਨ੍ਹਾਂ ਵਿੱਚੋਂ ਇੱਕ ਨੇ ਚੀਫ਼ ਖਾਲਸਾ ਦੀਵਾਨ ਵਿੱਚੋਂ ਅੰਮ੍ਰਿਤਧਾਰੀ ਮੈਂਬਰ ਹੋਣ ਦੀ ਸ਼ਰਤ ਰੱਦ ਕਰਨ ਦੀ ਮੰਗ ਕੀਤੀ ਸੀ। ਬਾਅਦ ਵਿੱਚ ਇਸੇ ਹੀ ਮੈਂਬਰ ਨੇ ਨਾਨਕਸ਼ਾਹੀ ਕੈਲੰਡਰ ਰੱਦ ਕਰਵਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਸੀ।

ਅਕਾਲੀ ਦਲ, ਕਾਂਗਰਸ ਅਤੇ ਭਾਜਪਾ ਸਿਆਸੀ ਪਾਰਟੀਆਂ ਹਨ। ਇਨ੍ਹਾਂ ਵਿੱਚ ਜੋ ਸਿੱਖ ਹਨ, ਉਨ੍ਹਾਂ ਨੂੰ ਇਸ ਅਦਾਰੇ ਵਿੱਚ ਆਪੋ -ਆਪਣੀ ਸਿਆਸੀ ਪਾਰਟੀ ਦਾ ਗੁਣਗਾਨ ਕਰਨ ਜਾਂ ਬੀਨ ਵਜਾਉਣ ਤੋਂ ਗੁਰੇਜ਼ ਕਰਨਾ ਪਵੇਗਾ। ਇੱਥੇ ਸਿਰਫ ਤੇ ਸਿਰਫ ਗੁਰੂ ਗ੍ਰੰਥ ਸਾਹਿਬ ਨੂੰ ਸਮਰਪਿਤ ਹੋ ਕੇ ਆਪਣੇ ਧਰਮ, ਜ਼ੁਬਾਨ ਤੇ ਕਿਰਦਾਰ ਦੀ ਰਾਖੀ ਕਰਨੀ ਹੀ ਬਣਦੀ ਹੈ। ਇਸ ਲਿਖਤ ਦੀ ਜ਼ਰੂਰਤ ਮੈਂ ਇਸ ਕਰਕੇ ਮਹਿਸੂਸ ਕੀਤੀ, ਕਿਉਂਕਿ 2014 ਦੀਆਂ ਚੋਣਾਂ ਵਿੱਚ ਐਸਜੀਪੀਸੀ, ਜੋ ਨਿਰੋਲ ਸਿੱਖਾਂ ਦੀ ਸੰਸਥਾ ਹੈ ਤੇ ਜਿਸ ਦੀ ਜ਼ਿੰਮੇਵਾਰੀ ਹੀ ਗੁਰਧਾਮਾਂ ਦੀ ਦੇਖ-ਭਾਲ ਤੇ ਧਰਮ ਪ੍ਰਚਾਰ ਕਰਨਾ ਹੈ, ਨੇ ਆਪਣੇ ਸਿਆਸੀ ਆਗੂਆਂ ਦੀ ਜੀ ਹਜ਼ੂਰੀ ਕਰਦਿਆਂ ਆਪਣੀ ਸਿੱਖ ਸੰਸਥਾ ਹੋਣ ਦਾ ਰੋਲ ਤਿਆਗ ਕੇ ਸਿਆਸੀ ਭੂਮਿਕਾ ਨਿਭਾਈ। ਇਹੋ ਖਦਸ਼ਾ ਹੁਣ ਚੀਫ਼ ਖਾਲਸਾ ਦੀਵਾਨ ਵਿੱਚ ਵੀ ਨਜ਼ਰ ਆ ਰਿਹਾ ਹੈ। ਕੇਂਦਰ ਸਰਕਾਰ ਨੇ ਘੱਟ ਗਿਣਤੀਆਂ ਦੇ ਵਿਦਵਾਨਾਂ, ਆਜ਼ਾਦ ਸੋਚਣੀ ਵਾਲੇ ਵਿਦਵਾਨਾਂ ਅਤੇ ਘੱਟ ਗਿਣਤੀਆਂ ਦੇ ਧਾਰਮਿਕ ਅਤੇ ਵਿਦਿਅਕ ਅਦਾਰਿਆਂ ਵਿੱਚ ਸਿੱਧ ਅਤੇ ਅਸਿੱਧੇ ਤਰੀਕੇ ਨਾਲ ਵਾਰ ਜਾਰੀ ਰੱਖੇ ਹੋਏ ਹਨ। ਸਕੂਲਾਂ-ਕਾਲਜਾਂ ਦੇ ਪਾਠਕ੍ਰਮ ਤਬਦੀਲ ਕੀਤੇ ਜਾ ਰਹੇ ਹਨ। ਇਤਿਹਾਸ ਦੁਬਾਰਾ ਲਿਖਣ ਦਾ ਪ੍ਰੋਗਰਾਮ ਆਰੰਭ ਹੋ ਚੁੱਕਿਆ ਹੈ ਇਹ ਸਭ ਘੱਟ ਗਿਣਤੀਆਂ ਵਾਸਤੇ ਖ਼ਤਰੇ ਦੀ ਘੰਟੀ ਹੈ। ਐਸੇ ਮਾਹੌਲ ਵਿੱਚ ਸਾਡੇ ਸਬੰਧਤ ਪਾਠਕ੍ਰਮ ਦੀ ਰਾਖੀ ਕਰਨਾ ਚੀਫ਼ ਖਾਲਸਾ ਦੀਵਾਨ ਦਾ ਫਰਜ਼-ਏ-ਅੱਵਲ ਹੈ। ਜੋ ਮਾਹੌਲ ਹੈ, ਉਸ ਵਿੱਚ ਸਾਡੇ ਪਾਸ ਸਿਰਫ ਚੀਫ਼ ਖਾਲਸਾ ਦੀਵਾਨ ਹੀ ਅਜਿਹੀ ਵਿਦਿਅਕ ਸੰਸਥਾ ਹੈ ਜਿਸ ਦੀ ਭੂਮਿਕਾ ਹੁਣ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਅਹਿਮ ਹੋ ਗਈ ਹੈ।



ਭਾਈ ਅਸ਼ੋਕ ਸਿੰਘ ਬਾਗੜੀਆਂ

ਚੀਫ਼ ਖਾਲਸਾ ਦੀਵਾਨ ਦੇ ਵੋਟਰਾਂ ਨੂੰ ਚਾਹੀਦਾ ਹੈ ਕਿ ਉਹ ਚੋਣ ਲੜਨ ਵਾਲੇ ਹਰ ਨੁਮਾਇੰਦੇ ਦੇ ਸਿੱਖੀ ਜੀਵਨ ਨੂੰ ਘੋਖ਼ ਲੈਣ। ਇਸ ਤੋਂ ਬਾਅਦ ਹੀ ਉਹ ਆਪਣੇ ਵੋਟ ਦਾ ਇਸਤੇਮਾਲ ਕਰਨ। ਅਸੂਲਾਂ ਨੂੰ ਛਿੱਕੇ ਟੰਗ ਕੇ ਲਾਲਚਵੱਸ ਹੋ ਕੇ ਕੀਤੀ ਚੋਣ ਇਸ ਸੰਸਥਾ ਦਾ ਉਹ ਨੁਕਸਾਨ ਕਰੇਗੀ ਜੋ ਕਦੇ ਵੀ ਪੂਰਾ ਨਹੀਂ ਕੀਤਾ ਜਾ ਸਕੇਗਾ।

## ਜਲ੍ਹਿਆਂਵਾਲਾ ਬਾਗ਼ ਸਾਕੇ ਦੇ ਸ਼ਹੀਦਾਂ ਦੀ ਸੂਚੀ ਬਣਾਉਣ 'ਚ ਸਰਕਾਰਾਂ ਨਾਕਾਮ

ਅੰਮ੍ਰਿਤਸਰ- ਇਤਿਹਾਸਕ ਜਲ੍ਹਿਆਂਵਾਲਾ ਬਾਗ਼ ਵਿੱਚ ਸ਼ਹੀਦ ਊਧਮ ਸਿੰਘ ਦਾ ਬੁੱਤ ਭਲਕੇ 13 ਮਾਰਚ ਨੂੰ ਸਥਾਪਤ ਕੀਤਾ ਜਾਵੇਗਾ। ਸ਼ਹੀਦ ਦੇ ਬੁੱਤ ਤੋਂ ਪਰਦਾ ਹਟਾਉਣ ਦੀ ਰਸਮ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨਿਭਾਉਣਗੇ। ਸ਼ਹੀਦ ਊਧਮ ਸਿੰਘ ਦਾ ਬੁੱਤ ਭਾਵੇਂ ਜਲ੍ਹਿਆਂਵਾਲਾ ਬਾਗ਼ ਸਾਕੇ ਦੇ 99 ਸਾਲਾਂ ਮਗਰੋਂ ਸਥਾਪਤ ਹੋ ਰਿਹਾ ਹੈ, ਪਰ ਇਸ ਸਾਕੇ ਦੌਰਾਨ ਮਾਰੇ ਲੋਕਾਂ ਦੀ ਅਧਿਕਾਰਤ ਸੂਚੀ ਬਣਾਉਣ ਵਿੱਚ ਸਰਕਾਰਾਂ ਅੱਜ ਤਕ ਨਾਕਾਮ ਰਹੀਆਂ ਹਨ। ਇਸ ਤੋਂ ਇਲਾਵਾ ਕੌਮੀ ਯਾਦਗਾਰ ਦੇ ਵਿਕਾਸ ਦੀ ਯੋਜਨਾ ਵੀ ਹਮੇਸ਼ਾਂ ਸਿਆਸਤ ਦੀ ਭੇਟ ਚੜ੍ਹ ਕੇ ਠੰਢੇ ਬਸਤੇ ਵਿੱਚ ਹੀ ਰਹੀ ਹੈ। 13 ਅਪਰੈਲ 1919 ਨੂੰ ਵਾਪਰੇ ਸਾਕੇ ਦੌਰਾਨ ਇਥੇ ਸੈਂਕੜੇ ਲੋਕ ਮਾਰੇ ਗਏ ਸਨ ਅਤੇ ਸੈਂਕੜੇ ਹੀ ਜ਼ਖ਼ਮੀ ਹੋਏ ਸਨ। ਵੇਰਵਿਆਂ ਮੁਤਾਬਕ ਮਾਰੇ ਗਏ ਅਤੇ ਜ਼ਖ਼ਮੀ ਹੋਏ ਲੋਕਾਂ ਦੀ ਗਿਣਤੀ ਬਾਰੇ ਹੁਣ ਤਕ ਵੱਖ ਵੱਖ ਸੂਚੀਆਂ ਬਣੀਆਂ ਹੋਈਆਂ ਹਨ, ਪਰ ਸਰਕਾਰ ਵੱਲੋਂ ਕਿਸੇ ਵੀ ਇਕ ਸੂਚੀ ਨੂੰ ਮਾਨਤਾ ਨਹੀਂ ਦਿੱਤੀ ਗਈ ਹੈ। ਕੁਝ ਸਾਲ ਪਹਿਲਾਂ ਕੇਂਦਰ ਸਰਕਾਰ ਨੇ ਮਾਰੇ ਗਏ ਲੋਕਾਂ ਦੀ ਅਧਿਕਾਰਤ ਸੂਚੀ ਬਣਾਉਣ ਦਾ ਉਪਰਾਲਾ ਵਿੱਢਿਆ ਸੀ, ਪਰ ਕਈ ਸਾਲ ਬੀਤਣ ਮਗਰੋਂ ਵੀ ਇਸ ਸੂਚੀ ਦਾ ਕੋਈ ਥਹੁ ਪਤਾ ਨਹੀਂ ਹੈ। ਇਥੇ ਜਲ੍ਹਿਆਂਵਾਲਾ ਬਾਗ਼ ਦੇ ਅੰਦਰ ਲੱਗੇ ਬੋਰਡ 'ਤੇ ਅੰਗਰੇਜ਼ਾਂ ਦੀਆਂ ਗੋਲੀਆਂ ਦਾ ਨਿਸ਼ਾਨਾ ਬਣੇ ਲੋਕਾਂ ਦੀ ਗਿਣਤੀ 379 ਦਰਜ ਹੈ, ਜਿਨ੍ਹਾਂ ਵਿੱਚ ਸੱਤ ਮਹੀਨਿਆਂ ਦਾ ਇਕ ਬੱਚਾ ਵੀ ਸ਼ਾਮਲ ਹੈ ਅਤੇ 1500 ਵਿਅਕਤੀਆਂ ਨੂੰ ਜ਼ਖ਼ਮੀ ਦੱਸਿਆ ਗਿਆ ਹੈ। ਇਹ ਸੂਚੀ ਜਲ੍ਹਿਆਂਵਾਲਾ ਬਾਗ਼ ਨੈਸ਼ਨਲ ਮੈਮੋਰੀਅਲ ਟਰਸੱਟ ਵੱਲੋਂ ਬਣਾਈ ਗਈ ਹੈ। ਉਧਰ ਅੰਮ੍ਰਿਤਸਰ ਪ੍ਰਸ਼ਾਸਨ ਕੋਲ 501 ਵਿਅਕਤੀਆਂ ਦੇ ਮਾਰੇ ਜਾਣ ਦੀ ਸੂਚੀ ਹੈ, ਜਿਨ੍ਹਾਂ ਵਿਚ ਕਈ ਵਿਅਕਤੀਆਂ ਦਾ ਥਹੁ-ਪਤਾ ਨਹੀਂ ਮਿਲਿਆ ਸੀ। ਇਸੇ ਤਰ੍ਹਾਂ ਜਲ੍ਹਿਆਂਵਾਲਾ ਬਾਗ਼ ਦੇ ਬਾਹਰ ਹੀ ਸਥਾਪਤ ਕੀਤੇ ਸ਼ਹੀਦਾਂ ਦੇ ਬੁੱਤ 'ਤੇ ਮਾਰੇ ਗਏ ਲੋਕਾਂ ਦੀ ਗਿਣਤੀ 473 ਦੱਸੀ ਗਈ ਹੈ। ਇਥੋਂ ਦੀਆਂ ਕੁਝ ਹੋਰ ਜਥੇਬੰਦੀਆਂ ਵੱਲੋਂ ਵੀ ਮਾਰੇ ਗਏ ਲੋਕਾਂ ਦੀ ਗਿਣਤੀ ਵੱਖ ਵੱਖ ਦੱਸੀ ਜਾ ਰਹੀ ਹੈ। ਇਸ ਸਾਕੇ ਨੂੰ ਅਗਲੇ ਸਾਲ 2019 ਵਿੱਚ ਸੌ ਸਾਲ ਪੂਰੇ ਹੋ ਜਾਣਗੇ, ਪਰ ਨਮੋਸ਼ੀ ਵਾਲੀ ਗੱਲ ਹੈ ਕਿ ਦੇਸ਼ ਦੀ ਆਜਾਦੀ ਨਾਲ ਜੁੜੇ ਇਸ ਸਾਕੇ ਵਿੱਚ ਮਾਰੇ ਗਏ ਲੋਕਾਂ ਅਤੇ ਜ਼ਖ਼ਮੀ ਹੋਏ ਲੋਕਾਂ ਦੀ ਸੂਚੀ ਸੌ ਸਾਲਾਂ ਵਿੱਚ ਵੀ ਤਿਆਰ ਨਹੀਂ ਹੋ ਸਕੀ। ਜਲ੍ਹਿਆਂਵਾਲਾ ਬਾਗ਼ ਟਰਸੱਟ ਸਿੱਧੇ ਤੌਰ 'ਤੇ ਪ੍ਰਧਾਨ ਮੰਤਰੀ ਨਾਲ ਜੁੜਿਆ ਹੋਇਆ ਹੈ, ਜੋ ਕਿ ਟਰਸੱਟ ਦੇ ਮੁਖੀ ਹਨ, ਪਰ ਇਸ ਦੇ ਬਾਵਜੂਦ ਇਹ ਕੌਮੀ ਸਮਾਰਕ ਹਮੇਸ਼ਾ ਹੀ ਸਰਕਾਰਾਂ ਦੀ ਅਣਦੇਖੀ ਦਾ ਸ਼ਿਕਾਰ ਰਿਹਾ ਹੈ।

# ਖੇਤੀ ਸੰਕਟ ਦੀਆਂ ਪਰਤਾਂ, ਕਿਸਾਨ ਅਤੇ ਸਰਕਾਰ

ਸੁੱਚਾ ਸਿੰਘ ਗਿੱਲ (ਡਾ)

ਪੰਜਾਬ ਦਾ ਖੇਤੀ ਖੇਤਰ, ਪ੍ਰਤੀ ਝਾੜ ਅਤੇ ਪ੍ਰਤੀ ਏਕੜ ਆਮਦਨ ਪੱਖੋਂ ਮੁਲਕ ਦਾ ਸਭ ਤੋਂ ਵੱਧ ਵਿਕਸਤ ਸੂਬਾ ਹੈ ਪਰ ਹੁਣ ਇਹ ਘੋਰ ਸੰਕਟ ਦਾ ਸ਼ਿਕਾਰ ਹੈ ਅਤੇ ਇਸ ਦਾ ਹੱਲ ਨਜ਼ਰ ਨਹੀਂ ਆ ਰਿਹਾ। ਮੀਡੀਆ ਵਿਚ ਇਸ ਬਾਰੇ ਭਾਵੇਂ ਚਰਚਾ ਚੱਲਦੀ ਹੈ ਪਰ ਜ਼ਮੀਨੀ ਪੱਧਰ 'ਤੇ ਕੁਝ ਵਾਪਰ ਨਹੀਂ ਰਿਹਾ। ਚਰਚਾ ਵੀ ਮੁੱਖ ਤੌਰ 'ਤੇ ਆਰਥਿਕ ਪੱਖ ਬਾਰੇ ਹੀ ਹੈ। ਇਸ ਦੀਆਂ ਗੈਰ ਆਰਥਿਕ (ਸਮਾਜਿਕ, ਬੌਧਿਕ ਤੇ ਮਨੋਵਿਗਿਆਨਕ) ਪਰਤਾਂ ਬਾਰੇ ਗੱਲ ਘੱਟ ਹੀ ਹੋਈ ਹੈ।

ਇਸ ਸੰਕਟ ਦੇ ਆਰਥਿਕ ਪਹਿਲੂਆਂ ਵਿਚ ਖੇਤੀ ਦੇ ਲਾਹੇਵੰਦ ਨਾ ਰਹਿਣ ਅਤੇ ਕਿਸਾਨੀ ਸਿਰ ਕਰਜ਼ੇ ਦੀ ਪੰਡ ਬਾਰੇ ਗੱਲਬਾਤ ਅਕਸਰ ਚੱਲਦੀ ਹੈ। ਨੈਸ਼ਨਲ ਸੈਂਪਲ ਸਰਵੇ ਦੇ 59ਵੇਂ ਗੇੜ (2002-03) ਅਨੁਸਾਰ, ਪੰਜਾਬ ਦੇ 36.9 ਪ੍ਰਤੀਸ਼ਤ ਕਿਸਾਨਾਂ ਨੇ ਖੇਤੀ ਛੱਡ ਕੇ ਕੋਈ ਹੋਰ ਰੁਜ਼ਗਾਰ ਪ੍ਰਾਪਤ ਕਰਨ ਦੀ ਇੱਛਾ ਪ੍ਰਗਟਾਈ। ਇਸ ਦੇ ਦੋ ਮੁੱਖ ਕਾਰਨ ਦੱਸੇ ਗਏ। ਖੇਤੀ ਆਮਦਨ ਉਨ੍ਹਾਂ ਦੇ ਖਰਚੇ ਪੂਰਾ ਨਹੀਂ ਕਰਦੀ; ਦੂਜੇ, ਖੇਤੀ ਵਿਚ ਕੰਮ ਕਰਨ ਨਾਲ ਉਨ੍ਹਾਂ ਦਾ ਰੁਤਬਾ ਨੀਵਾਂ ਰਹਿੰਦਾ ਹੈ। 2002-03 ਤੋਂ ਬਾਅਦ ਇਹ ਸੰਕਟ ਹੋਰ ਗਹਿਰਾ ਹੋ ਗਿਆ। ਸੀਮਾਂਤ, ਛੋਟੇ ਕਿਸਾਨ ਦੇ ਨਾਲ ਹੇਠਲਾ ਮੱਧ ਵਰਗੀ (7.5 ਏਕੜ) ਕਿਸਾਨ ਵੀ ਇਸ ਦੀ ਮਾਰ ਹੇਠ ਆ ਗਿਆ। ਜਿਣਸਾਂ ਦੇ ਭਾਅ ਖੇਤੀ ਲਾਗਤਾਂ ਅਨੁਸਾਰ ਨਹੀਂ ਵਧੇ। ਖੇਤੀ ਦਾ ਹੋਰ ਮਸ਼ੀਨੀਕਰਨ ਹੋਣ ਨਾਲ ਖਰਚੇ ਹੋਰ ਵਧ ਗਏ। ਕਾਫੀ ਕਾਸ਼ਤਕਾਰ ਜ਼ਮੀਨ ਠੇਕੇ 'ਤੇ ਖੇਤੀ ਕਰਦੇ ਹਨ। ਇਹ ਠੇਕਾ 25 ਤੋਂ 55 ਹਜ਼ਾਰ ਰੁਪਏ ਪ੍ਰਤੀ ਏਕੜ (ਪਿਛਲੇ ਸਾਲ) ਰਿਕਾਰਡ ਕੀਤਾ ਗਿਆ। ਜੋ ਕਮਜ਼ੋਰ ਕਿਸਾਨ ਜ਼ਮੀਨ ਠੇਕੇ 'ਤੇ ਲੈ ਕੇ ਖੇਤੀ ਕਰਦੇ ਹਨ, ਉਹ ਫਸਲ ਖਰਾਬ ਹੋਣ ਨਾਲ ਕਰਜ਼ੇ ਦੇ ਸੰਕਟ ਵਿਚ ਫਸ ਜਾਂਦੇ ਹਨ। ਹੋਰ ਕਾਰਨਾਂ ਵਿਚ ਬੇਲੋੜੀ ਮਸ਼ੀਨਰੀ ਦੀ ਖਰੀਦ, ਬਿਮਾਰੀ, ਬੱਚਿਆਂ ਦੀ ਪੜ੍ਹਾਈ, ਐਕਸੀਡੈਂਟ, ਸਮਾਜਿਕ ਸਮਾਗਮ, ਮੁਕੱਦਮੇ ਆਦਿ ਹਨ। ਅਜੋਕੇ ਅਨੁਮਾਨਾਂ ਅਨੁਸਾਰ, ਪੰਜਾਬ ਦੀ ਕਿਸਾਨੀ ਸਿਰ ਇੱਕ ਲੱਖ ਕਰੋੜ ਦਾ ਕਰਜ਼ਾ ਹੈ ਜਿਸ ਵਿਚ 70-80,000 ਕਰੋੜ ਰੁਪਏ ਕਰਜ਼ਾ ਸਰਕਾਰੀ ਬੈਂਕਾਂ ਅਤੇ ਸੰਸਥਾਵਾਂ ਦਾ ਹੈ। ਇਹ ਬੋਝ ਗਰੀਬ ਕਿਸਾਨੀ ਅਤੇ ਖੇਤ ਮਜਦੂਰਾਂ ਦਾ ਲੱਕ ਤੋੜ ਰਿਹਾ ਹੈ। ਇਸ ਕਾਰਨ ਪਿਛਲੇ 15-16 ਸਾਲਾਂ ਵਿਚ 16606 ਤੋਂ ਵੱਧ ਕਿਸਾਨ ਅਤੇ ਖੇਤ ਮਜ਼ਦੂਰ ਆਤਮ ਹਤਿਆ ਕਰ ਚੁੱਕੇ ਹਨ। ਇਨ੍ਹਾਂ ਵਿਚ 61 ਪ੍ਰਤੀਸ਼ਤ ਆਤਮ ਹਤਿਆਵਾਂ ਕਿਸਾਨਾਂ ਅਤੇ 39 ਪ੍ਰਤੀਸ਼ਤ ਖੇਤ ਮਜ਼ਦੂਰਾਂ ਦੀਆਂ ਹਨ। ਕਿਸਾਨੀ ਦੀਆਂ ਆਤਮ ਹਤਿਆਵਾਂ ਵਿਚ 8 ਪ੍ਰਤੀਸ਼ਤ ਔਰਤਾਂ ਹਨ ਤੇ ਖੇਤ ਮਜ਼ਦੂਰਾਂ ਵਿਚ ਔਰਤਾਂ ਦਾ ਪ੍ਰਤੀਸ਼ਤ 12 ਹੈ। ਇਹ ਆਤਮ ਹਤਿਆਵਾਂ ਖੇਤੀ ਵਿਚ ਘੋਰ ਸੰਕਟ ਦੇ ਪ੍ਰਤੀਕ ਹਨ।

ਇਸ ਸੰਕਟ ਕਾਰਨ ਕਾਫੀ ਗਿਣਤੀ ਵਿਚ ਕਿਸਾਨ ਅਤੇ ਖੇਤ ਮਜ਼ਦੂਰ ਖੇਤੀ ਵਿਚੋਂ ਬਾਹਰ ਹੋ ਰਹੇ ਹਨ। 2001 ਅਤੇ 2011 ਦੇ ਜਨਗਣਨਾ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਕਿੰਨੀ ਵੱਡੀ ਪੱਧਰ 'ਤੇ ਖੇਤੀ ਵਿਚ ਕੰਮ ਕਰਦੇ ਲੋਕਾਂ ਦੀ ਉਪਜੀਵਕਾ ਉਪਰ ਇਸ ਸੰਕਟ ਦਾ ਅਸਰ ਪਿਆ ਹੈ। ਇਨ੍ਹਾਂ ਅੰਕੜਿਆਂ ਅਨੁਸਾਰ, 2001 ਦੇ ਮੁਕਾਬਲੇ 2011 ਵਿਚ ਕਾਸ਼ਤਕਾਰਾਂ ਦੀ ਸੰਖਿਆ 20.65 ਲਖ ਤੋਂ ਘਟ ਕੇ 18.04 ਰਹਿ ਗਈ ਅਤੇ ਖੇਤ ਮਜ਼ਦੂਰਾਂ ਦੀ ਸੰਖਿਆ 14.90 ਲਖ ਤੋਂ ਘਟ ਕੇ 11.68 ਰਹਿ ਗਈ। ਇਸ ਦਾ ਅਰਥ ਹੈ ਕਿ ਕਾਸ਼ਤਕਾਰਾਂ ਦੀ ਗਿਣਤੀ 2.61 ਲੱਖ (12.7%) ਅਤੇ ਖੇਤ ਮਜ਼ਦੂਰਾਂ ਦੀ ਗਿਣਤੀ 3.22 (21.6%) ਘਟ ਗਈ। ਇਸ ਨਾਲ ਖੇਤੀ ਉਪਰ ਨਿਰਭਰ ਕਾਮਿਆਂ (ਖੇਤ ਮਜ਼ਦੂਰਾਂ ਅਤੇ ਕਾਸ਼ਤਕਾਰਾਂ) ਦੀ ਗਿਣਤੀ 7.69 ਲੱਖ ਘਟ ਗਈ। ਇਹ ਖੇਤੀ ਉਪਰ ਕੁਲ ਨਿਰਭਰ ਵਿਅਕਤੀਆਂ ਦਾ 8.4 ਪ੍ਰਤੀਸ਼ਤ ਬਣਦਾ ਹੈ। ਇਸ ਮੁਤਾਬਿਕ ਹਰ ਸਾਲ 76,900 (0.8%) ਖੇਤੀ 'ਤੇ ਨਿਰਭਰ ਬੰਦੇ ਖੇਤੀ ਤੋਂ ਬਾਹਰ ਹੋ ਰਹੇ ਹਨ। ਇਹ ਉਸ ਸਮੇਂ ਹੋ ਰਿਹਾ ਹੈ ਜਦੋਂ ਮੁਲਕ ਵਿਚ ਆਰਥਿਕ ਵਿਕਾਸ, ਰੁਜ਼ਗਾਰ ਪੈਦਾ ਨਹੀਂ ਕਰ ਰਿਹਾ। ਇਸ ਨਾਲ ਖੇਤੀ ਵਿਚੋਂ ਬਾਹਰ ਹੋ ਰਹੇ ਲੋਕਾਂ ਦਾ ਜੀਵਨ ਪੱਧਰ ਹੇਠਾਂ ਜਾ ਰਿਹਾ ਹੈ ਕਿਉਂਕਿ ਉਨ੍ਹਾਂ ਨੂੰ ਖੇਤੀ ਤੋਂ ਬਾਹਰ ਵੀ ਰੁਜ਼ਗਾਰ ਨਹੀਂ ਮਿਲ ਰਿਹਾ। ਖੇਤੀ ਤੋਂ ਬਾਹਰ ਹੋ ਰਹੇ ਵਿਅਕਤੀਆਂ, ਖਾਸ ਕਰ ਕੇ ਗਰੀਬ ਸੰਕਟ ਗ੍ਰਸਤ ਕਿਸਾਨੀ ਅਤੇ ਖੇਤ ਮਜ਼ਦੂਰ ਅਨਪੜ੍ਹ ਜਾਂ ਅੱਧ-ਪੜ੍ਹ ਹੋਣ ਕਾਰਨ ਉਨ੍ਹਾਂ ਪਾਸ ਨਵੇਂ ਰੁਜ਼ਗਾਰ ਸਬੰਧੀ ਕੋਈ ਵਿਦਿਆḲਸਿਖਲਾਈ ਨਹੀਂ ਹੈ। ਇਸ ਕਰ ਕੇ ਜੋ ਥੋੜ੍ਹੇ ਬਹੁਤ ਰੁਜ਼ਗਾਰ ਦੇ ਮੌਕੇ ਪੈਦਾ ਹੋ ਰਹੇ ਹਨ, ਇਹ ਲੋਕ ਉਸ ਦਾ ਫਾਇਦਾ ਨਹੀਂ ਉਠਾ ਸਕਦੇ। ਇਨ੍ਹਾਂ ਲੋਕਾਂ ਉਪਰ ਖੇਤੀ ਸੰਕਟ ਦੀ ਦੋਹਰੀ ਮਾਰ ਪੈ ਰਹੀ ਹੈ। ਇਸ ਬਾਰੇ ਚਰਚਾ ਘਟ ਹੋ ਰਹੀ ਹੈ। ਇਨ੍ਹਾਂ ਦੀ ਉਪਜੀਵਕਾ ਦੇ ਬਦਲਵੇਂ ਇੰਤਜ਼ਾਮ ਦੀ ਗੱਲ ਘੱਟ ਹੋ ਰਹੀ ਹੈ।

ਕਿਸਾਨ ਕਰਜ਼ੇ ਅਤੇ ਆਤਮ ਹਤਿਆਵਾਂ ਦੀ ਚਰਚਾ ਕਰਦਿਆਂ ਇਹ ਗੱਲ ਛੱਡ ਦਿੱਤੀ ਜਾਂਦੀ ਹੈ ਕਿ 16606 ਪਰਿਵਾਰਾਂ ਅਤੇ ਪਿਛੇ ਰਹਿ ਗਏ 80-90,000 ਪਰਿਵਾਰਾਂ ਦੇ ਮੈਂਬਰਾਂ ਨਾਲ ਕੀ ਵਾਪਰ ਰਿਹਾ ਹੈ। ਬੱਚੇ ਸਕੂਲਾਂ ਤੋਂ ਬਾਹਰ ਹੋ ਕੇ ਬਾਲ ਮਜ਼ਦੂਰੀ ਵਲ ਧੱਕੇ ਜਾ ਰਹੇ ਹਨ। ਪਰਿਵਾਰ ਦੇ ਬਿਮਾਰ ਮੈਂਬਰਾਂ ਦੇ ਇਲਾਜ ਦਾ ਕੋਈ ਪ੍ਰਬੰਧ ਨਹੀਂ। ਇਸ ਦੁਖਾਂਤ ਦਾ ਵੱਡਾ ਬੋਝ ਅਤੇ ਪਰਿਵਾਰਾਂ ਦੀ ਜ਼ਿੰਮੇਵਾਰੀ ਗਰੀਬ ਅਤੇ ਬੇਰੁਜ਼ਗਾਰ ਔਰਤਾਂ 'ਤੇ ਪੈ ਰਹੀ ਹੈ। ਉਨ੍ਹਾਂ ਦੀ ਸਹਾਇਤਾ ਅਤੇ ਮੁੜ ਵਸੇਬੇ ਦਾ ਬੋਝ ਨਾ ਸਮਾਜ ਅਤੇ ਨਾ ਹੀ ਸਰਕਾਰ ਉਠਾਉਣ ਨੂੰ ਤਿਆਰ ਹੈ।

1965-66 ਤੋਂ ਬਾਅਦ ਅਪਣਾਏ ਹਰੇ ਇਨਕਲਾਬ ਦੇ ਮਾਡਲ ਨੇ ਲੋਕਾਂ ਵਿਚ ਵਿਅਕਤੀਗਤ ਭਾਵਨਾ ਅਤੇ ਮੰਡੀ ਦੀਆਂ ਤਾਕਤਾਂ ਨੂੰ ਇਸ ਹੱਦ ਤੱਕ ਮਜ਼ਬੂਤ ਕਰ ਦਿਤਾ ਹੈ ਕਿ ਪੇਂਡੂ ਸਮਾਜ ਵਿਚ ਭਾਈਚਾਰਾ ਤਕਰੀਬਨ ਖਤਮ ਹੋ ਗਿਆ ਹੈ। ਬੰਦਾ ਰਲ-ਮਿਲ ਕੇ ਕੰਮ ਕਰਨ ਦੀ ਬਜਾਏ ਇਕੱਲਾ ਕੰਮ ਕਰਨਾ ਚਾਹੁੰਦਾ ਹੈ। ਸੰਕਟ ਸਮੇਂ ਗੁਆਂਢੀ ਦੀ ਮਦਦ ਕਰਨ ਦੀ ਬਜਾਏ ਉਸ ਦੀ ਮਜਬੂਰੀ ਦਾ ਫਾਇਦਾ ਉਠਾ ਕੇ ਉਸ ਦੇ ਸਾਧਨਾਂḲਜ਼ਮੀਨ 'ਤੇ ਕਬਜ਼ਾ ਕਰਨ ਦੀ ਪ੍ਰਵਿਰਤੀ ਭਾਰੂ ਹੋ ਗਈ ਹੈ। ਕਿਸਾਨ ਸਾਂਝੇ ਟਿਊਬਵੈੱਲ, ਸਾਂਝੇ ਟਰੈਕਟਰ ਅਤੇ ਖੇਤੀ ਮਸ਼ੀਨਾਂḲਸੰਦ ਖਰੀਦਣ ਦੀ ਬਜਾਏ ਵੱਖਰੇ ਵੱਖਰੇ, ਆਪਣੇ ਸੰਦ ਖਰੀਦਦੇ ਹਨ। ਸਹਿਕਾਰੀ ਕਰਜ਼ਾ ਸੁਸਾਇਟੀਆਂ, ਸਹਿਕਾਰੀ ਮੰਡੀ ਸੰਸਥਾਵਾਂ ਹੇਰਾਫੇਰੀਆਂ ਦੀਆਂ ਸ਼ਿਕਾਰ ਹੋ ਗਈਆਂ ਹਨ। ਕਿਹਾ ਜਾ ਰਿਹਾ ਹੈ ਕਿ ਸਹਿਕਾਰੀ ਲਹਿਰ ਜਾਂ ਸਾਂਝੀ ਖੇਤੀ ਜਾਂ ਗਰੁੱਪ ਸਰਗਰਮੀ ਸੰਭਵ ਨਹੀਂ। ਇਸ ਕਰ ਕੇ ਮੁਲਕ ਦੇ ਹੋਰ ਇਲਾਕਿਆਂ ਜਿਵੇਂ ਮੱਧ ਪ੍ਰਦੇਸ਼, ਗੁਜਰਾਤ, ਮਹਾਰਾਸ਼ਟਰ, ਕੇਰਲ, ਕਰਨਾਟਕਾ, ਆਂਧਰਾ ਪ੍ਰਦੇਸ਼ ਵਿਚ ਕਿਸਾਨਾਂ ਦੇ ਸਮੂਹ (ਸਹਿਕਾਰੀ ਸੰਗਠਨ, ਕਿਸਾਨਾਂ ਦੇ ਉਤਪਾਦਨ ਸੰਗਠਨ, ਗਰੁੱਪ ਖੇਤੀ) ਬਾਰੇ ਪੰਜਾਬ ਨੂੰ ਕੋਈ ਖਾਸ ਤਜਰਬਾ ਪਿਛਲੇ 25-30 ਸਾਲਾਂ ਤੋਂ ਨਹੀਂ ਹੋ ਰਿਹਾ। ਖੇਤੀ ਮਾਡਲ ਨੇ ਪੰਜਾਬ ਦੀ ਜ਼ਮੀਨ ਖਰਾਬ ਕਰ ਦਿੱਤੀ ਹੈ। ਜ਼ਮੀਨ ਹੇਠਲਾਂ ਪਾਣੀ ਕਾਫੀ ਹੱਦ ਤੱਕ ਮੁਕਾ ਦਿੱਤਾ ਹੈ, ਕਣਕ ਝੋਨੇ 'ਤੇ ਆਧਾਰਿਤ ਸੂਬੇ ਦੇ ਫਸਲੀ ਚੱਕਰ ਦੀ ਕੌਮੀ ਪਧਰ 'ਤੇ ਲੋੜ ਖਤਮ ਹੋ ਗਈ ਹੈ ਅਤੇ ਜਲਵਾਯੂ ਦੇ ਬਦਲਾਓ ਕਾਰਨ ਤੇ ਮੰਡੀ ਦੇ ਵਧ ਰਹੇ ਜੋਖ਼ਿਮ ਕਾਰਨ ਖੇਤੀ ਵਿਚ ਅਨਿਸਚਿਤਤਾ ਕਾਫੀ ਵਧ ਗਈ। ਇਸ ਸੰਕਟ ਦੀ ਇਕ ਪਰਤ ਪੰਜਾਬੀ ਸਮਾਜ ਦੀ ਬੌਧਿਕ ਘਾਟ ਵਿਚੋਂ ਵੀ ਨਿਕਲਦੀ ਹੈ। ਕਿਸਾਨੀ, ਕਿਸਾਨ ਜਥੇਬੰਦੀਆਂ ਅਤੇ ਪੰਜਾਬ ਦੀਆਂ ਸਮੇਂ ਦੀਆਂ ਸਰਕਾਰਾਂ ਇਸ ਦੀ ਮਿਸਾਲ ਹਨ। ਕਿਸਾਨ ਇਕ ਦੂਜੇ ਨਾਲ ਰਲ ਕੇ ਕੰਮ ਕਰਨ ਨੂੰ ਤਿਆਰ ਨਹੀਂ ਹਨ, ਕਿਸਾਨ ਜਥੇਬੰਦੀਆਂ ਇਕ ਦੂਜੇ ਨਾਲ ਰਲ ਕੇ ਸੰਕਟ ਦਾ ਹੱਲ ਲੱਭਣ ਲਈ ਤਿਆਰ ਨਹੀਂ। ਉਹ ਸਿਰਫ ਦੋ ਮੁੱਦਿਆਂ ਜਿਵੇਂ ਜਿਣਸਾਂ ਦਾ ਭਾਅ ਅਤੇ ਕਰਜ਼ੇ ਤੋਂ ਬਗੈਰ ਹੋਰ ਕੋਈ ਮੁੱਦਾ ਬਹਿਸ ਵਿਚ ਲਿਆਉਣ ਨੂੰ ਤਿਆਰ ਨਹੀਂ।

ਉਹ ਸੰਘਰਸ਼ ਦਾ ਮੁੱਦਾ ਚੁੱਕ ਸਕਦੀਆਂ ਹਨ ਪਰ ਨਿਰਮਾਣ ਦੇ ਮੁੱਦੇ ਬਾਰੇ ਸੋਚਣ ਨੂੰ ਤਿਆਰ ਨਹੀਂ ਹਨ। ਇਹੋ ਗੱਲ ਸਰਕਾਰਾਂ ਦੀ ਹੈ। ਸੂਬੇ ਦੀਆਂ ਸਰਕਾਰਾਂ ਫਸਲੀ ਵੰਨ-ਸੁਵੰਨਤਾ ਦੀ ਗੱਲ ਪਿਛਲੇ 30 ਸਾਲਾਂ ਤੋਂ ਵੱਧ ਸਮੇਂ ਤੋਂ ਕਰ ਰਹੀਆਂ ਹਨ ਪਰ ਨਵੀਆਂ ਫਸਲਾਂ ਵਾਸਤੇ ਘੱਟੋ-ਘੱਟ ਮੁੱਲ ਤੈਅ ਕਰਨ, ਨਵੀਆਂ ਫਸਲਾਂ ਦੇ ਖਰੀਦ ਦੇ ਪ੍ਰਬੰਧ, ਉਨ੍ਹਾਂ ਵਾਸਤੇ ਗੁਦਾਮ ਬਣਾਉਣ ਜਾਂ ਉਨ੍ਹਾਂ ਦੀ ਪ੍ਰੋਸੈਸਿੰਗ ਕਰਨ ਦਾ ਕੋਈ ਕੰਮ ਕਰਨ ਨੂੰ ਤਿਆਰ ਨਹੀਂ। ਸਰਕਾਰ ਇਕ ਪਾਸੇ ਝੋਨਾ ਸੂਬੇ ਵਿਚੋਂ ਰਿਟਾਇਰ ਕਰਨਾ ਚਾਹੁੰਦੀ ਹੈ ਪਰ ਇਸ ਵਾਸਤੇ ਮੁਫਤ ਬਿਜਲੀ ਉਪਰ ਮੁੜ ਵਿਚਾਰ ਕਰਨ ਨੂੰ ਤਿਆਰ ਨਹੀਂ। ਮੁੱਖ ਸਿਆਸੀ ਪਾਰਟੀਆਂ ਕੋਲ ਖੇਤੀ ਸੰਕਟ ਅਤੇ ਕਿਸਾਨੀ ਦੀਆਂ ਸਮੱਸਿਆਵਾਂ ਦੇ ਹੱਲ ਵਾਸਤੇ ਕੋਈ ਪ੍ਰੋਗਰਾਮ ਨਹੀਂ। ਸੂਬੇ ਵਿਚ ਇਸ ਸਮੇਂ ਕੋਈ ਠੋਸ ਖੇਤੀ ਨੀਤੀ ਨਹੀਂ, ਕੋਈ ਪਾਣੀ ਨੀਤੀ ਅਤੇ ਨਾ ਹੀ ਕੋਈ ਫਸਲ ਬੀਮਾ ਯੋਜਨਾ ਹੈ।

ਸਾਰਾ ਕੁਝ ਡੰਗ ਟਪਾਊ ਹੈ। ਪੇਂਡੂ ਸਮਾਜ ਖਾਸ ਕਰ ਕੇ ਕਿਸਾਨ ਅਤੇ ਖੇਤ ਮਜ਼ਦੂਰ ਮਨੋਵਿਗਿਆਨਕ ਤੌਰ 'ਤੇ ਅੱਜ ਜਿੰਨੇ ਹਾਰੇ ਹੋਏ ਨਜ਼ਰ ਆਉਂਦੇ ਹਨ, ਉਹ ਕਦੀ ਵੀ ਇਸ ਤਰ੍ਹਾਂ ਨਹੀਂ ਸਨ। ਇਨ੍ਹਾਂ ਦੀ ਬਹਾਦਰੀ ਅਤੇ ਚੜ੍ਹਦੀ ਕਲਾ ਦੇ ਕਿੱਸੇ ਇਤਿਹਾਸ ਬਣ ਕੇ ਰਹਿ ਗਏ ਹਨ। ਕਾਫੀ ਗਿਣਤੀ ਵਿਚ ਪੰਜਾਬੀ ਕੈਨੇਡਾ, ਆਸਟਰੇਲੀਆ, ਨਿਊਜ਼ੀਲੈਂਡ ਅਤੇ ਹੋਰ ਮੁਲਕਾਂ ਨੂੰ ਜਾ ਰਹੇ। ਇਕ ਅਨੁਮਾਨ ਅਨੁਸਾਰ 11 ਫੀਸਦ ਪੇਂਡੂ ਪਰਿਵਾਰਾਂ ਦੇ ਇਕ ਜਾਂ ਦੋ ਮੈਂਬਰ ਵਿਦੇਸ਼ਾਂ ਵਿਚ ਹਨ ਪਰ ਹਾਲਾਤ ਵਿੱਚੋਂ ਬਾਹਰ ਨਿਕਲਣ ਵਾਸਤੇ ਕੋਈ ਸਮੂਹਿਕ ਹੱਲ ਖੋਜਣ ਦੀ ਕੋਸ਼ਿਸ ਨਹੀਂ ਕਰ ਰਹੇ। ਇਤਿਹਾਸ ਗਵਾਹ ਹੈ ਕਿ ਪੇਂਡੂ ਖੇਤਰਾਂ ਵਿਚ ਕਿਸਾਨ ਅਤੇ ਮਜ਼ਦੂਰ ਬਹੁਤ ਮੁਸ਼ਕਿਲ ਹਾਲਾਤ ਵਿੱਚੋਂ ਗੁਜ਼ਰੇ ਪਰ ਉਨ੍ਹਾਂ ਆਤਮ ਹਤਿਆਵਾਂ ਦਾ ਰਸਤਾ ਅਖਤਿਆਰ ਨਹੀਂ ਕੀਤਾ। ਮੌਜੂਦਾ ਹਾਲਾਤ ਵੱਖਰੀ ਮਨੋਵਿਗਿਆਨਕ ਅਵਸਥਾ ਦਰਸਾਅ ਰਹੇ ਹਨ।

ਇਸ ਵਿਚੋਂ ਨਿਕਲਣ ਵਾਸਤੇ ਬੌਧਿਕ ਮਨੋਵਿਗਿਆਨਕ, ਆਰਥਿਕ ਅਤੇ ਸਿਆਸੀ ਨਵੇਂ ਰਸਤਿਆਂ ਵਾਸਤੇ ਸੰਘਰਸ਼ ਕਰਨੇ ਪੈਣਗੇ।ਪੰਜਾਬ ਦਾ ਖੇਤੀ ਸੰਕਟ ਅਤੇ ਕਿਸਾਨੀ ਦੀਆਂ ਸਮੱਸਿਆਵਾਂ ਖਾਸ ਕਿਸਮ ਦੇ ਆਰਥਿਕ ਸਮਾਜਿਕ ਤਬਦੀਲੀ ਦੇ ਮਾਡਲ ਦੀ ਉਪਜ ਹਨ। ਇਨ੍ਹਾਂ ਦਾ ਹੱਲ ਲੱਭਿਆ ਜਾ ਸਕਦਾ ਹੈ।


VRV PRODUCTION PRESENTS
OMJEE GROUP
"ਜਦ ਸ਼ੱਕ ਉਗਾਹੀ ਜਜ਼ਬਾਤਾਂ ਨੇ
ਤਾਂ ਪੱਥਰ ਪਿਘਲੇ ਦੇਖੇ ਨੇ_"
A KAVI RAZ FILM
Kande
ਕੰਡੇ
IN CINEMAS
11TH MAY 2018
LOKDHUN
INTRODUCING PREET BAATH & KAMAL VIRK
CAST YOGRAJ SINGH, SUNITA DHIR, B.N SHARMA, BAAZ, JOBANPREET SINGH, JEET RUDKA
PRODUCER RAKESH SHARMA EXECUTIVE-PRODUCER JEET RUDKA CO-PRODUCER AMARDEEP SINGH KOONER, VISHAL SHARMA, GAURAV SHARMA, AKASH DHAWAN, GAURAV SHARMA(MONTU) STORY, SCREENPLAY, DIALOGUE, LYRICS BAAZ
D.O.P ANNIL DHANDA MUSIC GURMEET SINGH CHOREOGRAPHER SUNIL THAKUR COSTUME DESIGNER SONJEET KAUR ART DIRECTION SONU GAZIPURI ACTION SINGH IS KING BACKGROUND SCORE SANDEEP SAXENA
EDITOR ROHIT DHIMAN VISUAL PROMOTION HASHTAG#STUDIOS SOUND RECORDIST RAJINDER PANWAR POST PRODUCTION PIXEL D STUDIO SOUND MIXING JOE RODRIGUES PUBLICITY DESIGN KULDEEP CHOUHAN
WORLDWIDE DISTRIBUTION BY OMJEE GROUP